ਕਈ ਤਰਾਂ ਦੇ ਮਾਡਲਜ਼ ਇਹ ਹਨ : *can, could, may, might, shall, should, will,* and *would* ਇਹਨਾਂ ਦੇ ਕਈ ਤਰਾਂ ਦੇ ਉਪਯੋਗ ਹਨ:

- Asking for permission (ਅਗਿਆ ਲੈਣ ਲਈ ਪੁੱਛਣਾ): **May** I come in? **Can/Could** I use your pen? **Can** I go?
- Making a request (ਇੱਕ ਬੇਨਤੀ ਕਰਨਾ ): **Can/Could** you pass me the book? **Will** you be my partner?
- Expressing obligation ():You **should** do the work yourself. I shall **be** responsible for your safety.
- Expressing determination (ਇਰਾਦਾ/ਦ੍ਰਿੜਤਾ ਦੱਸਣ ਲਈ): I **will** finish the project, come what may.
- Expressing ability (ਯੋਗਤਾ ਪ੍ਰਗਟ ਕਰਨ ਲਈ) : I **can** solve the riddle. We **could** jump over the bench when we were kids.
- Expressing probability (ਸੰਭਾਵਨਾ ਪ੍ਰਗਟ ਕਰਨ ਲਈ) : I **can** solve the riddle. We **could** jump over the bench when we were kids.
- Expressing willingness (ਇੱਛਾ ਪ੍ਰਗਟ ਕਰਨ ਲਈ ) : I **will** meet you tomorrow

### ਅਭਿਆਸ

"Job Vacancy" ਦੇ ਵਿੱਚ ਗੁੰਝਲਦਾਰ ਗੱਲਬਾਤ ਨੂੰ ਪੜ੍ਹੋ। ਟੇਢੇ (italic) ਵਾਕਾਂ ਦੇ ਵਿਚ ਗੰਝਲਦਾਰ (jumbled) ਸ਼ਬਦ ਹਨ।

ਅਰਥਪੂਰਨ ਵਾਕ ਬਣਾਉਣ ਲਈ ਤੁਹਾਨੂੰ ਇਹਨਾਂ ਸ਼ਬਦਾਂ ਨੂੰ ਦੁਬਾਰਾ ਤਰਤੀਬ ਦੇ ਵਿੱਚ ਲਾਉਣ ਦੀ ਲੋੜ ਹੈ।

A: Hello!

B: Hello! *JobBazaar this Consultancy is*? ______________________________

A: Yes. What can I do for you?

B: *Your in Sunday's I Times of India saw issue advertisement.*

_________________________________________.

A: Okay

B: *Is wanted to if find out I a vacancy job there.*

________________________________________________________.

A: Could you tell me what kind of a job you are looking for?

B: I am a high-school English teacher.

*Looking for am I for a vacancy job same the post.*

________________________________________________________.

A: Okay. You would have to consult our agent for jobs in education.

B: *do that I do how*?

________________________________________________________.

A: You would have to come to our office with your resume.

*An appointment you like would now to make?*

________________________________________________________.

B: Sure.

A: Okay. Monday at 11 a.m.

B: Okay. I will be there. Thanks a lot!

## ਮੁਲਾਂਕਣ (ASSESSMENT )

**ਦਿੱਤੇ ਗਏ ਟੇਬਲ ਵਿੱਚੋਂ ਸਹੀ ਸ਼ਬਦਾਂ ਦੀ ਵਰਤੋਂ ਕਰਕੇ ਖਾਲੀ ਥਾਵਾਂ ਭਰੋ।**

**might, ought, have to, can, shall, may, should, could, would, will.**

**Kavita**: Hello, this is Cure Pharmaceuticals. How _______ I help you?

**Gargi**: Hi Kavita. This is Gargi here._______ I speak to anyone from the HR department?

**Kavita**: Of course, _______ I connect you to the HR manager?

**Gargi**: That _______ be great. Thanks a lot.

**Kavita**: Please hold on for a minute.

**Nilesh**: Nilesh speaking.

**Gargi**: Hi Nilesh, This is Gargi speaking. _______ you tell me if you have any vacancy in your company?

**Nilesh**: We are a large company Gargi, which department _______ you be interested in?

**Gargi**: That _______ be the HR department itself, as I have an MBA in HR from Amity.

**Nilesh**: MBA in HR from Amity? That _______ to be useful…let me have a look…You're in luck. _______ you come down here tomorrow for an interview?

**Gargi**: That _______ be a problem._______ I come in day after?

**Nilesh**: Let me see…that _______ be possible. Can you come by 9 am?

**Gargi**: Yes that's fine. I _______ be there by 9. Thanks a lot.

## ਸੈਸ਼ਨ 18: ਬਾਇਓਡਾਟਾ ਲਿਖਣਾ (Writing a Resume)

### ਸਬੰਧਤ ਜਾਣਕਾਰੀ

ਬਾਇਓਡਾਟਾ ਕੀ ਹੈ ਅਤੇ ਇਸ ਨੂੰ ਲਿਖਣ ਲਈ ਸਮਾਂ ਕਿਉਂ ਲਗਾਉਣਾ ਚਾਹੀਦਾ ਹੈ ? ਨੌਕਰੀ ਦੇ ਲਈ ਅਪਲਾਈ ਕਰਨ ਦੇ ਪ੍ਰੋਸੈੱਸ ਵਿੱਚ ਬਾਇਓਡਾਟਾ ਲਿਖਣਾ ਅਹਿਮ ਭਾਗ (crucial part) ਹੈ।ਜੇਕਰ ਤੁਸੀ ਆਪਣੀ ਜੋਬ ਐਪਲੀਕੇਸ਼ਨ ਦੇ ਵਿੱਚ ਬਿਨਾ ਸੋਚੇ ਬਹੁਤ ਕੁਝ ਲਿਖ ਦਿੰਦੇ ਹੋ ਤਾਂ ਇਹ ਤੁਹਾਡੇ ਨੌਕਰੀ ਲੱਭਣ ਦੇ ਮੌਕੇ ਨੂੰ ਖਤਮ ਕਰ ਸਕਦਾ ਹੈ।ਮੌਜੂਦਾ ਆਰਥਿਕ ਹਾਲਾਤ ਨੂੰ ਵੇਖਦੇ ਹੋਏ, ਲੱਗਭਗ ਬਹੁਤ ਸਾਰੀ ਇੰਡਸਟਰੀ ਦੇ ਵਿੱਚ ਅੰਤਾਂ ਦਾ ਮੁਕਾਬਲਾ ਹੈ ਇਸ ਲਈ ਆਪਣਾ ਬਾਇਓਡਾਟਾ ਲਿਖਣ ਲਈ ਸਮਾਂ ਲਗਾਉਣਾ ,ਬਾਕੀਆਂ ਨਾਲੋਂ ਅਲੱਗ ਦਿਖਣ ਲਈ ਬਹੁਤ ਕੀਮਤੀ ਹੈ।
ਬਾਇਓਡਾਟਾ ਜਿਸ ਨੂੰ ਕਿ ਕਈ ਵਾਰੀ ਕਰੀਕੁਲਮ ਵਾਈਟੇ (‘Curriculum Vitae) ਜਾਂ ਸੀ.ਵੀ. (CV) ਵੀ ਕਿਹਾ ਜਾਂਦਾ ਹੈ, ਤੁਹਾਡੀ ਮੁਹਾਰਤ (ਸਕਿੱਲ),ਪੜਾਈ ਅਤੇ ਕੰਮ ਦੇ ਤਜਰਬੇ ਦੀ ਸੰਖੇਪ ਜਾਣਕਾਰੀ ਹੁੰਦਾ ਹੈ।ਇੱਕ ਚੰਗਾ ਬਾਇਓਡਾਟਾ ਇਹ ਦਰਸਾਉਂਦਾ ਹੈ ਕਿ ਕਿਵੇਂ ਤੁਹਾਡੀ ਮੁਹਾਰਤ(ਸਕਿਲ) ਅਤੇ ਯੋਗਤਾ ਇੱਕ ਨੌਕਰੀ ਦੀ ਜਰੂਰਤ ਨੂੰ ਪੂਰਾ ਕਰਨ ਦੇ ਨਾਲ ਮੇਲ ਖਾਂਦੀ ਹੈ।

**ਇਥੇ ਕੁਝ ਕਾਰਣ ਦਿੱਤੇ ਗਏ ਹਨ ਕਿ ਇੱਕ ਚੰਗਾ ਬਾਇਓਡਾਟਾ ਲਿਖਣਾ ਕਿਉਂ ਮਹੱਤਵਪੂਰਣ ਹੈ:**

ਇਹ ਤੁਹਾਨੂੰ ਉਤਸ਼ਾਹਿਤ (promotes) ਕਰਦਾ ਹੈ । ਇੱਕ ਬਾਇਓਡਾਟਾ ਆਪਣੀ ਤਰੱਕੀ (ਪਰਮੋਸ਼ਨ) ਆਪ ਕਰਨ ਦਾ ਡਾਕੂਮੈਂਟ ਹੈ ਜੋ ਕਿ ਤੁਹਾਨੂੰ ਇੰਟਰਵਿਯੂ ਦੇ ਵਿੱਚ ਸਭ ਤੋਂ ਮਹੱਤਵਪੂਰਣ ਚੁਣੇ ਜਾਣ ਦੇ ਮਕਸਦ ਲਈ ਪੇਸ਼ ਕਰਦਾ ਹੈ।

ਇੱਕ ਚੰਗਾ ਬਾਇਓਡਾਟਾ ਤੁਹਾਡੇ ਕਵਰ ਲੈਟਰ ਨੂੰ ਲਿਖਣ ਅਤੇ ਤੁਹਾਡੀ ਸਾਰੀ ਹੀ ਐਪਲੀਕੇਸ਼ਨ ਨੂੰ ਮਜ਼ਬੂਤ ਵਧੀਆ ਬਣਾਉਣ ਲਈ ਇਕ ਕੰਪਲੀਮੈਂਟ (compliment) ਹੋਵੇਗਾ ।

ਤੁਸੀ ਆਪਣੀ ਸੁਪਨਿਆਂ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ ।ਆਪਣੇ ਬਾਇਓਡਾਟੇ ਨੂੰ ਪੂਰਨ ਬਣਾਉਣ ਲਈ ਉਸ ਉਤੇ ਸਮਾਂ ਬਿਤਾ ਕੇ ਤੁਹਾਨੂੰ ਆਪਣੇ ਸੁਪਨਿਆਂ ਦੀ ਨੌਕਰੀ ਪ੍ਰਾਪਤ ਕਰਨ ਵਿੱਚ ਇੱਕ ਵਧੀਆਂ ਮੌਕਾ ਮਿਲਦਾ ਹੈ, ਖਾਸ ਤੌਰ ਤੇ ਉਦੋਂ ਜਦੋਂ ਤੁਸੀ ਆਪਣਾ ਸਾਰ ਸਬੰਧਤ ਤਜਰਬਾ ਸ਼ਾਮਿਲ ਕਰਦੇ ਹੋ ।

ਇੱਕ ਵਧੀਆ ਬਾਇਓਡਾਟੇ ਦੇ ਨਾਲ ਨੈਟਵਰਕਿੰਗ ਨੂੰ ਵਧਾਇਆ ਜਾ ਸਕਦਾ ਹੈ।ਜੇਕਰ ਤੁਹਾਡਾ ਬਾਇਓਡਾਟਾ ਤੁਹਾਨੂੰ ਬਾਕੀਆਂ ਨਾਲੋਂ ਅਲੱਗ ਦਿਖਾਉਂਦਾ ਹੈ ਤਾਂ ਨੌਕਰੀ ਦੇਣ ਵਾਲਾ ਆਪਣੀ ਇੰਡਸਟਰੀ ਦੇ ਵਿੱਚ ਦੂਜੇ ਲੋਕਾਂ ਨਾਲ ਤੁਹਾਡੇ ਬਾਰੇ ਗੱਲ ਕਰਨਾ ਜਿਆਦਾ ਪਸੰਦ ਕਰਦਾ ਹੈ।

ਇਹ ਰੈਫਰਲ ਜੋਬ ਐਪਲੀਕੇਸ਼ਨਜ਼ ਨੂੰ ਖੋਲਦਾ ਹੈ । ਜੇਕਰ ਇੱਕ ਨੌਕਰੀ ਦੇਣ ਵਾਲਾ ਤੁਹਾਡੇ ਬਾਇਓਡਾਟੇ ਨੂੰ ਪਸੰਦ ਕਰਦਾ ਹੈ, ਪਰ ਉਸ ਕੋਲ ਤੁਹਾਡੇ ਲਈ ਕੋਈ ਢੁੱਕਵੀ ਨੌਕਰੀ ਲਈ ਥਾਂ ਨਹੀਂ ਹੈ ਤਾਂ ਉਹ ਤੁਹਾਨੂੰ ਦੁਬਾਰਾ ਜੋਬ ਓਪਨਿੰਗ ਦੇ ਲਈ ਸਿਫਾਰਿਸ਼ (recommend) ਕਰਨਾ ਪਸੰਦ ਕਰਦੇ ਹਨ ।

ਹੇਠ ਦਿੱਤੀ ਸੂਚੀ ਨੂੰ ਪੜੋ ਅਤੇ ਉਹਨਾਂ ਨੂੰ ਟਿੱਕ ਕਰੋ ਜੋ ਤੁਸੀ ਸੋਚਦੇ ਹੋ ਕਿ ਇੱਕ ਬਾਇਓਡਾਟੇ ਦੇ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ।

1. Email address
2. Favorite films and actors
3. Nationality
4. Phone number
5. Computer skills
6. Gender
7. Address
8. Date of birth
9. The newspaper you subscribe to
10. Marital Status

11. Awards and achievements
12. Place of birth
13. Your height and weight
14. Details of education
15. Skills and interests
16. Languages
17. The festivals you celebrate
18. Details of previous employments
19. Your religion

### ਸੀ.ਵੀ. ਦੀਆਂ ਸ਼ਰਤਾਂ "CV Terms" :ਹੇਠ ਦਿੱਤੀਆਂ ਸ਼ਰਤਾਂ ਪੜੋ :

1. Contact details: Your name, address, phone number, and email address
2. Objective: A statement of what you intend to achieve and contribute through your service to the organization. E.g., *To use my skill and work to the best of my ability for the development of the organization*
3. Personal information: You may include your gender, date of birth, place of birth, nationality, marital status, and languages known to you under this heading. Optional information includes spouse's name and number of children.
4. Area of expertise: The work skills that you have
5. Employment history: This states your work history. It should include the different organizations where you were employed previously, the length of each employment, and the positions you held.
6. Educational qualification: Details of the education that you have received – details of degrees and training
7. Skills and interests: You can state here other skills and interests that you have
8. Other enhancements/Awards and achievements: Any other achievement or work that you want to make special mention of
9. About me/Biography: This is an optional section where you give a short account of yourself.

### ਕਨੈਕਟਰ ਅਤੇ ਕੰਜਕਸ਼ਨ (Connectors and conjunctions)

ਕਨੈਕਟਰ ਉਹ ਸ਼ਬਦ ਹਨ ਜੋ ਵਿਚਾਰਾਂ, ਸੰਯੁਕਤ ਪੈਰਾਗ੍ਰਾਫ ਅਤੇ ਵਾਕਾਂ ਦੇ ਵਿੱਚ ਸਬੰਧ ਨੂੰ ਪਰਗਟ ਕਰਨ ਲਈ ਵਰਤੇ ਜਾਂਦੇ ਹਨ। ਉਦਾਹਰਣ ਵਜੋਂ : but, also, however, moreover, firstly, next, then, therefore, in brief, still, for example, thus, of course, certainly, hence, at the same time, on the contrary, etc.

ਕੰਜਕਸ਼ਨ ਉਹ ਸ਼ਬਦ ਹਨ ਜੋ ਕਿ ਵਾਕਾਂ ਅਤੇ ਸ਼ਬਦਾਂ ਨੂੰ ਜੋੜਨ ਲਈ ਵਰਤੇ ਜਾਂਦੇ ਹਨ। ਉਦਾਹਰਣ ਲਈ: but, so, as, and, nor, yet, so, although, though, because, either…or, neither…nor, as soon as, and or.

ਨੋਟ: ਕੰਜਕਸ਼ਨ ਦੀ ਵਰਤੋਂ ਕਨੈਕਟਰ ਦੇ ਤੌਰ ਤੇ ਵੀ ਕੀਤੀ ਜਾ ਸਕਦੀ ਹੈ ।

## ਅਭਿਆਸ

ਹੇਠਾਂ ਦਿੱਤੇ ਫਾਰਮੈਟ ਵੱਲ ਵੇਖੋ ਅਤੇ ਆਪਣਾ ਬਾਇਓਡਾਟਾ ਤਿਆਰ ਕਰੋ :

**"CV Format"**

Name:

Address:

Email address:

Telephone number:

**Objective**:

________________________________________________________________________

**Personal Information**

Date of birth:

Place of birth:

Nationality:

Marital status:

Languages known:

Employed: Yes/no

Area of expertise: E.g. *Direct sales, customer help, and visual merchandizing.*

**Employment history** (if any)

E.g. *Worked as sales representative for SellWell for 2 years.*

1. ______________________________________________________________________.
2. ______________________________________________________________________.
3. ______________________________________________________________________.

**Educational qualification**

E.g. 1. *HSC from Amravati High School (CBSE), Chandigarh, in 2003;*

2. *Diploma course in Basic Computer Education from AII, Chandigarh, in 2004*

1. ______________________________________________________________________.
2. ______________________________________________________________________.
3. ______________________________________________________________________.

**Computer Skills**

1. ______________________________________________________________________.
2. ______________________________________________________________________.

**Skills and interests**

*E.g.* 1. *Possess good communication skills*

2. *Reading books*

1. ______________________________________________________________.
2. ______________________________________________________________.
3. ______________________________________________________________.

**Awards and achievements**

*E.g.* 1. *Won "Sales Representative of the Year" Award at SellWell*

2. *Captain of the college cricket team for 2 years*

1. ______________________________________________________________.
2. ______________________________________________________________.
3. ______________________________________________________________.

ਆਪਣਾ ਬਾਇਓਡਾਟਾ ਬਣਾਉਣ ਲਈ ਖਾਲੀ ਸਥਾਨ ਭਰੋ।ਕੋਈ ਜਾਣਕਾਰੀ ਕਿਵੇਂ ਭਰਨੀ ਹੈ ਉਸ ਬਾਰੇ ਉਦਾਹਰਣਾ ਦਿੱਤੀਆਂ ਗਈਆਂ ਹਨ

**ਨੋਟ:** ਬਾਇਓਡਾਟਾ ਅਤੇ ਕਰੀਕੁਲਮ ਵਾਈਟੇ ਵਿਚਕਾਰ ਇੱਕ ਛੋਟਾ ਜਿਹਾ ਅੰਤਰ ਹੈ ਜੋ ਕਿ ਡਾਕੂਮੈਂਟ ਦੀ ਲੰਬਾਈ ਹੈ। ਜਦੋਂ ਕਿ ਇੱਕ ਬਾਇਓਡਾਟਾ (resume) ਤੁਹਾਡੀ ਯੋਗਤਾ,ਤਜਰਬੇ ਅਤੇ ਮੁਹਾਰਤ ਦੀ ਸੰਖੇਪ ਜਿਹੀ ਜਾਣਕਾਰੀ ਹੁੰਦੀ ਹੈ ਜੋ ਕਿ ਇੱਕ ਪੇਜ ਤੋਂ ਘੱਟ ਜਾਂ ਦੋ ਪੇਜ ਦੀ ਹੋ ਸਕਦੀ ਹੈ। ਇਕ ਕਰੀਕੁਲਮ ਵਾਈਟੇ (ਘੱਟੋ ਘੱਟ ਦੋ ਪੇਜ ਦੀ) ਇੱਕ ਲੰਬੀ ਅਤੇ ਵਿਸਥਾਰ ਨਾਲ ਜਾਣਕਾਰੀ ਦਿੰਦਾ ਹੈ।

## ਕਵਰਿੰਗ ਲੈਟਰ (Covering Letter)

ਕੁਝ ਵਾਕਾਂ ਦੀ ਬਣਤਰ ਨੂੰ ਬਦਲ ਕੇ ਹੇਠਾਂ ਦਿੱਤੇ ਕਵਰਿੰਗ ਲੈਟਰ ਨੂੰ ਸੁਧਾਰੋ। ਜਿਹਨਾਂ ਵਾਕਾਂ ਨੂੰ ਬਦਲਿਆਂ ਜਾ ਸਕਦਾ ਹੈ ਉਹਨਾਂ ਦੇ ਹੇਠਾਂ ਲਾਈਨ ਖਿੱਚੀ ਗਈ ਹੈ।

To

The HR Manager

Healthy Pharmaceuticals

Healthpur

Healthy Pradesh

Dear Madam,

I'm writing to you regarding sales positions at Healthy Pharmaceuticals. I'm also writing to you about marketing positions.

I'm a fresh graduate. I have a B.Com degree in marketing. I would like to work in a sector that improves our society. I want to improve people's lives. I have a keen interest in working with a pharmaceutical company. I am interested in working with Healthy Pharmaceuticals.

Though I have no experience in sales and marketing so far, I am confident that I will be a successful salesperson. I have good people skills. I am disciplined. I am a hard worker. Also, at my college I participated in many activities. I participated in awareness campaigns for youth. _______, I think I m suited for a job that requires communicating with customers.

I hope you will consider my job application positively. Please consider me for an interview.

Do you require any additional information? Please let me know.

Sincerely,

## ਮੰਕਣ (ASSESSMENT)

ਢੁੱਕਵੇਂ ਕਨੈਕਟਰ/ਕੰਜਕਸ਼ਨ ਨਾਲ ਖਾਲੀ ਥਾਂਵਾਂ ਭਰੋ।

1. I went to see her ______ she wasn't at home. (and, but)
2. It started raining _____________ we went out. (as soon as, because)
3. We came back __________ she was not at home. (as, yet)
4. She was not at home ________ we came back. (so, however)
5. ________, boil the water. ________ add the sugar. (First-then) (Then-first)
6. __________ we missed her _______ she never received our message. (Either- or, Neither-nor)
7. We drove fast. ___________ we could not reach on time ___________of the traffic jams. (However-because, Because-however)
8. He told you that he gave me the book? ________________, the book is still with him. (Thus, On the contrary)
9. I came to see you _________ you are not well. (because, so)
10. _____________ I had messaged them, they still were not ready on time. (Although, And)

## ਸੈਸ਼ਨ 19: ਇੱਕ ਕਵਰ ਲੈਟਰ ਲਿਖਣਾ (Writing a Covering Letter)

### ਸਬੰਧਤ ਜਾਣਕਾਰੀ

ਸਰੋਜਨੀ ਨਗਰ ਦੇ ਵੈਲਕਮ ਟਰੈਵਲਰ ਦੁਆਰਾ ਦਿੱਤੇ ਇਸ਼ਤਿਹਾਰ ਦੇ ਜੁਆਬ ਵਿੱਚ ਅਰਜੁਨ ਨਗਰ ਦੇ ਮਿਸਟਰ ਏ ਦੁਆਰਾ ਲਿਖਿਆ ਗਿਆ ਇੱਕ ਕਵਰ ਲੈਟਰ ਹੇਠਾਂ ਦਿੱਤਾ ਗਿਆ ਹੈ । ਇਸ ਫਾਰਮੈਟ ਦੇ ਵਿੱਚ ਚਾਰ ਗਲਤੀਆਂ ਹਨ ਅਤੇ ਤੁਹਾਨੂੰ ਇਹ ਲੱਭਣੀਆਂ ਹਨ ।

---

Arjun Nagar.
Email: a@hotmail.com
Ph no: 09891989198

Dated: 22 Dec, 2008

Subject: Application for the post of sales executive

Welcome Travels,
The HR Manager,
Sarojini Nagar

Dear Sir,

With reference to your advertisement in Times Ascent, dated 21 Dec, 2008, I wish to apply for the post under concern.

I have just graduated in Commerce (with Honours) from Delhi University. I am a dedicated individual who possesses good communication skills and I am eager to join your company.

My CV is enclosed herewith.

Thanking you,

Mr. A.,

Yours faithfully.

---

ਹੇਠਾਂ ਦਿੱਤੀ " ਕਵਰਿੰਗ ਲੈਟਰ ਦੇ ਲਈ ਲਾਈਨਾਂ( **Lines for Covering Letters** )" ਨੂੰ ਪੜ੍ਹੋ ।

ਲਾਈਨਾਂ ਜਿਹਨਾਂ ਦੇ ਨਾਲ ਇੱਕ ਕਵਰਿੰਗ ਲੈਟਰ ਸ਼ੁਰੂ ਹੁੰਦਾ ਹੈ ਜਦੋਂ ਇੱਕ ਕਿਸੇ ਨੌਕਰੀ ਦੇ ਵਿੱਚ ਖਾਲੀ ਥਾਂ ਲਈ ਇਸ਼ਤਿਹਾਰ ਦੇ ਸਬੰਧ ਵਿਚ ਲਿਖਿਆਂ ਜਾਂਦਾ ਹੈ

1) I am writing in response to your advertisement…for the post of…

2) With reference to your advertisement in…I wish to apply for the post of…

ਇਹ ਲਾਈਨਾਂ ਲਿਖੀਆਂ ਹਨ ਇਹ ਦਿਖਾਉਣ ਲਈ ਕਿ ਤੁਹਾਡੇ ਕੋਲ ਜੋਬ ਨੂੰ ਸੰਭਾਲਣ ਦੀ ਯੋਗਤਾ ਹੈ ।

1) I will be able to handle responsibilities well.
2) I have the skills that are required for the concerned job.

ਆਖਰੀ ਪੈਰਾਗ੍ਰਾਫ ਤੋਂ ਪਹਿਲਾਂ ਜੋ ਲਾਈਨਾਂ ਲਿਖੀਆਂ ਜਾਂਦੀਆਂ ਹਨ:
1) Please find attached a copy of my resume.
2) My CV is enclosed herewith.
3) My resume is enclosed for your review.

ਆਖਰੀ ਪੈਰਾਗ੍ਰਾਫ ਦੇ ਵਿੱਚ ਜੋ ਲਾਈਨਾਂ ਲਿਖੀਆਂ ਜਾਂਦੀਆਂ ਹਨ:
1) Thank you for your consideration.
2) I would appreciate it if my application is considered for the post.

ਆਖਰੀ ਪੈਰਾਗ੍ਰਾਫ ਦੇ ਵਿੱਚ ਜੋ ਲਾਈਨਾਂ ਲਿਖੀਆਂ ਜਾਂਦੀਆਂ ਹਨ,ਉਹ ਹੇਠਾਂ ਦਿੱਤੀਆਂ ਹਨ:
1) Looking forward to your response…
2) I look forward to hearing from you soon.

## ਅਭਿਆਸ

ਹੇਠਾਂ ਦਿੱਤੀ ਜਾਣਕਾਰੀ ਨੂੰ ਪੜ੍ਹੋ-
"ਸੀਧੇਸ਼ ਸ਼ਰਮਾ ਦਾ ਕਵਰਿੰਗ ਲੈਟਰ"

Siddhesh Sharma's contact details

- B-12,Manak Chand Basti, Arjun Nagar, Delhi -11003.
- Email: siddhesh.sharma@gmail.com
- Phone: 09891223314

Contact details of recipient

- HR Manager
- SellWell Organization, Maurice Road, Delhi - 110007

Subject: Application for the post of Sales Manager
ਕਵਰਿੰਗ ਲੈਟਰ ਦਾ ਮੁੱਖ ਭਾਗ (ਤੁਹਾਨੂੰ ਵਾਕਾਂ ਨੂੰ ਦੁਬਾਰਾ ਤਰਤੀਬ ਦੇ ਵਿੱਚ ਕਰਨਾ ਪੈਣਾ ਹੈ)

- I would appreciate it if my application is considered for the post.
- My resume is enclosed for your review.
- Thus, I have the skills as well as experience required for the concerned job.
- I also have a MBA in Retail from AIBM, Hyderabad.

- I am writing in response to your advertisement in The Times of India for the post of Sales Manager.
- I look forward to hearing from you soon.
- I was hired by Go Shop, a reputed supermarket chain, as Sales Manager for two years.

ਤੁਹਾਨੂੰ ਸਿਧੇਸ਼ ਸ਼ਰਮਾ ਦਾ ਕਵਰਿੰਗ ਲੈਟਰ ਸਹੀ ਫਾਰਮੈਟ ਦੇ ਵਿੱਚ ਲਿਖਣਾ ਹੈ । ਲੈਟਰ ਦੀ ਜਾਣਕਾਰੀ ਦਿੱਤੀ ਗਈ ਹੈ। ਜਿਹੜੇ ਵਾਕ ਲੈਟਰ ਦੀ ਬਾਡੀ ਨੂੰ ਬਣਾਉਂਦੇ ਹਨ ਉਹ ਵੀ ਮੁਹੱਈਆ ਕਰਵਾਏ ਗਏ ਹਨ । ਤੁਹਾਨੂੰ ਉਹਨਾਂ ਨੂੰ ਦੁਬਾਰਾ ਤਰਤੀਬ ਦੇ ਵਿੱਚ ਲਾਉਣਾ ਹੈ ਤਾਂ ਜੋ ਉਹਨਾਂ ਨੂੰ ਸਹੀ ਆਰਡਰ ਦੇ ਵਿੱਚ ਪੇਸ਼ ਕੀਤਾ ਜਾ ਕੇ । ਸ਼ੁਭਕਾਮਨਾਵਾਂ ਅਤੇ ਲੀਵ ਟੇਕਿੰਗ ਤੁਹਾਡੇ ਦੁਆਰਾ ਦਾਖਲ ਹੋਣੀ ਹੈ ।

## ਰਿਪੋਰਟਡ ਸਪੀਚ (Reported speech)

ਆਓ ਹੇਠ ਦਿੱਤੀਆਂ ਉਦਾਹਰਣਾਂ ਅਤੇ ਵਿਆਖਿਆ ਦੀ ਮਦਦ ਨਾਲ " Reported Speech " ਨੂੰ ਸਮਝੀਏ।

1. He said, "I **am** thirsty" - *Direct Speech*
2. He said he **was** thirsty - *Reported Speech.*
3. She said, "What **are** you **doing**?" - *Direct Speech.*
4. She asked me what I **was doing** - *Reported Speech.*
5. They said, "We **have** won the match" - *Direct Speech.*
6. They said they **had** won the match - *Reported Speech.*

ਰਿਪੋਰਟਡ ਸਪੀਚ ਜਾਂ ਅਸਿੱਧੇ ਭਾਸ਼ਣ ਦੀ ਵਰਤੋਂ ਇਹ ਦੱਸਣ ਲਈ ਕੀਤੀ ਜਾਂਦੀ ਹੈ ਕਿ ਲੋਕ ਕੀ ਕਹਿੰਦੇ ਹਨ ਜਾਂ ਸੋਚਦੇ ਹਨ । ਡਾਇਰੈਕਟ ਸਪੀਚ ਦੇ ਵਾਕਾਂ ਨੂੰ ਰਿਪੋਰਟਡ ਸਪੀਚ ਦੇ ਵਿੱਚ ਬਦਲਦੇ ਸਮੇਂ ਇਸ ਦੀ ਵਰਬ ਭੂਤ ਕਾਲ (*past form*) ਵਿੱਚ ਬਦਲ ਜਾਵੇਗੀ ।

ਉਦਾਹਰਣ ਲਈ:

- am/is - was
- are - were
- has/have - had
- do - did
- am doing - was doing
- have done - had done
- will - would
- can - could
- shall - should
- may – might

- ਪਰ ਇਹ ਉਹੀ ਰਹਿੰਦੇ ਹਨ:
  had - had
- would - would
- could - could
- should - should
- might - might
- ought to - ought to

Other standard changes include:

- yesterday - previous day/the day before
- this - that
- these - those
- now - then
- here - there
- tomorrow - the following day
- next (day/week/etc.) - the following (day/week/etc.)

ਨੋਟ: ਹੇਠਾਂ ਦਿੱਤੇ ਉਹੀ ਰਹਿੰਦੇ ਹਨ : that - that, those - those, then - then, and there - there.

## ਮੁਲਾਂਕਣ

ਹੇਠਾਂ ਦਿੱਤੇ ਨੂੰ ਪੜ੍ਹੋ ਅਤੇ ਸਹੀ ਆਪਸ਼ਨ ਨੂੰ ਪਹਿਚਾਣੋ:

1. Meena said to me, "I can't go tomorrow."

(a) Meena told me that she couldn't go tomorrow.

(b) Meena told me that she can't go the following day.

(c) Meena told me that she couldn't go the following day.

2. I asked, "Why aren't you going tomorrow?"

(a) I asked Meena why she wasn't going tomorrow.

(b) I asked Meena why she were not going tomorrow.

(c) I asked Meena why she wasn't going the following day.

3. She said, "I have to go to the post office to mail a covering letter."

(a) Meena said that she had to go to the post office to mail a covering letter.

(b) Meena said that she will go to the post office to mail a covering letter.

(c) Meena said that she have to go to the post office to mail a covering letter.

4. I said, “Can I go with you?”
(a) I asked if I could go with her.
(b) I asked if I can go with her.
(c) I said I could go with her.

5. Meena said, “That would be great!”
(a) Meena told me that would be great. “
(b) Meena told me this would be great.
(c) Meena told me that will be great.

ਹੇਠਾਂ ਇੱਕ ਮੁੰਡੇ ਅਤੇ ਕੁੜੀ ਦੇ ਵਿੱਚਕਾਰ ਗੱਲਬਾਤ ਹੈ । ਤੁਹਾਨੂੰ ਡਾਇਰੈਕਟ ਸਪੀਚ (**direct speech**) ਨੂੰ ਰਿਪੋਰਟਡ ਸਪੀਚ (**reported speech**) ਵਿੱਚ ਬਦਲਣਾ ਹੈ । ਪਹਿਲੇ ਤਿੰਨ ਤੁਹਾਡੇ ਲਈ ਕੀਤੇ ਗਏ ਹਨ।

1. Boy: “I have never written a covering letter.”
   Reported speech: The boy said that he had never written a covering letter.

2. Girl: “Would you like to learn how to write one?”
   Reported speech: The girl asked him if he would like to learn how to write one.

3. Boy: “Yes, I would like to learn to write one.”
   Reported speech: The boy replied that he would like to learn to write one.

4. Boy: “Who can teach me how to write a covering letter?”
   Reported speech: ____________________________________________.

5. Girl: “I have written a lot of them so I can teach you.”
   Reported speech:____________________________________________.

6. Boy: “Are there a lot of rules?”
   Reported speech:____________________________________________.

7. Girl: “Yes. Even something like writing a covering letter has a lot of rules.”
   Reported speech: ___________________________________________.

8. Girl: “Often people write these letters in any way they want.”
   Reported speech: ____________________________________________.

9. Boy: “Have you sent any covering letter recently?”
   Reported speech: ____________________________________________.

10. Girl: “I sent one to a company just yesterday.”
    Reported speech:____________________________________________.

## ਸੈਸ਼ਨ 20: ਇੱਕ ਇੰਟਰਵਿਊ ਦਾ ਸਾਹਮਣਾ ਕਰਨਾ (**Facing an Interview**)

## ਸਬੰਧਤ ਜਾਣਕਾਰੀ

ਹੇਠਾਂ ਦਿੱਤੇ Common Interview questions " ਨੂੰ ਧਿਆਨ ਨਾਲ ਪੜ੍ਹੋ:

1. **Please introduce yourself/ Could you tell us a little about yourself?** ਕ੍ਰਿਪਾ ਕਰਕੇ ਆਪਣੇ ਬਾਰੇ ਦੱਸੋ/ਕੀ ਤੁਸੀ ਆਪਣੇ ਆਪ ਬਾਰੇ ਸਾਨੂੰ ਥੋੜਾ ਜਿਹਾ ਦੱਸ ਸਕਦੇ ਹੋ ।)

ਇੰਟਰਵਿਊ ਆਮ ਤੌਰ ਤੇ ਇਸ ਪ੍ਰਸ਼ਨ ਨਾਲ ਸ਼ੁਰੂ ਹੁੰਦੀ ਹੈ।ਆਪਣੀ ਕੁਝ ਨਿੱਜੀ ਜਾਣਕਾਰੀ ਦੱਸਦੇ ਹੋਏ ਤੁਹਾਨੂੰ ਆਪਣੇ ਆਪ ਬਾਰੇ ਦੱਸਣਾ ਪੈਂਦਾ ਹੈ ।(ਟੈਕਸਟ ਬੁੱਕ ਦੇ ਸੈਸ਼ਨ 6 ਦੇ ਲੈਵਲ 1 ਨੂੰ ਵੇਖੋ)

2. **Why have you applied for this job?** (ਤੁਸੀ ਇਸ ਜੋਬ ਲਈ ਕਿਉਂ ਅਪਲਾਈ ਕੀਤਾ ਹੈ ?)

ਇਸ ਪ੍ਰਸ਼ਨ ਲਈ ਤੁਹਾਨੂੰ ਕੰਪਨੀ ਦੇ ਕੁਝ ਪਿਛੋਕੜ ਬਾਰੇ ਖੋਜ ਕਰਨ ਦੀ ਲੋੜ ਪੈ ਸਕਦੀ ਹੈ।ਤੁਸੀ ਇਹ ਵੀ ਸ਼ਾਮਿਲ ਕਰ ਸਕਦੇ ਹੋ ਕਿ ਜੋ ਸਕਿੱਲ ਅਤੇ ਤਜ਼ਰਬਾ ਤੁਹਾਡੇ ਕੋਲ ਹੈ ਉਹ ਤੁਹਾਨੂੰ ਇਸ ਜੋਬ ਦੇ ਯੋਗ ਬਣਾਉਂਦਾ ਹੈ ।
ਉਦਾਹਰਣ ਲਈ: *"I am interested in this job as I will get to work for a well-known and successful organization. I also believe that the skills and experience I have makes me suitable for the job."* OR *"I am interested in this job because I like the work profile. I alsobelieve that the skills and experience I have makes me suitable for the job."*

3. **What are your key areas of expertise?** (ਤੁਹਾਡੀ ਮੁਹਾਰਤ ਦੀ ਮੁੱਖ ਗੱਲਾਂ ਕੀ ਹਨ ?)

ਇਸ ਪ੍ਰਸ਼ਨ ਦੇ ਲਈ ਤੁਸੀ ਆਪਣੀਆਂ ਸਕਿੱਲਜ਼ ਨੂੰ ਦੱਸੋਗੇ ਜੋ ਕਿ ਤੁਹਾਡੀ ਜੋਬ ਨਾਲ ਸਬੰਧਤ ਹਨ ।
ਉਦਾਹਰਣ ਲਈ: the key areas of expertise of a sales representative
may be *direct sales, customer help, visual merchandising*, etc.

4. **Why do you think you are suited for this job?** (ਤੁਸੀ ਇਹ ਕਿਉਂ ਸੋਚਦੇ ਹੋ ਕਿ ਤੁਸੀ ਇਸ ਜੋਬ ਦੇ ਲਈ ਸਹੀ ਹੋ ?)

ਇਸ ਪ੍ਰਸ਼ਨ ਦੇ ਲਈ ਤੁਹਾਨੂੰ ਆਪਣੇ ਗੁਣਾਂ ਦੇ ਨਾਲ ਨਾਲ ਆਪਣੀਆਂ ਸਕਿੱਲਜ਼ ਬਾਰੇ ਗੱਲ ਕਰਨੀ ਚਾਹੀਦੀ ਹੈ ਜੋ ਕਿ ਤੁਹਾਨੂੰ ਇਸ ਨੌਕਰੀ ਦੇ ਲਈ ਯੋਗ ਬਣਾਉਂਦੇ ਹਨ ।
ਉਦਾਹਰਣ ਲਈ ਇੱਕ ਸੇਲਜ਼ ਰਿਪਰਜ਼ੈਂਟੇਟਿਵ ਦੇ ਕੋਲ ਚੱਲ ਰਹੇ ਟਰੈਂਡ ਦੀ ਜਾਣਕਾਰੀ ਦੇ ਨਾਲ ਨਾਲ ਬੋਲਣ ਦੀ ਚੰਗੀ ਮੁਹਾਰਤ ਹੋਣੀ ਚਾਹੀਦੀ ਹੈ।ਜੇਕਰ ਉਮੀਦਵਾਰ ਤਜਰਬੇਕਾਰ ਹੈ (ਫਰੈਸ਼ਰ ਨਹੀਂ ਹੈ) ਤਾਂ ਉਸ ਨੂੰ ਇਹਦੇ ਬਾਰੇ ਵੀ ਗੱਲ ਕਰਨੀ ਚਾਹੀਦੀ ਹੈ ਕਿ ਉਸ ਨੇ ਇਹ ਤਜ਼ਰਬਾ ਪੁਰਾਣੀ ਨੌਕਰੀ 'ਚੋਂ ਕਿਵੇਂ ਪ੍ਰਾਪਤ ਕੀਤਾ ਹੈ ਜੋ ਕਿ ਨਵੇਂ ਲਈ ਕੰਮ ਆ ਸਕਦਾ ਹੈ।
**ਉਦਾਹਰਣ ਲਈ**: *"I have been working as sales representative for a year and I am skilled in direct sales as well as marketing. Therefore, I can easily adapt myself to the new job."*

5. **Why did you leave your last job?** (ਤੁਸੀ ਆਪਣੀ ਪੁਰਾਣੀ ਨੌਕਰੀ ਕਿਉਂ ਛੱਡੀ ?)

ਇਸ ਪ੍ਰਸ਼ਨ ਦਾ ਉੱਤਰ ਦੇਣ ਲੱਗਿਆਂ ਤੁਹਾਨੂੰ ਆਪਣੇ ਪੁਰਾਣੇ ਮਾਲਕਾਂ ਬਾਰੇ ਕੋਈ ਵੀ ਨਕਾਰਤਾਮਕ ਟਿੱਪਣੀ ਨਹੀਂ ਕਰਨੀ ਚਾਹੀਦੀ।ਇਹ ਕਹਿਣ ਦੀ ਬਜਾਇ " ਕਿ ਮੈਂ ਆਪਣੀ ਪੁਰਾਣੀ ਨੌਕਰੀ ਤੋਂ ਖ਼ੁਸ਼ ਨਹੀਂ ਸੀ ਕਿਉਂਕਿ ਇਹ ਬੋਰਿੰਗ ਸੀ" । ਇਹ ਕਹੋ ਕਿ ਮੈਂ ਆਪਣੀ ਪੁਰਾਣੀ ਨੌਕਰੀ ਤੋਂ ਨਾਖੁਸ਼ ਨਹੀਂ ਸੀ ਪਰ ਮੈਂ ਇੱਕ ਹੋਰ ਚੈਲੇਂਜਿੰਗ (ਔਖਾ) ਕੰਮ ਕਰਨ ਦਾ ਉਤਸੁਕ ਹਾਂ ।

6. **What are your career objectives?** (ਤੁਹਾਡੇ ਕੈਰੀਅਰ ਉਦੇਸ਼ ਕੀ ਹਨ ? )

ਇਸ ਪ੍ਰਸ਼ਨ ਦਾ ਉੱਤਰ ਦੇਣ ਲੱਗਿਆਂ, ਪਹਿਲਾਂ ਨੌਕਰੀ ਬਾਰੇ ਗੱਲ ਕਰੋ ਉਸ ਤੋਂ ਬਾਅਦ ਤੁਸੀ ਕੰਪਨੀ ਲਈ ਕੀ ਕਰ ਸਕਦੇ ਹੋ ? ਉਦਾਹਰਣ ਲਈ "ਮੇਰੇ ਕੈਰੀਅਰ ਦੇ ਆਬਜੈਕਟਿਵਜ਼ ਹਨ ਨੌਕਰੀ ਨੂੰ ਵਧੀਆ ਤਰੀਕੇ ਨਾਲ ਕਰਨਾ ਅਤੇ ਕੰਪਨੀ ਦੇ ਪੂਰਨ ਵਿਕਾਸ ਦੇ ਵਿੱਚ ਯੋਗਦਾਨ ਦੇਣਾ"

7. **What are your salary expectations?** (ਤੁਹਾਡੀ ਤਨਖਾਹ ਦੀਆਂ ਸੰਭਾਵਨਾਵਾਂ ਕੀ ਹਨ ? ਜਾਂ ਤੁਸੀ ਕਿੰਨੀ ਤਨਖਾਹ ਤੇ ਕੰਮ ਕਰਨ ਚਾਹੁੰਦੇ ਹੋ ?)

ਜੇਕਰ ਤੁਸੀ ਫਰੈਸ਼ਰ ਹੋ ਤਾਂ ਇਹ ਚੰਗਾ ਹੋਵੇਗਾ ਕਿ ਤੁਸੀ ਇੰਟਰਵਿਊ ਲੈਣ ਵਾਲੇ ਨੂੰ ਪੁੱਛੋ ਕਿ ਜਿਸ ਨੌਕਰੀ ਲਈ ਤੁਸੀ ਅਪਲਾਈ ਕੀਤਾ ਹੈ ਉਸ ਲਈ ਤਨਖਾਹ ਦੀ ਸੀਮਾ ਕੀ ਹੈ ? ਉਦਾਹਰਣ ਲਈ " ਜਿਵੇਂ ਕਿ ਇਹ ਮੇਰੀ ਪਹਿਲੀ ਨੌਕਰੀ ਹੈ, ਮੈਨੂੰ ਇਸ ਨੌਕਰੀ ਲਈ ਤਨਖਾਹ ਦੀ ਸੀਮਾ ਬਾਰੇ ਕੋਈ ਅੰਦਾਜ਼ਾ ਨਹੀਂ ਹੈ । ਮੈਨੂੰ ਤੁਹਾਡੇ ਫੈਸਲੇ ਨਾਲ ਖੁਸ਼ੀ ਹੋਵੇਗੀ "

ਜੇਕਰ ਤੁਸੀ ਤਜਰਬੇਕਾਰ ਹੋ ਤਾਂ ਤੁਸੀ ਆਪਣੇ ਬਾਇਓਡਾਟੇ ਦੇ ਵਿੱਚ ਆਪਣੀ ਮੌਜੂਦਾ ਇਨਕਮ ਬਾਰੇ ਪਹਿਲਾਂ ਹੀ ਹਵਾਲਾ ਦਿੱਤਾ ਹੋਣਾ ਹੈ । ਜੇਕਰ ਤੁਸੀ ਉਸੇ ਹੀ ਪੋਸਟ ਲਈ ਅਪਲਾਈ ਕਰ ਰਹੇ ਹੋ ਤਾਂ ਇਹ ਚੰਗਾ ਹੋਵੇਗਾ ਕਿ ਤੁਸੀ ਆਪਣੀ ਮੌਜੂਦਾ ਤਨਖਾਹ ਦਾ 10-15%ਵਧਾ ਕੇ ਹਵਾਲਾ ਦਿਓ । ਜੇਕਰ ਤੁਸੀ ਉੱਚੀ ਪੋਸਟ ਲਈ ਅਪਲਾਈ ਕਰ ਰਹੇ ਹੋ ਤਾਂ ਤੁਸੀ 20-25%ਜਿਆਦਾ ਦਾ ਹਵਾਲਾ ਦੇ ਸਕਦੇ ਹੋ । ਤਨਖਾਹ ਬਾਰੇ ਗੱਲਬਾਤ ਕਰਦੇ ਸਮੇਂ ਤੁਹਾਨੂੰ ਆਪਣੇ ਤਜਰਬੇ ਦੀਆਂ ਸਕਿੱਲਜ਼ ਅਤੇ ਵਿਸ਼ੇਸ਼ਤਾਵਾਂ ਦੇ ਲਾਭ ਦਾ ਜਿਕਰ ਜਰੂਰ ਕਰਨਾ ਚਾਹੀਦਾ ਹੈ। ਉਦਾਹਰਣ ਲਈ :

"I am already earning ______ and I have my experience and skills. Therefore, I

would expect a salary of _______________."

8. **Can you tell me what your strengths and weaknesses are?** (ਕੀ ਤੁਸੀ ਮੈਨੂੰ ਆਪਣੀ ਸ਼ਕਤੀਆਂ ਅਤੇ ਕਮੀਆਂ ਦੱਸ ਸਕਦੇ ਹੋ ?)

ਇੱਕ ਇੰਟਰਵਿਊ ਵਿੱਚ ਆਪਣੀਆਂ ਸ਼ਕਤੀਆਂ ਬਾਰੇ ਚਰਚਾ ਕਰਦੇ ਹੋਏ, ਉਹਨਾਂ ਸਕਿੱਲਜ਼ ਦੇ ਉੱਤੇ ਕੇਂਦਰਿਤ ਹੋਵੋ ਜੋ ਕਿ ਨੌਕਰੀ ਨਾਲ ਸਬੰਧਤ ਹਨ। ਉਦਾਹਰਣ ਲਈ I have the ability to work well in a

team and to communicate well with people."

ਜਦ ਕਿ ਆਪਣੀਆਂ ਕਮੀਆਂ ਬਾਰੇ ਗੱਲ ਕਰਦੇ ਹੋਏ ਆਪਣੀ ਕਿਸੇ ਨਿੱਜੀ ਕਮੀ ਦਾ ਜਿਕਰ ਨਾ ਕਰੋ ,ਜਿਵੇਂ ਕਿ

" I have a short temper " ਜਾਂ " I am very lazy ". ਇਸ ਦੀ ਬਜਾਇ ਉਹਨਾਂ ਕਮੀਆਂ ਬਾਰੇ ਗੱਲ ਕਰੋ ਜੋ ਕਿ ਅਸਾਨੀ ਨਾਲ ਦੂਰ ਹੋ ਸਕਦੀਆਂ ਹਨ । ਉਦਾਹਰਣ ਲਈ " I have not handled such a big team before. But I am confident that I will learn on the job."

## ਅਭਿਆਸ

ਤੁਹਾਨੂੰ ਇਹ ਮੰਨਣ ਦੀ ਜਰੂਰਤ ਹੈ ਕਿ ਤੁਸੀ ਇੱਕ ਸੁਵੀਧਾਵਾਂ ਦੇਣ ਵਾਲੇ ਨਾਲ ਗੱਲ ਬਾਤ ਕਰ ਰਹੇ ਹੋ।ਉਹ ਜੁਆਬ ਦੇਵੇਗਾ/ਦੇਵੇਗੀ ਅਤੇ ਤੁਸੀ ਉਹਨਾਂ ਨੂੰ ਪ੍ਰਸ਼ਨ ਕਰਨੇ ਹਨ।

1. The train leaves at 10:20 a.m.
2. I am reading a book.
3. Yes, you can borrow the book.
4. No, I don't think the train will be late today.
5. I know because I always take that train and it has never been late.
6. The interview went very well.
7. No. They said they will inform me of the outcome next week.

## ਮੁਲਾਂਕਣ (ASSESSMENT )

ਸਹੀ ਆਪਸ਼ਨ ਨੂੰ ਚੁਣੋ ਅਤੇ ਖਾਲੀ ਸਥਾਨ ਭਰੋ।

1. Nishi: _____ I come in, Ma'am? (may, might)

2. Interviewer: Come in, come in. Have a seat.

   Nishi: Thank you, Ma'am.

3. Interviewer: It is Nishi, ________? (is it, isn't it)

   Nishi: Yes, Ma' am.

4. Interviewer: ______ are you? (where, how)

   Nishi: I am fine, thank you.

5. Interviewer: Ok.So tell us,Nishi____ have you applied to SellWell?(why, how)

   Nishi: SellWell is one of the largest supermarket chains in India. It is a successful organization that has been popular ever since it started five years ago.

6. Interviewer: _____ you have any experience as a sales executive? (do, did)

   Nishi: Yes, Ma'am. I have worked as sales executive at Shopper's Haven for a year.

7. Interviewer: That s good. We take only experienced people here. _______ departments were you in? (which, whose)

   Nishi: I worked at food section for the first six months and clothing for the next six months.

8. Interviewer: _______ salary are you expecting? (what, how much)

   Nishi: My previous salary was 10,000 Rupees per month. So, I am expecting around 13, 000 Rupees at SellWell.

9. Interviewer: Okay. That is reasonable. ______ will you be able to join? (when, where)

   Nishi: I can join this Monday.

10. Interviewer: Great! We are one member short in our shoes and bags department. _______ you comfortable with this post? (have, are)

    Nishi: Yes, Ma'am.

11. Interviewer: Good. ______ there any question you would like to ask? (are, is)

    Nishi: No, Ma'am.

## ਸੈਸ਼ਨ 21: ਟੈਲੀਫੋਨ ਇੰਟਰਵਿਊ ਦੇਣਾ( Taking a Telephonic Interview) ।

### ਸਬੰਧਤ ਜਾਣਕਾਰੀ

ਹੇਠਲੀ ਸਟੇਟਮੈਂਟਸ ਨੂੰ ਪੜ੍ਹੋ

**"Telephonic Interview"**

1. *I am a little busy right now. Can we reschedule the interview?*
   – ਉਦੋਂ ਵਰਤਿਆ ਜਾਂਦਾ ਹੈ ਜਦੋਂ ਅਚਾਨਕ ਇੰਟਰਵਿਊ ਲਈ ਕਾਲ ਹੋਵੇ ਅਤੇ ਤੁਸੀ ਤਿਆਰ ਨਾ ਹੋਵੋ ਜਾਂ ਤੁਸੀ ਕਿਸੇ ਕੰਮ ਵਿੱਚ ਰੁੱਝੇ ਹੋਵੋ ।
2. *I am sorry. I will not be able to join on Monday as I have some urgent work. Is it okay if I join on Tuesday?*
   –ਉਦੋਂ ਵਰਤਿਆ ਜਾਂਦਾ ਹੈ ਜਦੋਂ ਤੁਸੀ ਉਸ ਦਿਨ ਕੰਮ ਤੇ ਸ਼ਾਮਲ ਜਾਂ ਹਾਜ਼ਰ ਹੋਣ ਤੋਂ ਅਸਮਰੱਥ ਹੋਵੋ ਜਦੋਂ ਕਾਲ ਕਰਨ ਵਾਲਾ /ਇੰਟਰਵਿਊ ਲੈਣ ਵਾਲਾ ਕਹਿੰਦਾ ਹੈ ।
3. *I was looking forward to your call.*
   –ਉਦੋਂ ਵਰਤਿਆ ਜਾਂਦਾ ਹੈ ਜਦੋਂ ਇੰਟਰਵਿਊ ਪਹਿਲਾਂ ਹੀ ਤਹਿ ਕੀਤੀ ਹੋਵੇ ।
4. *I hope you can hear me …*
   –ਉਦੋਂ ਵਰਤਿਆ ਜਾਂਦਾ ਹੈ ਜਦੋਂ ਫੋਨ ਲਾਈਨ ਸਾਫ ਨਾ ਹੋਵੇ . ਇਹਨਾਂ ਵਾਕਾਂ ਤੋਂ ਪਰਹੇਜ਼ ਕਰੋ
   ਜਿਵੇਂ "Speak louder!" and" I can't hear you."
5. *When am I likely to hear from you?*
   –ਉਦੋਂ ਵਰਤਿਆ ਜਾਂਦਾ ਹੈ ਜਦੋਂ ਕਾਲ ਕਰਨ ਵਾਲਾ /ਇੰਟਰਵਿਊ ਲੈਣ ਵਾਲਾ ਇਹ ਨਾ ਦੱਸੇ ਕਿ ਉਹ ਦੁਬਾਰਾ ਤੁਹਾਨੂੰ ਕਦੋਂ ਕਾਲ ਕਰੇਗਾ/ਕਰੇਗੀ ।

ਇਹ ਕੁਝ ਸਟੈਂਡਰਡ ਲਾਈਨਾਂ ਹਨ ਜੋ ਕਿ ਟੈਲੀਫੋਨ ਰਾਹੀਂ ਇੰਟਰਵਿਊ ਦੌਰਾਨ ਵਰਤੀਆਂ ਜਾ ਸਕਦੀਆਂ ਹਨ ।

ਨੋਟ: ਪ੍ਰਸ਼ਨ ਜਿਹਨਾਂ ਦੀ ਪਿਛਲੇ ਸੈਸ਼ਨ "Common Interview Questions" ਵਿੱਚ ਚਰਚਾ ਕੀਤੀ ਗਈ ਹੈ ਉਹ ਟੈਲੀਫੋਨ ਇੰਟਰਵਿਊ ਲਈ ਬਰਾਬਰ ਢੁਕਵੇਂ ਹਨ ।

ਪਿਛਲੇ ਸੈਸ਼ਨ ਦੀ ਤਰਾਂ ਤੁਹਾਨੂੰ ਦੁਬਾਰਾ ਰੋਲ ਪਲੇਅ ਕਰਨਾ ਹੋਵੇਗਾ,ਪਰ ਇਸ ਵਾਰੀ ਇਹ ਟੈਲੀਫੋਨ ਰਾਹੀਂ ਇੰਟਰਵਿਊ ਹੋਵੇਗੀ ।

### ਅਭਿਆਸ

ਵਰਤਮਾਨ ਪ੍ਰਤੱਖ ਕਾਲ "Present Perfect Tense" ਵਿੱਚਲੇ ਵਾਕਾਂ ਨੂੰ ਪਹਿਚਾਣੋ

1. I **have had** my telephonic interview.
2. She **had tried** to call you.
3. **Did** you **get** selected?
4. She **has told** me that I can join on the 22nd.
5. I **haven't received** the call as yet.
6. I **have been asked** to bring all documents on the day I join.

7. I **have read** the contract and **have agreed** to sign.
8. I **have had** my dinner.
9. **Have** you **done** the job?
10. They **have not come** yet.

## ਢੁੱਕਵੀਂ ਜਾਣਕਾਰੀ

ਟੇਡੇ ਵਾਕਾਂ ਨੂੰ ਵਰਤਮਾਨ ਸੰਪੂਰਨ "present perfect tense" ਕਾਲ ਵਿੱਚ ਬਦਲੋ ।

**Caller:** Hello! This is Ranjita Mehta calling from SellWell.
**Sarthak:** Hello.
**Caller:** May I speak to Mr. Sarthak Gupta?
**Sarthak:** This is Sarthak Gupta speaking.
**Caller:** *I received the job application email that you sent me.*
(1) ________________________________________________.
**Sarthak:** Okay.
**Caller:** *I just read your resume.*
(2)________________________________________________.
**Sarthak:** Ok.
**Caller:** I am pleased to inform you that we have a vacancy at the moment.
**Sarthak:** That's great news.
**Caller:** Sarthak, *did you ever take a telephonic interviewer*?
(3)________________________________________________.
**Sarthak:** *No, I did not.*
(4)________________________________________________.
**Caller:** Well, we need to take your interview this way. We need to fill in the vacancy urgently.
Sarthak: Okay then.
**Caller:** So, Sarthak. We need someone who can keep an account of the stocks.
*Are you doing anything similar to this*?
(5)________________________________________________.
**Sarthak:** Yes, Ma'am. *I was also in charge of the daily stock count apart from sales.*
(6)________________________________________________.
**Caller:** Okay. You will be doing something related to that. You will be placed in charge of receiving stocks, stacking shelves and daily stock count.
**Sarthak:** I am familiar with the work.
Caller: And Sarthak, *did you ever read planograms*?
(7)________________________________________________.
Sarthak: Yes, *I read them.*
(8) ________________________________________________.
**Caller:** Good. This is all we require from you. When can you join us?
**Sarthak:** I can join this coming Monday.
**Caller:** Ok. What are your salary expectations?

**Sarthak:** I earned an annual income of 1, 20, 000 Rupees at my previous company. I would therefore like a higher pay.

**Caller:** Ok Sarthak. We are offering a monthly salary of 10, 500 Rupees presently. *That is what we wrote informed at our website.*

(9)____________________________________________.

**Sarthak:** Yes, I am aware of that.

**Caller:** But on account of your experience and excellent resume, *we decided to offer you 13, 500 Rupees.* Is that agreeable?

(10)____________________________________________.

**Sarthak:** That sounds agreeable.

**Caller:** So Sarthak, can we expect you on Monday?

**Sarthak:** Yes, I will be there. Thanks for the opportunity.

## ਸੈਸ਼ਨ 22: ਨੌਕਰੀ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨਾ (Accepting a Job Offer)

### ਸਬੰਧਤ ਜਾਣਕਾਰੀ

ਜਦੋਂ ਤੁਸੀ ਇੱਕ ਨੌਕਰੀ ਦੀ ਪੇਸ਼ਕਸ਼ ਨੂੰ ਪ੍ਰਾਪਤ ਕਰਦੇ ਹੋ ਉਦੋਂ ਨੌਕਰੀ ਦੀ ਪੇਸ਼ਕਸ਼ ਨੂੰ ਇੱਦਾਂ ਸਵੀਕਾਰ ਕਰਨ ਲਈ ਪੱਤਰ ਲਿਖਣਾ ਇੱਕ ਸਭ ਤੋਂ ਵਧੀਆ ਅਤੇ ਬਹੁਤ ਹੀ ਖੁਸ਼ੀ ਦੇਣ ਵਾਲੀ ਗੱਲ ਹੁੰਦੀ ਹੈ ਜਿਵੇਂ ਕਿ ਇਹ ਇੱਕ ਨਵੀਂ ਨੌਕਰੀ ਲੱਭਣ ਵਿੱਚ ਤੁਹਾਡੀ ਸਾਰੀਆਂ ਕੋਸ਼ਿਸ਼ਾਂ ਦੇ ਸ਼ਾਮਲ ਹੋਣ ਨੂੰ ਪੇਸ਼ ਕਰਦਾ ਹੈ ।

ਨੌਕਰੀ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨ ਲਈ ਪੱਤਰ ਇੱਕ ਇਹੋ ਜਿਹਾ ਪੱਤਰ ਹੈ ਜੋ ਕਿ ਤੁਸੀ ਉਸ ਕੰਪਨੀ ਨੂੰ ਲਿਖਦੇ ਹੋ ਜਿਸਨੇ ਤੁਹਾਨੂੰ ਨੌਕਰੀ ਦੀ ਪੇਸ਼ਕਸ਼ ਕੀਤੀ ਹੈ । ਇਹੋ ਜਿਹੇ ਪੱਤਰ ਵਿੱਚ ਹੇਠਾਂ ਦਿੱਤੇ ਤਰਤੀਬ ਅਨੁਸਾਰ ਪੁਆਇੰਟਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ।

- Written acceptance of the job offer.
- The terms and conditions of employment (salary, benefits, etc.).
- Starting date of employment.
- Thanks and appreciation for the opportunity.
- Request for notification of any changes or if the candidate is required to do anything before starting employment.

  ਨੋਟ: ਤੁਹਾਨੂੰ ਪੱਤਰ ਦੀ ਸਬਜੈਕਟ ਲਾਈਨ ਨਹੀਂ ਲਿਖਣੀ ਹੈ।

ਹੇਠਾਂ ਦਿੱਤੀ ਗਈ ਜਾਣਕਾਰੀ ਨੂੰ ਪੜ੍ਹੋ:

"Accepting a Job Offer"

*Written acceptance of a job* (ਇਕ ਨੌਕਰੀ ਨੂੰ ਲਿਖਤੀ ਸਵੀਕਾਰਨਾ)

- It is with great enthusiasm that I accept your offer of the post of Sales Executive at SellWell Org. Please consider this letter as my formal acceptance of it.
- I would like to express my pleasure at your offer of the post of Sales Executive at SellWell Org. Please consider this letter as formal acceptance of it.
- I am writing this letter as an acceptance of your offer of the post of Sales Executive at SellWell Org.

***Terms and conditions of employment***

- I understand that I will be receiving a starting salary of Rs 12,000 per month. I also understand that I will get full pay and benefits during the 3 months probationary period.
- As discussed, my starting salary will be Rs. 12,000 per month. I also understand that I will receive full pay and benefits during the 3 months probationary period.

### *Starting date of employment* (ਰੁਜਗਾਰ ਸ਼ੁਰੂ ਹੋਣ ਦੀ ਮਿਤੀ)

- As agreed, my joining date will be the 1st of June, 2009.
- As discussed, I will be starting work from the 1st of June, 2009.

### *Thanks and appreciation for the opportunity* (ਧੰਨਵਾਦ ਅਤੇ ਮੌਕਾ ਦੇਣ ਲਈ ਪ੍ਰਸ਼ੰਸ਼ਾ)

- Thank you once again for this wonderful opportunity. I look forward to joining your team/organization/company and becoming a part of the continued success that the team/organization/company represents.
- Thank you for the opportunity. It is an honour to be selected for your team/organization/company.
- Thank you for this wonderful opportunity. I will put in my best efforts to make a positive contribution to your team/organization/company.

ਜੇਕਰ ਉਮੀਦਵਾਰ ਨੇ ਰੁਜਗਾਰ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਕਰਨਾ ਹੈ ਤਾਂ ਉਸ ਨੋਟੀਫਿਕੇਸ਼ਨ ਲਈ ਬੇਨਤੀ ਕਰਨਾ। ਹੇਠਾਂ ਸ਼ਬਦਾਂ ਦਾ ਅਰਥ ਲੱਭੋ ਜੋ ਕਿ "ਨੌਕਰੀ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨਾ " (Accepting a Job Offer). ਵਿੱਚੋਂ ਲਏ ਗਏ ਹਨ।

- Prior to - before/after/during
- Enthusiasm - laziness/eagerness/happiness
- Positive - useful/useless/unhelpful
- Per - one/each/first
- Opportunity - offer/order/chance
- Probationary – on trial/sample/training

# ਸੂਚਨਾ ਤਕਨਾਲੋਜ਼ੀ

(Information Technology)

ਐੱਨ.ਵੀ.ਈ.ਕਿਊ. ਐੱਫ ਲੈਵਲ 2 -ਸ਼੍ਰੇਣੀ 10 ਵੀਂ

IT202-NQ2012 ਵੈੱਬ ਐਪਲੀਕੇਸ਼ਨ (ਬੇਸਿਕ)

ਵਿਦਿਆਰਥੀ ਕਾਰਜ ਪੁਸਤਕ





© **ਪੀ.ਐਸ.ਐਸ. ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ, 2012**

ਇਹ ਪ੍ਰਕਾਸ਼ਨ ਕਾਪੀਰਾਈਟ ਅਧੀਨ ਸੁਰੱਖਿਅਤ ਹੈ। ਲਿਖਤੀ ਆਗਿਆ ਤੋਂ ਬਿਨਾਂ ਇਸ ਪ੍ਰਕਾਸ਼ਨਾਂ ਦਾ ਪੁਨਰ-ਨਿਰਮਾਣ, ਅਨੁਕੂਲਣ ਅਤੇ ਕਿਸੇ ਵੀ ਕਿਸਮ ਦਾ ਸੰਚਾਰ ਵਰਜਿਤ ਹੈ।

# ਵਿਦਿਆਰਥੀ ਦੀ ਜਾਣਕਾਰੀ

ਵਿਦਿਆਰਥੀ ਦਾ ਨਾਮ : ____________________

ਵਿਦਿਆਰਥੀ ਦਾ ਰੋਲ ਨੰ. : ____________________

ਬੈਚ ਸ਼ੁਰੂ ਹੋਣ ਦੀ ਮਿਤੀ : ____________________

# ਵਿਸ਼ਾ ਸੂਚੀ


| | | |
|---|---|---|
| ਧੰਨਵਾਦ | | 88 |
| ਭੂਮਿਕਾ **(preface)** | | 89 |
| ਤੁਹਾਡੀ ਕਾਰਜ ਪੁਸਤਕ ਬਾਰੇ **(about your workbook)** | | 91 |
| ਸੈਸ਼ਨ :1 | ਐਕਸੈਸੀਬਿਲਟੀ ਆਪਸ਼ਨ ਦੇ ਨਾਲ ਕੰਮ ਕਰਨਾ (Working With Accessibility Options) | 92 |
| ਸੈਸ਼ਨ :2 | ਨੈਟਵਰਕਿੰਗ ਫੰਡਾਮੈਂਟਲ (Networking Fundamentals) | 99 |
| ਸੈਸ਼ਨ :3 | ਇੰਸਟੈਂਟ ਮੈਸੇਜਿੰਗ ਨਾਲ ਜਾਣ-ਪਹਿਚਾਣ (Introduction to Instant Messaging) | 106 |
| ਸੈਸ਼ਨ :4 | ਇੱਕ ਕੰਨਟੈਕਟ ਨਾਲ ਚੈਟ ਕਰਨਾ-ਗੂਗਲ ਟਾਕ<br>(Chatting With a Contact – Google Talk) | 109 |
| ਸੈਸ਼ਨ :5 | ਵੈਬਪੇਜ -ਬਲਾਗ ਬਣਾਉਣੇ ਅਤੇ ਪਬਲਿਸ਼ ਕਰਨੇ<br>Creating and Publishing Web Pages - Blog) | 113 |
| ਸੈਸ਼ਨ :6 | ਆਫ ਲਾਈਨ ਬਲਾਗ ਐਡਿਟਰ ਦੀ ਵਰਤੋਂ (Using Offline Blog Editors) | 117 |
| ਸੈਸ਼ਨ :7 | ਆਨ-ਲਾਈਨ ਟਰਾਂਸੈਕਸ਼ਨ (Online Transactions) | 121 |
| ਸੈਸ਼ਨ : 8 | ਇੰਟਰਨੈਟ ਸੁਰੱਖਿਆ (Internet Security) | 128 |

# ਧੰਨਵਾਦ

## ਹੇਠ ਲਿਖੇ ਸਹਿਯੋਗੀਆਂ ਨੇ ਸਮੱਗਰੀ ਉਪਲੱਬਧ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ:

1. ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (CBSE) ਨੇ ਪੰਡਿਤ ਸੁੰਦਰਲਾਲ ਸ਼ਰਮਾ ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ (PSSCIVE) ਦੇ ਨਾਲ ਕੰਪਿਊਟਰ ਅਤੇ ਆਈ.ਟੀ. ਬੇਸਿਕ (IT Basic) ਦਾ ਟੈਕਸਟ ਅਤੇ ਅਭਿਆਸ ਮੁਹੱਈਆ ਕਰਵਾਉਣ ਲਈ । ਇਸ ਟੀਮ ਦੇ ਵਿੱਚ ਡਾ. ਓਮ ਵਿਕਾਸ (ਕਨਵੀਨਰ) ਦੇ ਨਾਲ ਡਾ. ਵਿਨੇ ਸਵਾਰੂਪ ਮਲਹੋਤਰਾ (ਸਹਾਇਕ ਕਨਵੀਨਰ), ਕੁਮਾਰੀ ਗੁਰਪ੍ਰੀਤ ਕੌਰ, ਸ਼੍ਰੀ ਮਾਨ ਮੁਕੇਸ਼ ਕੁਮਾਰ ਅਤੇ ਸ਼੍ਰੀ ਮਾਨ ਰਿਤੂਰਾਜ ਤਮਰਾਕਰ ਸ਼ਾਮਿਲ ਸਨ ।

2) ਅਸੈਂਚਰ ਇੰਡੀਆ ਦਾ ਕਾਰਪੋਰੇਟ ਸਿਟੀਜ਼ਨਸ਼ਿਪ ਪ੍ਰੋਗਰਾਮ (skill for life), ਅਸੈਂਚਰ ਨੇ ਜੋ ਕੰਟੈਂਟ ਕਮਿਸ਼ਨਡ ਅਤੇ ਤਿਆਰ ਕੀਤਾ ਹੈ ਉਹ ਮੁਹੱਈਆ ਕਰਵਾਇਆ ਅਤੇ ਇਸ ਮਟੀਰੀਅਲ ਦੇ ਲਈ ਉਹਨਾਂ ਦੇ ਲਾਗੂ ਕਰਨ ਵਾਲੇ ਸਹਿਯੋਗੀ (Dr. Reddy's Foundation and Quest Alliance) ਨੂੰ ਵੀ ਵਰਤਣ ਦਿੱਤਾ ।

3) CBSE/PSSCIVE ਦੇ ਕੰਟੈਂਟ ਨੂੰ ਜੋੜਨ ਲਈ ਮਾਈਕਰੋਸਾਫਟ ਦੇ ਫਰੀ ਡਿਜੀਟਲ ਲਿਟਰੇਸੀ ਪ੍ਰੋਗਰਾਮ ਈ- ਲਰਨਿੰਗ (e-learning) ਪੈਕੇਜ ਦੀ ਵਰਤੋ ਕੀਤੀ ਗਈ ਹੈ।

4) ਇਸ ਪਾਠਕ੍ਰਮ ਅਤੇ ਸਮੱਗਰੀ ਨੂੰ ਡਿਜਾਇਨ ਕਰਨ ਅਤੇ ਬਣਾਉਣ ਲਈ ਵਧਵਨੀ ਫਾਊਂਡੇਸ਼ਨ ਦੀ ਟੀਮ ਜੁੜੀ ਹੋਈ ਸੀ ਜਿਸ ਵਿੱਚ ਕੁਮਾਰੀ ਦਰਸ਼ਿਕਾ ਸੰਘਾਈ, ਕੁਮਾਰੀ ਸੋਨੀਆ ਕੱਕਰ, ਸ਼੍ਰੀ ਮਾਨ ਅਜੇ ਗੋਇਲ ਅਤੇ ਸ਼੍ਰੀ ਮਾਨ ਅਸਟਿਨ ਥਾਮਸ ਸ਼ਾਮਿਲ ਸਨ।

5) ਇਸ ਦੇ ਨਾਲ ਹੀ ਕਈ ਜਨਤਕ ਡੋਮੇਨ ਸਰੋਤ ਸਾਰੇ ਮੋਡੀਊਲ ਵਿੱਚ ਸਮੱਗਰੀ ਅਤੇ ਉਦਾਹਰਣ ਬਣਾਉਣ ਲਈ ਵਰਤੇ ਗਏ ਹਨ।ਇਹਨਾਂ ਸਾਰੇ ਸਰੋਤਾਂ ਦਾ ਯੋਗਦਾਨ ਧੰਨਵਾਦ ਸਹਿਤ ਸਵੀਕਾਰ ਕੀਤਾ ਤੇ ਮੰਨਿਆ ਗਿਆ ਹੈ।

# ਭੂਮਿਕਾ

ਨੈਸ਼ਨਲ ਕਰੀਕੁਲਮ ਫਰੇਮਵਰਕ 2005 ਇਹ ਸਿਫਾਰਿਸ਼ ਕਰਦਾ ਹੈ ਕਿ ਬੱਚਿਆਂ ਦਾ ਜੀਵਨ ਜੋ ਕਿ ਸਕੂਲ ਵਿੱਚ ਹੈ ਉਸ ਨੂੰ ਸਕੂਲ ਤੋਂ ਬਾਹਰ ਦੇ ਜੀਵਨ ਨਾਲ ਜਰੂਰ ਜੋੜਨਾ ਚਾਹੀਦਾ ਹੈ । ਇਹ ਸਿਧਾਂਤ ਕਿਤਾਬਾਂ ਤੋਂ ਸਿੱਖਣ ਦੀ ਵਿਰਾਸਤ ਨੂੰ ਛੱਡਦਾ ਹੈ ਜੋ ਕਿ ਸਾਡੇ ਸਿਸਟਮ ਨੂੰ ਅਕਾਰ ਦੇ ਰਿਹਾ ਹੈ ਅਤੇ ਸਕੂਲ, ਘਰ, ਭਾਈਚਾਰੇ ਅਤੇ ਕੰਮ ਦੇ ਸਥਾਨ ਦੇ ਵਿਚਕਾਰ ਇੱਕ ਪਾੜੇ ਦਾ ਕਾਰਨ ਬਣਦੀ ਹੈ ।

**ਵੈੱਬ ਐਪਲੀਕੇਸ਼ਨ (ਬੇਸਿਕ) "Web Application (Basic)"** ਉੱਤੇ ਅਧਾਰਿਤ ਵਿਦਿਆਰਥੀ ਵਰਕਬੁੱਕ ਯੋਗਤਾ ਪੈਕੇਜ ਦਾ ਇੱਕ ਹਿੱਸਾ ਹੈ ਜੋ ਕਿ ਨੈਸ਼ਨਲ ਐਜੂਕੇਸ਼ਨ ਕੁਆਲੀਫਿਕੇਸ਼ਨ ਫਰੇਮਵਰਕ (**NVEQF**) ਨੂੰ ਲਾਗੂ ਕਰਨ ਲਈ ਬਣਾਇਆ ਗਿਆ ਹੈ । ਇਹ ਮਨਿਸਟਰੀ ਆਫ ਹਿਊਮੈਨ ਰਿਸੋਰਸ ਡਿਵੈਲਪਮੈਂਟ (MHRD) ਦੀ ਇੱਕ ਪਹਿਲ ਹੈ, ਕੌਮੀ ਮਾਨਤਾ ਪ੍ਰਾਪਤ ਵਿੱਦਿਆਕ ਪ੍ਰਣਾਲੀ ਜਿਸ ਵਿੱਚ ਸਕੂਲ, ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ ਇੰਸਟੀਚਿਊਸ਼ਨ, ਟੈਕਨੀਕਲ ਐਜੂਕੇਸ਼ਨ ਇੰਸਟੀਚਿਊਸ਼ਨ ਕਾਲਜ਼ ਅਤੇ ਯੂਨੀਵਰਸੀਟੀਆਂ ਸ਼ਾਮਲ ਹਨ, ਲਈ ਭਾਰਤ ਸਰਕਾਰ ਦੁਆਰਾ ਆਮ ਸਿਧਾਂਤ ਅਤੇ ਦਿਸ਼ਾ ਨਿਰਦੇਸ਼ ਸੈਟ ਕਰਨਾ, ਇਹ ਅਨੁਮਾਨ ਹੈ ਕਿ **NVEQF** ਯੋਗਤਾ, ਅੰਤਰ ਖੇਤਰੀ ਸਿੱਖਿਆ, ਵਿਦਿਆਰਥੀ ਕੇਂਦਰਿਤ ਸਿੱਖਿਆ ਵਿੱਚ ਪਾਰਦਰਸ਼ਤਾ ਨੂੰ ਵਧਾਏਗਾ ਅਤੇ ਵੱਖ-ਵੱਖ ਯੋਗਤਾਵਾਂ ਦੇ ਵਿਚਕਾਰ ਸਿਖਿਆਰਥੀ ਦੀ ਗਤੀਸ਼ੀਲਤਾ ਨੂੰ ਸੁਵਿਧਾਜਨਕ ਕਰਦਾ ਹੈ, ਇਸ ਤਰਾਂ ਇਹ ਲੰਮੇ ਸਮੇਂ ਤੱਕ ਸਿੱਖਣ ਨੂੰ ਉਤਸ਼ਾਹਿਤ ਕਰਦਾ ਹੈ ।

ਇਹ ਵਿਦਿਆਰਥੀ ਕਾਰਜ ਪੁਸਤਕ ਜੋ ਕਿ ਵਿਦਿਆਰਥੀਆਂ ਲਈ ਵੋਕੇਸ਼ਨਲ ਯੋਗਤਾ ਪੈਕੇਜ ਦੇ ਇੱਕ ਭਾਗ ਨੂੰ ਬਣਾਉਂਦੀ ਹੈ, ਮਾਹਿਰਾਂ ਦੇ ਗਰੁੱਪ ਵੱਲੋਂ ਉਹਨਾਂ ਵਿਦਿਆਰਥੀਆਂ ਲਈ ਬਣਾਈ ਗਈ ਸੀ , ਜਿਹਨਾਂ ਨੇ ਨੌਂਵੀਂ ਜਾਂ ਇਸਦੇ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੈ । ਆਈ.ਟੀ./ਆਈ.ਟੀ.ਈ.ਐਸ. ਸਕਿੱਲ ਡਿਵੈਲਪਮੈਂਟ ਕੌਂਸਿਲ (**IT-ITeS Skill Development Council**) ਜੋ ਕਿ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਤੋਂ ਮਾਨਤਾ ਪ੍ਰਾਪਤ ਹੈ, ਨੇ **IT-ITeS** ਇੰਡਸਟਰੀ ਦੇ ਲਈ ਨੈਸ਼ਨਲ ਆਕੂਪੇਸ਼ਨਲ ਸਟੈਂਡਰਡਜ਼ (National Occupation Standards (NOS)) ਨੂੰ ਵਿਕਸਿਤ ਕੀਤਾ ਹੈ । ਨੈਸ਼ਨਲ ਆਕੂਪੇਸ਼ਨਲ ਸਟੈਂਡਰਡਜ਼ (NOS) ਇੱਕ ਕੰਪੀਟੈਂਸੀ ਸਟੈਂਡਅਰਡਜ਼ ਦਾ ਸੈੱਟ ਹੈ ਅਤੇ ਕੰਮ ਕਰਨ ਵਾਲੀ ਥਾਂ ਉੱਤੇ ਠੀਕ ਤਰਾਂ ਕੰਮ ਕਰਨ ਲਈ ਜਰੂਰੀ ਸਕਿੱਲ ਅਤੇ ਗਿਆਨ ਦਾ ਮੁਲਾਂਕਣ ਕਰਨ ਲਈ ਇਸ ਨੂੰ ਦਿਸ਼ਾ ਨਿਰਦੇਸ਼ ਆਈ.ਟੀ. ਇੰਡਸਟਰੀ ਦੇ ਪ੍ਰਤੀਨਿਧ ਦੁਆਰਾ ਦਿੱਤੇ ਜਾਂਦੇ ਹਨ ।

ਪੰਡਿਤ ਸੁੰਦਰ ਲਾਲ ਸ਼ਰਮਾ ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ (PSSCIVE), ਨੈਸ਼ਨਲ ਕਾਉਂਸਿਲ ਆਫ ਐਜੂਕੇਸ਼ਨਲ ਰੀਸਰਚ ਐਂਡ ਟਰੇਨਿੰਗ( NCERT) ਦਾ ਇੱਕ ਸੰਘਟਕ ਹੈ ਨੇ ਵਧਵਨੀ ਫਾਉਂਡੇਸ਼ਨ ਦੇ ਸਬੰਧ ਨਾਲ ਮਾਡੂਲਰ ਪਾਠਕ੍ਰਮ ਅਤੇ ਲਰਨਿੰਗ ਮਟੀਰੀਅਲ IT/ITes ਸੈਕਟਰ ਦੇ ਵਿੱਚ ਵੋਕੇਸ਼ਨਲ ਕੁਆਲੀਫਿਕੇਸ਼ਨ ਪੈਕੇਜ ਲਈ NVEQ ਦੇ ਲਈ ਲੈਵਲ 1 ਤੋਂ 4 (ਯੂਨਿਟਸ) ਵਿਕਸਿਤ ਕੀਤਾ ਹੈ। ਲੈਵਲ 1 ਕਲਾਸ 9ਵੀਂ ਦੇ ਬਰਾਬਰ ਹੈ। ਐਨ.ਓ.ਐਸ (NOS) ਉੱਤੇ ਅਧਾਰਿਤ ਕਿੱਤਾ ਮੂਲ ਕੁਸ਼ਲਤਾਵਾਂ (ਗਿਆਨ,ਮੁਹਾਰਤ ਅਤੇ ਕਾਬਲੀਅਤ) ਲਰਨਿੰਗ ਮਡਿਊਲ (ਯੂਨਿਟਸ) ਅਤੇ ਕਰੀਕੁਲਾ ਦੇ ਵਿਕਾਸ ਲਈ ਪਹਿਚਾਣੇ ਗਏ ਸਨ ।

ਇਹ ਵਿਦਿਆਰਥੀ ਕਾਰਜ ਪੁਸਤਕ ਰੱਟੇ ਦੇ ਨਾਲ ਸਿੱਖਣ ਨੂੰ ਨਿਰਉਸ਼ਾਹਿਤ ਕਰਦੀ ਹੈ ਅਤੇ ਕੋਰਸ ਨੂੰ ਆਫਰ ਕਰਨ ਵਿੱਚ ਜਰੂਰੀ ਲਚਕਤਾ ਲਿਆਉਣ ਲਈ,ਵੱਖ-ਵੱਖ ਵਿਸ਼ੇ ਦੇ ਖੇਤਰਾਂ ਦੇ ਵਿਚਕਾਰ ਤਿੱਖੀ ਸੀਮਾ ਨੂੰ ਤੋੜਨ ਲਈ ਜਰੂਰੀ ਹੈ।ਕਿਤਾਬ ਇਹ ਵਧਾਉਣ ਦੀ ਕੋਸ਼ਿਸ਼ ਕਰਦੀ ਹੈ, ਉੱਚ ਤਰਜੀਹ ਦੇਕੇ ਅਤੇ ਸੋਚਣ ਬਾਰੇ ਮੌਕਾ ਦੇਕੇ ਅਤੇ ਹੈਰਾਨੀ ਨਾਲ, ਛੋਟੇ-ਛੋਟੇ ਗਰੁੱਪਾਂ ਦੇ ਵਿੱਚ ਚਰਚਾ ਅਤੇ ਕਿਰਿਆਵਾਂ ਦੇ ਲਈ ਹੱਥ ਦੇ ਤਜਰਬੇ ਦੀ ਲੋੜ ਹੈ।ਅਸੀਂ ਉਮੀਦ ਕਰਦੇ ਹਾਂ ਕਿ ਇਹ ਉਪਾਅ ਜਿਸ ਦਾ ਸਿੱਖਿਆ ਦੀ ਨੈਸ਼ਨਲ ਨੀਤੀ (1986) ਦੇ ਵਿੱਚ ਜਿਕਰ ਹੈ ਸਾਨੂੰ ਵਿਦਿਆਰਥੀ ਕੇਂਦਰਿਤ ਸਿੱਖਿਆ ਪ੍ਰਣਾਲੀ ਦੀ ਦਿਸ਼ਾ ਦੇ ਵਿੱਚ ਹੋਰ ਕਾਫੀ ਅੱਗੇ ਲੈ ਜਾਣਗੇ ।

ਇਸ ਯਤਨ ਦੀ ਸਫਲਤਾ ਸਕੂਲ ਪ੍ਰਿੰਸੀਪਲ ਅਤੇ ਅਧਿਆਪਕ ਦੇ ਕਦਮਾਂ ਉੱਤੇ ਨਿਰਭਰ ਕਰਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਨੂੰ ਪ੍ਰਗਟ ਕਰਨ ਅਤੇ ਕਲਪਨਾਵਾਂ ਦਾ ਪਿੱਛਾ ਕਰਨ ਲਈ ਅਤੇ ਆਨ-ਦਾ-ਜੌਬ ਕਿਰਿਆਵਾਂ ਅਤੇ ਪ੍ਰਸ਼ਨਾਂ ਦੇ ਲਈ ਉਤਸ਼ਾਹਿਤ ਕਰਨ।

ਹੁਨਰ ਵਿਕਾਸ ਅਭਿਆਸ ਵਿੱਚ ਸਿਖਿਆਰਥੀ ਦੀ ਸ਼ਮੂਲੀਅਤ ਅਤੇ ਮੁੱਲਾਂ ਨੂੰ ਸ਼ਾਮਿਲ ਕਰਨਾ ਅਤੇ ਰਚਨਾਤਮਕਤਾ ਸੰਭਵ ਹੈ ਜੇਕਰ ਅਸੀਂ ਬੱਚੇ ਨੂੰ ਹਿੱਸਾ ਲੈਣ ਵਾਲੇ ਵਾਂਗੂੰ ਸਿੱਖਣ ਦੇ ਵਿੱਚ ਸ਼ਾਮਲ ਕਰਦੇ ਹਾਂ ਨਾ ਕਿ ਜਾਣਕਾਰੀ ਪ੍ਰਾਪਤ ਕਰਨ ਵਾਲੇ ਵਾਂਗੂੰ । ਇਹ ਉਦੇਸ਼ ਸਕੂਲ ਦੀ ਰੁਟੀਨ ਦੇ ਵਿੱਚ ਅਤੇ ਕੰਮ ਕਾਜ ਦੇ ਢੰਗ ਦੇ ਵਿੱਚ ਕਾਫੀ ਤਬਦੀਲੀ ਕਰਦੇ ਹਨ । ਕੰਮ ਨੂੰ ਲਾਗੂ ਕਰਨ ਵਿੱਚ ਕਠੋਰਤਾ ਨੂੰ ਬਰਕਰਾਰ ਰੱਖਣ ਲਈ ਰੋਜਾਨਾ ਦੇ ਟਾਈਮ ਟੇਬਲ ਵਿੱਚ ਲਚਕੀਲਾਪਣ ਜਰੂਰੀ ਹੋਵੇਗਾ ਅਤੇ ਪੜਾਉਣ ਅਤੇ ਸਿਖਾਉਣ ਲਈ ਪੜਾਈ ਦੇ ਜਰੂਰੀ ਦਿਨਾਂ ਦੇ ਵਿੱਚ ਵਾਧਾ ਕਰਨਾ ਪਵੇਗਾ।

# ਤੁਹਾਡੀ ਕਾਰਜ ਪੁਸਤਕ ਬਾਰੇ

ਇਹ ਕਿਤਾਬ **IT202-NQ2012: ਵੈੱਬ ਐਪਲੀਕੇਸ਼ਨ (ਬੇਸਿਕ)** ਦੇ ਯੂਨਿਟ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਦੇ ਲਈ ਹੈ। ਤੁਹਾਨੂੰ ਕਿਤਾਬ ਕਲਾਸ ਰੂਮ, ਕੰਮ ਕਰਨ ਦੇ ਸਥਾਨ ਉੱਤੇ ਜਾਂ ਤੁਹਾਡੇ ਆਪਣੇ ਸਮੇਂ ਵਿੱਚ ਤੁਹਾਡੇ ਅਧਿਆਪਕ ਜਾਂ ਟਰੇਨਰ ਦੀ ਦੇਖ ਰੇਖ ਹੇਠ ਵਰਕਬੁੱਕ ਦੁਆਰਾ ਕੰਮ ਕਰਨਾ ਚਾਹੀਦਾ ਹੈ।

ਇਸ ਕਿਤਾਬ ਦੇ ਵਿੱਚ ਸੈਸ਼ਨ ਹਨ ਜੋ ਕਿ ਤੁਹਾਨੂੰ ਯੋਗਤਾ ਦੇ ਯੂਨਿਟ ਦੇ ਵੱਖ-ਵੱਖ ਪਹਿਲੂ ਉੱਤੇ ਢੁੱਕਵਾਂ ਗਿਆਨ ਅਤੇ ਸਕਿੱਲ (soft and hard) ਪ੍ਰਾਪਤ ਕਰਨ ਵਿੱਚ ਮਦਦ ਕਰਨਗੇ। ਹਰੇਕ ਸੈਸ਼ਨ ਕਾਫੀ ਛੋਟਾ ਹੈ ਅਤੇ ਬੜੀ ਅਸਾਨੀ ਨਾਲ ਤੁਹਾਡੇ ਦੁਆਰਾ ਅਗਲੇ ਸੈਸ਼ਨ ਉੱਤੇ ਜਾਣ ਤੋਂ ਪਹਿਲਾਂ ਅਸਾਨੀ ਨਾਲ ਨਿਪਟਾਇਆ ਅਤੇ ਹਜ਼ਮ ਕੀਤਾ ਜਾ ਸਕਦਾ ਹੈ। ਤੁਹਾਡੇ ਲਈ ਟੈਕਸਟ ਨੂੰ ਲਾਈਵ ਅਤੇ ਇੰਟਰੈਕਟਿਵ ਬਣਾਉਣ ਵਾਸਤੇ ਅਤੇ ਵਿਜ਼ੂਅਲ ਅਪੀਲ ਨੂੰ ਲਿਆਉਣ ਲਈ ਐਨੀਮੇਟਡ ਤਸਵੀਰਾਂ ਅਤੇ ਫੋਟੋਆਂ ਨੂੰ ਸ਼ਾਮਲ ਕੀਤਾ ਗਿਆ ਹੈ। ਤੁਸੀ ਆਪਣੀ ਕਲਪਨਾ ਨੂੰ ਵਰਤਦੇ ਹੋਏ ਜਾਂ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਆਪਣੀ ਉਦਾਹਰਣ ਆਪ ਬਣਾਉਣ ਦੀ ਕੋਸ਼ਿਸ਼ ਵੀ ਕਰ ਸਕਦੇ ਹੋ। ਆਓ ਹੁਣ ਵੇਖੀਏ ਕਿ ਇਸ ਸੈਸ਼ਨ ਵਿੱਚ ਕਿਹੜੇ ਸੈਕਸ਼ਨ ਤੁਹਾਡੇ ਲਈ ਹਨ :

### ਸੈਕਸ਼ਨ 1: ਜਾਣ-ਪਹਿਚਾਣ

ਇਹ ਸੈਕਸ਼ਨ, ਯੂਨਿਟ ਦੇ ਵਿਸ਼ੇ ਨਾਲ ਤੁਹਾਡੀ ਜਾਣ-ਪਹਿਚਾਣ ਕਰਵਾਉਂਦਾ ਹੈ।ਇਹ ਤੁਹਾਨੂੰ ਇਹ ਵੀ ਦੱਸਦਾ ਹੈ ਕਿ ਯੂਨਿਟ ਦੇ ਵਿੱਚ ਸ਼ਾਮਲ ਹੋਰ ਸੈਸ਼ਨਾਂ ਦੇ ਵਿੱਚ ਤੁਸੀ ਕੀ ਸਿੱਖੋਗੇ।

### ਸੈਕਸ਼ਨ 2: ਸੰਬੰਧਿਤ ਜਾਣਕਾਰੀ

ਇਹ ਸੈਕਸ਼ਨ ਤੁਹਾਨੂੰ ਸੈਸ਼ਨ ਦੇ ਵਿੱਚ ਸ਼ਾਮਲ ਵਿਸ਼ਿਆਂ ਦੇ ਉੱਤੇ ਢੁੱਕਵੀਂ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

ਇਸ ਸੈਕਸ਼ਨ ਦੇ ਵਿੱਚ ਜੋ ਗਿਆਨ ਵਿਕਸਿਤ ਹੋਇਆ ਹੈ ਉਹ ਤੁਹਾਨੂੰ ਕੁਝ ਨਿਸ਼ਚਿਤ ਕਿਰਿਆਵਾਂ ਕਰਨ ਦੇ ਲਈ ਯੋਗ ਬਣਾਏਗਾ। ਅਭਿਆਸ ਨੂੰ ਪੂਰਾ ਕਰਨ ਤੋਂ ਪਹਿਲਾਂ ਵਿਸ਼ੇ ਦੇ ਵੱਖ ਵੱਖ ਪੱਖਾਂ ਉੱਤੇ ਸਮਝ ਵਿਕਸਿਤ ਕਰਨ ਲਈ ਤੁਹਾਨੂੰ ਜਾਣਕਾਰੀ ਨੂੰ ਚੰਗੀ ਤਰਾਂ ਪੜਨਾ ਚਾਹੀਦਾ ਹੈ।

### ਸੈਕਸ਼ਨ 3: ਅਭਿਆਸ

ਹਰੇਕ ਸੈਸ਼ਨ ਦੇ ਵਿੱਚ ਅਭਿਆਸ ਹੈ ਜੋ ਕਿ ਤੁਹਾਨੂੰ ਸਮੇਂ ਉੱਤੇ ਪੂਰੀ ਕਰਨੀ ਚਾਹੀਦੀ ਹੈ। ਤੁਸੀ ਕਲਾਸ ਰੂਮ , ਘਰ ਜਾਂ ਕੰਮ ਦੇ ਸਥਾਨ ਉੱਤੇ ਕਿਰਿਆਵਾਂ ਨੂੰ ਕਰੋਗੇ। ਇਸ ਸੈਕਸ਼ਨ ਦੇ ਵਿੱਚ ਸ਼ਾਮਲ ਕਿਰਿਆਵਾਂ ਜੋ ਕਿ ਕੰਮ ਦੇ ਸਥਾਨ ਉੱਤੇ ਕੰਮ ਕਰਨ ਵਿੱਚ ਤੁਹਾਨੂੰ ਕੰਪੀਟੈਂਟ ਬਣਨ ਦੇ ਲਈ ਜਰੂਰੀ ਹਨ ਤੁਹਾਡੇ ਗਿਆਨ, ਸਕਿੱਲ ਅਤੇ ਸੁਭਾਅ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਨਗੀਆਂ।

ਕਿਰਿਆਵਾਂ ਤੁਹਾਡੇ ਅਧਿਆਪਕ ਜਾਂ ਟਰੇਨਰ ਦੀ ਦੇਖਰੇਖ ਹੇਠ ਹੋਣੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਕੰਮ ਪੂਰਾ ਕਰਨ ਦੇ ਵਿੱਚ ਜਾਣਕਾਰੀ ਦੇਵੇਗਾ ਅਤੇ ਤੁਹਾਡੀ ਪਰਫਾਰਮੈਂਸ ਨੂੰ ਸੁਧਾਰਨ ਲਈ ਫੀਡਬੈਕ ਵੀ ਮੁਹੱਈਆ ਕਰਵਾਏਗਾ। ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਨਾਲ ਗੱਲ ਕਰਕੇ ਇੱਕ ਟਾਈਮ ਟੇਬਲ ਤਿਆਰ ਕਰੋ ਅਤੇ ਸਖ਼ਤੀ ਨਾਲ ਨਿਰਧਾਰਤ ਨਿਯਮ ਜਾਂ ਮਿਆਰ ਦੀ ਪਾਲਣਾ ਕਰੋ। ਜੋ ਤੁਹਾਨੂੰ ਸਮਝ ਨਹੀਂ ਆਉਂਦਾ ਉਸਦੀ ਵਿਆਖਿਆ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਨੂੰ ਪੁੱਛਣ ਲਈ ਜਕੋ ਨਾ [

### ਸੈਕਸ਼ਨ 4: ਅਸੈਸਮੈਂਟ

ਇਸ ਸੈਕਸ਼ਨ ਵਿੱਚ ਸ਼ਾਮਲ ਰੀਵਿਊ (review) ਪ੍ਰਸ਼ਨ ਤੁਹਾਡੀ ਪ੍ਰੋਗਰੈੱਸ ਨੂੰ ਚੈੱਕ ਕਰਨ ਲਈ ਤੁਹਾਡੀ ਮਦਦ ਕਰਨਗੇ। ਅਗਲੇ ਸੈਸ਼ਨ ਉੱਤੇ ਜਾਣ ਤੋਂ ਪਹਿਲਾਂ ਤੁਸੀ ਸਾਰੇ ਪ੍ਰਸ਼ਨਾਂ ਦੇ ਜੁਆਬ ਦੇਣ ਦੇ ਜਰੂਰ ਯੋਗ ਹੋਣੇ ਚਾਹੀਦੇ ਹੋ।

## ਸੈਸ਼ਨ 1: ਐਕਸੈਸੀਬਿਲੀਟੀ ਆਪਸ਼ਨ ਦੇ ਨਾਲ ਕੰਮ ਕਰਨਾ (Working With Accessibility Options)

### ਸਬੰਧਤ ਜਾਣਕਾਰੀ

ਕੰਪਿਊਟਰ ਐਕਸੈਸੀਬਿਲੀਟੀ ਕੰਪਿਊਟਰ ਸਿਸਟਮ ਦੀ ਸਾਰਿਆਂ ਲਈ ਅਪੰਗਤਾ ਦੀ ਪਰਵਾਹ ਕੀਤੇ ਬਿਨਾ ਯੂਜ਼ਰ ਮਿੱਤਰਤਾ ਦਾ ਹਵਾਲਾ ਦਿੰਦੀ ਹੈ । ਇਹ ਮੁੱਖ ਤੌਰ ਤੇ ਇੱਕ ਸਾਫਟਵੇਅਰ ਮੁੱਦਾ ਹੈ । ਫੇਰ ਵੀ ਜਦੋਂ ਹਾਰਡਵੇਅਰ ਅਤੇ ਸਾਫਟਵੇਅਰ ਦਾ ਮੇਲ (ਕੰਬੀਨੇਸ਼ਨ) ਹੁੰਦਾ ਹੈ ਤਾਂ ਇਹ ਇੱਕ ਵਿਅਕਤੀ ਜੋ ਕਿ ਅਪੰਗ ਜਾਂ ਕਮਜ਼ੋਰ ਹੈ ਨੂੰ ਕੰਪਿਊਟਰ ਨੂੰ ਵਰਤਣ ਲਈ ਉਸਦੇ ਯੋਗ ਬਣਾਉਂਦਾ ਹੈ । ਇਹ ਅਸਿਸਟਿਵ ਟੈਕਨਾਲੋਜੀ (Assistive Technology) ਦੇ ਤੌਰ ਤੇ ਜਾਣਿਆ ਜਾਂਦਾ ਹੈ । ਇਸ ਸੈਸ਼ਨ ਵਿੱਚ ਤੁਸੀ ਮੁੱਢਲੀ ਐਕਸੈਸੀਬਿਲੀਟੀ ਆਪਸ਼ਨ ਜੋ ਤੁਹਾਡੇ ਕੰਪਿਊਟਰ ਵਿੱਚ ਉਪਲੱਬਧ ਹਨ ਬਾਰੇ ਸਿੱਖੋਗੇ ।

ਇੱਥੇ ਕਈ ਤਰ੍ਹਾਂ ਦੀਆਂ ਕਮਜ਼ੋਰੀਆਂ ਹਨ ਜੋ ਕੰਪਿਊਟਰ ਦੀ ਵਰਤੋਂ ਨੂੰ ਪ੍ਰਭਾਵਿਤ ਕਰਦੀਆਂ ਹਨ। ਇਹਨਾਂ ਵਿੱਚ ਇਹ ਸ਼ਾਮਲ ਹਨ:

- ਬੋਧ ਅਪੰਗਤਾ ਅਤੇ ਸਿੱਖਣ ਵਿੱਚ ਅਸਮਰੱਥਾਵਾਂ ਜਿਵੇਂ ਕਿ ਡਿਸਲੈਕਸੀਆ (dyslexia), ਅਟੈਂਸਨ ਡੇਫੀਸਿਟ
- ਹਾਈਪਰਐਕਟੀਵਿਟੀ ਡਿਸਓਰਡਰ (attention deficit-hyperactivity disorder -ADHD) ਜਾਂ ਆਤਮਕੇਂਦਰਿਤ।
- ਨਜ਼ਰ ਦੀ ਕਮਜ਼ੋਰੀ ਜਿਵੇਂ ਕਿ ਘੱਟ ਦਿਖਣਾ, ਪੂਰਾ ਜਾਂ ਅੱਧਾ ਅੰਧਾਪਣ ਅਤੇ ਰੰਗਾਂ ਦਾ ਅੰਧਾਪਣ।
- ਸੁਣਨ ਦੀ ਕਮਜ਼ੋਰੀ ਸਮੇਤ ਬੋਲਾਪਣ
- ਮੋਟਰ ਜਾਂ ਨਿਪੁਣਤਾ ਅਪੰਗਤਾ ਜਿਵੇਂ ਅਧਰੰਗ, ਦਿਮਾਗੀ, ਲਕਵਾ ਜਾਂ ਕਾਰਪਲ ਟਨਲ ਸਿੰਡਰੋਮ ਅਤੇ ਦੁਹਰਾਈ ਜਾਣ ਵਾਲੀ ਦਬਾਅ ਸੱਟ।

ਕੰਟਰੋਲ ਪੈਨਲ ਦੇ ਵਿੱਚ ਐਕਸੈਸੀਬਿਲੀਟੀ ਆਪਸ਼ਨਜ਼ ਦੀ ਵਰਤੋਂ ਤੁਹਾਡੇ ਕੀਬੋਰਡ , ਡਿਸਪਲੇ ਜਾਂ ਮਾਊਸ ਫੰਕਸ਼ਨ ਦੇ ਢੰਗਾਂ ਨੂੰ ਕਸਟੋਮਾਈਜ਼ ਕਰਨ ਲਈ ਕੀਤੀ ਜਾਂਦੀ ਹੈ ।

ਇਹਨਾਂ ਵਿੱਚੋਂ ਕਈ ਵਿਸ਼ੇਸ਼ਤਾਵਾਂ ਜਿਵੇਂ ਕਿ ਪਹਿਲਾਂ ਚਰਚਾ ਕੀਤੀ ਗਈ ਹੈ ਅਪਾਹਜਤਾ ਵਾਲੇ ਲੋਕਾਂ ਲਈ ਲਾਭਦਾਇਕ ਹੁੰਦੀਆਂ ਹਨ ।

ਇਸ ਸੈਸ਼ਨ ਵਿੱਚ ਤੁਸੀ ਵਿੰਡੋਜ਼ ਐਕਸਪੀ (XP) ਵਿੱਚਲੀ ਐਕਸੈਸੀਬਿਲੀਟੀ ਆਪਸ਼ਨਜ਼ ਨੂੰ ਵਰਤਣਾ ਸਿੱਖੋਗੇ। ਐਕਸੇਸੀਬਿਲੀਟੀ ਆਪਸ਼ਨਜ਼ ਨੂੰ ਚਲਾਉਣਾ:

- ਵਿੰਡੋਜ਼ ਐਕਸਪੀ (XP) ਵਿੱਚ ਐਕਸੈਸੀਬਿਲੀਟੀ ਆਪਸ਼ਨਜ਼ ਨੂੰ ਵਰਤਣ ਲਈ **Start→ Control Panel → Accessibility Options** ਉੱਤੇ ਕਲਿੱਕ ਕਰੋ।

ਐਕਸੈਸੀਬਿਲੀਟੀ ਆਪਸ਼ਨਜ਼ ਦੀ ਵਿੰਡੋਜ਼ ਦਿਖਾਈ ਦੇਵੇਗੀ।




Fig.2

## ਕੀਬੋਰਡ ਟੈਬ (Keyboard Tab)

### ਸਟਿਕੀ ਕੀਅਜ਼ (StickyKeys )

ਸਟਿਕੀ ਕੀਅਜ਼ ਸਰੀਰਕ ਤੌਰ ਤੇ ਅਪੰਗ ਕੰਪਿਊਟਰ ਯੂਜ਼ਰਜ਼ ਦੀ ਸਹਾਇਤਾ ਲਈ ਇੱਕ ਐਕਸੈਸੀਬਿਲੀਟੀ ਵਿਸ਼ੇਸ਼ਤਾ ਹੈ, ਪਰ ਇਸ ਦੀ ਵਰਤੋਂ ਵਾਰ ਵਾਰ ਪੈਣ ਵਾਲੇ ਦਬਾਅ ਨੂੰ ਘੱਟ ਕਰਨ ਲਈ ਇੱਕ ਸਾਧਨ ਦੇ ਤੌਰ ਤੇ ਦੂਜਿਆਂ ਦੁਆਰਾ ਵੀ ਕੀਤੀ ਜਾਂਦੀ ਹੈ। ਸਟਿਕੀ ਕੀਅਜ਼ ਯੂਜ਼ਰ ਨੂੰ ਮੋਡੀਫਾਈਰ ਕੀਅ ਨੂੰ ਪ੍ਰੈੱਸ ਅਤੇ ਰੀਲੀਜ਼ ਕਰਨ ਦੀ ਆਗਿਆ ਦਿੰਦੀ ਹੈ , ਜਿਵੇਂ ਕਿ Shift, Ctrl, Alt ਜਾਂ Windows ਕੀਅ ਅਤੇ ਇਹ ਉਦੋਂ ਤੱਕ ਐਕਟਿਵ ਰਹਿੰਦੀ ਹੈ ਜਦੋਂ ਤੱਕ ਕੋਈ ਦੂਜੀ ਕੀਅ ਨਹੀਂ ਪ੍ਰੈੱਸ ਕੀਤੀ ਜਾਂਦੀ।

- ਸਟਿਕੀ ਕੀਅਜ਼ ਨੂੰ ਇਨੇਬਲ ਕਰਨ ਲਈ ***Use StickyKeys*** ਨੂੰ ਚੁਣੋ।
- ***Apply*** ਉੱਤੇ ਕਲਿੱਕ ਕਰੋ।
- ***OK*** ਉੱਤੇ ਕਲਿੱਕ ਕਰੋ।

ਸਟਿਕੀ ਕੀਅਜ਼ ਦਾ ਆਈਕਨ ਸਿਸਟਮ ਟਰੇਅ ਵਿੱਚ ਦਿਖਾਈ ਦਿੰਦਾ ਹੈ(figure 2)




Figure 2

**ਸਟਿਕੀ ਕੀਅਜ਼** ਨੂੰ ਇਨੇਬਲ ਕਰਨ ਤੋਂ ਬਾਅਦ ਹੁਣ ਤੁਸੀ ਅਭਿਆਸ ਕਰੋਗੇ ਅਤੇ ਇਸਦੇ ਪ੍ਰਭਾਵ ਵੇਖੋਗੇ।

ਨੋਟ ਪੈਡ ਨੂੰ ਸ਼ੁਰੂ ਕਰੋ।ਨੋਟ ਪੈਡ ਨੂੰ ਸ਼ੁਰੂ ਕਰਨ ਲਈ **Start → All Programs → Accessories → Notepad** ਉੱਤੇ ਕਲਿੱਕ ਕਰੋ।

- ਕੁਝ ਟੈਕਸਟ ਟਾਈਪ ਕਰੋ (ਘੱਟੋ ਘੱਟ 3-4 ਲਈਨਾਂ) ਅਤੇ ਕਰਸਰ ਨੂੰ ਟੈਕਸਟ ਦੇ ਬਿਲਕੁਲ ਸ਼ੁਰੂ ਦੇ ਵਿੱਚ ਰੱਖੋ।
- ਆਪਣੇ ਕੀਬੋਰਡ ਤੋਂ **CTRL** ਕੀਅ ਨੂੰ ਦਬਾਓ।
- ਆਪਣੇ ਕੀਬੋਰਡ ਤੋਂ ਅੱਖਰ **A** ਨੂੰ ਦਬਾਓ।

ਤੁਸੀ ਵੇਖੋਗੇ ਕਿ ਸਾਰਾ ਟੈਕਸਟ ਸਿਲੈਕਟ ਹੋ ਗਿਆ ਹੈ। ਇਹ ਕੰਮ **CTRL** ਅਤੇ **A** ਨੂੰ ਇਕੱਠੇ ਦਬਾਉਣ ਦੇ ਬਰਾਬਰ ਹੈ।

ਸਟਿਕੀ ਕੀਅਜ਼ ਨੂੰ ਡਿਸੇਬਲ ਕਰਨ ਲਈ ***Use StickyKeys*** ਆਪਸ਼ਨ ਨੂੰ ਅਨਚੈਕ (uncheck) ਕਰੋ।

ਅਤੇ ਫਿਰ ***Apply*** ਉੱਤੇ ਕਲਿੱਕ ਕਰੋ। ਹੁਣ ***OK*** ਉੱਤੇ ਕਲਿੱਕ ਕਰੋ।

### ਫਿਲਟਰ ਕੀਅਜ਼ (FilterKeys)

ਫਿਲਟਰ ਕੀਅਜ਼ ਮਾਸੀਕਰੋਸਾਫਟ ਵਿੰਡੋ ਦੀ ਇੱਕ ਵਿਸ਼ੇਸ਼ਤਾ ਹੈ। ਇਹ ਇੱਕ ਐਕਸੇਸੀਬਿਲੀਟੀ ਫੰਕਸ਼ਨ ਹੈ ਜੋ ਹੈਂਡ ਟਰੈਮਰਸ (hand tremors) ਲੋਕਾਂ ਲਈ ਟਾਈਪਿੰਗ ਨੂੰ ਸੁਖਾਲਾ ਬਣਾਉਣ ਵਾਸਤੇ ਕੀਬੋਰਡ ਨੂੰ ਸੰਖੇਪ ਜਾਂ ਵਾਰ ਵਾਰ ਦੁਹਰਾਏ ਜਾਣ ਵਾਲੇ ਕੀਅਸਟਰੋਕ (keystrokes) ਨੂੰ ਅਣਦੇਖਿਆ ਕਰਨ ਲਈ ਦੱਸਦਾ ਹੈ।

- ਫਿਲਟਰ ਕੀਅ ਨੂੰ ਇਨੇਬਲ ਕਰਨ ਲਈ ***Use FilterKeys*** ਨੂੰ ਚੁਣੋ।
- ***FilterKeys*** ਦੇ ਹੇਠਾਂ ***Settings*** ਉੱਤੇ ਕਲਿੱਕ ਕਰੋ। ਅਤੇ "***Ignore Repeated Keystrokes***" ਆਪਸ਼ਨ ਨੂੰ ਚੈਕ ਕਰੋ।
- ***Apply*** ਉੱਤੇ ਕਲਿੱਕ ਕਰੋ।
- ***OK*** ਉੱਤੇ ਕਲਿੱਕ ਕਰੋ।

**ਫਿਲਟਰ ਕੀਅਜ਼** ਦਾ ਆਈਕਨ ਸਿਸਟਮ ਟਰੇਅ ਵਿੱਚ ਦਿਖਾਈ ਦਿੰਦਾ ਹੈ(figure 3)




Figure 3

**ਫਿਲਟਰ ਕੀਅਜ਼** ਨੂੰ ਇਨੇਬਲ ਕਰਨ ਤੋਂ ਬਾਅਦ ਹੁਣ ਤੁਸੀ ਅਭਿਆਸ ਕਰੋਗੇ ਅਤੇ ਇਸਦੇ ਪ੍ਰਭਾਵ ਵੇਖੋਗੇ ।

- **ਨੋਟ ਪੈਡ** ਨੂੰ ਸ਼ੁਰੂ ਕਰੋ । ਅਤੇ ਵਾਰ ਵਾਰ ਦੁਹਰਾਏ ਜਾਣ ਵਾਲੇ ਕਰੈਕਟਰ ਟਾਈਪ ਕਰੋ ।

ਨੋਟਿਸ ਕਰੋ ਵਾਰ ਵਾਰ ਦੁਹਰਾਏ ਜਾਣ ਵਾਲੇ ਕਰੈਕਟਰ ਅਣਦੇਖੇ ਕਰ ਦਿੱਤੇ ਗਏ ਹਨ ।
**ਫਿਲਟਰ ਕੀਅਜ਼ ਨੂੰ ਡਿਸੇਬਲ** ਕਰਨ ਲਈ ***Use FilterKeys*** ਆਪਸ਼ਨ ਨੂੰ ਅਨਚੈਕ (uncheck) ਕਰੋ ।
ਅਤੇ ਫਿਰ ਅਪਲਾਈ ਉੱਤੇ ਕਲਿੱਕ ਕਰੋ । ਹੁਣ ***OK*** ਉੱਤੇ ਕਲਿੱਕ ਕਰੋ ।

## ਟੋਗਲ ਕੀਅਜ਼ (ToggleKeys)

**ਟੋਗਲ ਕੀਅ** ਵੀ ਮਾਸੀਕਰੋਸਾਫਟ ਵਿੰਡੋ ਦੀ ਇੱਕ ਵਿਸ਼ੇਸ਼ਤਾ ਹੈ । ਇਹ ਇੱਕ **ਐਕਸੇਸੀਬਿਲੀਟੀ** ਫੰਕਸ਼ਨ ਹੈ ਜੋ ਉਹਨਾਂ ਲੋਕਾਂ ਲਈ ਡਿਜ਼ਾਇਨ ਕੀਤਾ ਗਿਆ ਹੈ ਜਿਹਨਾਂ ਨੂੰ ਨਜ਼ਰ ਕਮਜ਼ੋਰੀ (vision impairment) ਜਾਂ ਬੋਧਾਤਮਕ ਅਪੰਗਤਾ (cognitive disabilities) ਹੈ । ਜਦੋਂ ਟੋਗਲ ਕੀਅ ਨੂੰ ਆਨ ਕੀਤਾ ਜਾਂਦਾ ਹੈ ਅਤੇ ਜਦੋਂ ਲੋਕਿੰਗ ਕੀਅਜ਼ (Caps Lock, Num Lock, or Scroll Lock) ਨੂੰ ਦਬਾਇਆ ਜਾਂਦਾ ਹੈ ਤਾਂ ਕੰਪਿਊਟਰ ਅਵਾਜ਼ ਸੰਕੇਤ ਦਿੰਦਾ ਹੈ । ਜਦੋਂ ਕੀਅ ਨੂੰ ਸਵਿੱਚ ਆਨ ਕੀਤਾ ਜਾਂਦਾ ਹੈ ਤਾਂ ਇੱਕ ਉੱਚੀ ਆਵਾਜ਼ ਆਉਂਦੀ ਹੈ ਅਤੇ ਜਦੋਂ ਕੀਅ ਨੂੰ ਸਵਿੱਚ ਆਫ ਕੀਤਾ ਜਾਂਦਾ ਹੈ ਤਾਂ ਇੱਕ ਮੱਧਮ ਆਵਾਜ਼ ਆਉਂਦੀ ਹੈ ।

- **ਟੋਗਲ ਕੀਅ** ਨੂੰ ਇਨੇਬਲ ਕਰਨ ਲਈ ***Use ToggleKeys*** ਨੂੰ ਚੁਣੋ ।
- ***ToggleKeys*** ਦੇ ਹੇਠਾਂ ***Settings*** ਉੱਤੇ ਕਲਿੱਕ ਕਰੋ ।
- ***Apply*** ਉੱਤੇ ਕਲਿੱਕ ਕਰੋ ।
- ***OK*** ਉੱਤੇ ਕਲਿੱਕ ਕਰੋ ।

ਟੋਗਲ ਕੀਅਜ਼ ਨੂੰ ਇਨੇਬਲ ਕਰਕੇ ਤੁਸੀ NUM LOCK, CAPS LOCK ਜਾਂ SCROLL LOCK ਕੀਅਜ਼ ਵਿੱਚੋਂ ਕਿਸੇ ਉੱਤੇ ਵੀ ਇਸ ਦੇ ਪ੍ਰਭਾਵ ਨੂੰ ਵੇਖ ਸਕਦੇ ਹੋ ।

ਨੋਟ ਕਰੋ ਇਹ ਕਰਨ ਉੱਤੇ ਤੁਹਾਨੂੰ ਇੱਕ ਬੀਪ ਦੀ ਅਵਾਜ਼ ਸੁਣਾਈ ਦਿੰਦੀ ਹੈ ।

**ਟੋਗਲ ਕੀਅਜ਼** ਨੂੰ ਡਿਸੇਬਲ ਕਰਨ ਲਈ ***Use ToggleKeys*** ਆਪਸ਼ਨ ਨੂੰ ਅਨਚੈਕ (uncheck) ਕਰੋ ।

ਅਤੇ ਫਿਰ ***Apply*** ਉੱਤੇ ਕਲਿੱਕ ਕਰੋ । ਹੁਣ ***OK*** ਉੱਤੇ ਕਲਿੱਕ ਕਰੋ ।

## ਸਾਊਂਡ ਟੈਬ (Sound Tab)

ਸਾਊਂਡ ਟੈਬ ਨੂੰ ਚੁਣੋ । ਐਕਸੈਸੀਬਿਲੀਟੀ ਆਪਸ਼ਨ ਨੂੰ ਸਾਊਂਡ ਦੇ ਲਈ ਕੰਨਫਿਗਰ ਕਰਨ ਵਾਸਤੇ ਇੱਕ ਆਪਸ਼ਨਜ਼ ਵਾਲੀ ਵਿੰਡੋ ਨਜ਼ਰ ਆਉਂਦੀ ਹੈ ।




Figure 4

## ਸਾਊਂਡਸੈਂਟਰੀ (SoundSentry )

ਸੁਣਨ ਨਾਲ ਸਬੰਧਤ ਅਪੰਗ (auditory impairments) ਯੂਜ਼ਰਜ਼ ਦੀ ਸਹਾਇਤਾ ਕਰਨ ਲਈ ਸਾਊਂਡਸੈਂਟਰੀ ਡਿਜ਼ਾਇਨ ਕੀਤੀ ਗਈ ਹੈ । ਸਾਊਂਡਸੈਂਟਰੀ ਦਿੱਖ ਚੇਤਾਵਨੀਆਂ (visual warnings) ਨੂੰ ਪੈਦਾ ਕਰਦੀ ਹੈ ਜਿਵੇਂ ਕਿ ਜਦੋਂ ਕਦੇ ਕੰਪਿਊਟਰ ਅਵਾਜ਼ ਪੈਦਾ ਕਰਦਾ ਹੈ ਤਾਂ ਟਾਈਟਲ ਬਾਰ ਦਾ ਬਲਿੰਕ ਕਰਨਾ ਜਾਂ ਫਲੈਸ਼ਿੰਗ ਬਾਰਡਰ ।

- ਸਾਊਂਡਸੈਂਟਰੀ ਨੂੰ ਇਨੇਬਲ ਕਰਨ ਲਈ **Sound** ਟੈਬ ਦੇ ਹੇਠਾਂ ***Use SoundSentry*** ਨੂੰ ਚੁਣੋ ।
  ਇਹ ਕਰਨ ਨਾਲ ਇੱਕ ਡਰਾਪ ਡਾਊਨ ਲਿਸਟ ਐਕਟੀਵੇਟ ਹੋ ਜਾਂਦੀ ਹੈ ਜਿਥੋਂ ਤੁਸੀ ਆਪਣੀ ਇੱਛਾ ਦੇ ਅਨੁਸਾਰ
  ਵਿਜ਼ੁਅਲ ਵਾਰਨਿੰਗ ਨੂੰ ਚੁਣ ਸਕਦੇ ਹੋ ।
- ***Apply*** ਉੱਤੇ ਕਲਿੱਕ ਕਰੋ ।
- ***OK*** ਉੱਤੇ ਕਲਿੱਕ ਕਰੋ ।

**ਸਾਊਂਡਸੈਂਟਰੀ** ਨੂੰ ਸਮਝਣ ਲਈ ਤੁਹਾਨੂੰ ਇੱਕ ਗਲਤੀ (error) ਬਣਾਉਣ ਦੀ ਲੋੜ ਹੈ !

- **Start → Run** ਉੱਤੇ ਕਲਿੱਕ ਕਰੋ । ਨੋਟ ***notepad*** ਦੀ ਥਾਂ ***note*** ਟਾਈਪ ਕਰੋ ਅਤੇ ਐਂਟਰ ਦਬਾਓ ।

ਨੋਟਪੈਡ ਦੇ ਵਿੱਚ ਕੁਝ ਦੁਹਰਾਏ ਜਾਣ ਵਾਲੇ ਕਰੈਕਟਰ ਟਾਈਪ ਕਰੋ । ਨੋਟ ਕਰੋ ਕਿ ਵਿਜ਼ੁਅਲ ਐਰਰ ਸਾਊਂਡ ਕੋਡ ਦੇ ਨਾਲ ਡੈਸਕਟਾਪ ਕੁਝ ਸੈਕਿੰਟਾਂ ਲਈ ਫਲੈਸ਼ ਕਰੇਗਾ ।

ਸਾਊਂਡਸੈਂਟਰੀ ਨੂੰ ਡਿਸੇਬਲ ਕਰਨ ਲਈ ***Use SoundSentry*** ਆਪਸ਼ਨ ਨੂੰ ਅਨਚੈਕ (uncheck) ਕਰੋ ।
ਅਤੇ ਫਿਰ ***Apply*** ਤੇ ਕਲਿੱਕ ਕਰੋ । ਹੁਣ ***OK*** ਤੇ ਕਲਿੱਕ ਕਰੋ ।

## ਸ਼ੋਅਸਾਊਂਡਜ (ShowSounds)

ਸ਼ੋਅਸਾਊਂਡਜ ਐਪਲੀਕੇਸ਼ਨਾਂ ਨੂੰ ਨਿਰਦੇਸ਼ ਦਿੰਦੀ ਹੈ ਕਿ ਜਾਣਕਾਰੀ ਨੂੰ ਅਵਾਜ਼ ਦੁਆਰਾ ਪਹੁੰਚਾਓ। ਜਾਣਕਾਰੀ ਨੂੰ ਵਿਜ਼ੁਅਲੀ ਵੀ ਮੁਹੱਈਆ ਕਰਨ ਲਈ, ਟੈਕਸਟ ਕੈਪਸ਼ਨ ਦੁਆਰਾ ਜਾਂ ਇਨਫਾਰਮੇਟਿਵ ਆਈਕਨਜ਼ (informative icons) ਦੁਆਰਾ ।

- ਸ਼ੋਅਸਾਊਂਡਜ ਨੂੰ ਇਨੇਬਲ ਕਰਨ ਲਈ **Sound** ਟੈਬ ਦੇ ਹੇਠਾਂ ***Use ShowSounds*** ਨੂੰ ਚੁਣੋ ।
- ***Apply*** ਉੱਤੇ ਕਲਿੱਕ ਕਰੋ।
- ***OK*** ਉੱਤੇ ਕਲਿੱਕ ਕਰੋ।

## ਡਿਸਪਲੇ ਟੈਬ (Display Tab)

**ਡਿਸਪਲੇ ਟੈਬ** ਨੂੰ ਚੁਣੋ । ਐਕਸੈਸੀਬਿਲੀਟੀ ਆਪਸ਼ਨਸ ਨੂੰ ਡਿਸਪਲੇ ਦੇ ਲਈ ਕੰਨਫਿਗਰ ਕਰਨ ਵਾਸਤੇ ਇੱਕ ਆਪਸ਼ਨਜ਼ ਵਾਲੀ ਵਿੰਡੋ ਨਜ਼ਰ ਆਉਂਦੀ ਹੈ ।




(figure 5)

## ਹਾਈ ਕੰਟਰਾਸਟ (High Contrast)

ਅੱਖਾਂ ਦੀ ਕਮਜ਼ੋਰੀ ਵਾਲੇ ਲੋਕਾਂ ਦੀ ਮਦਦ ਲਈ **ਹਾਈ ਕੰਟਰਾਸਟ** ਇੱਕ ਐਕਸੈਸੀਬਿਲੀਟੀ ਵਿਸ਼ੇਸ਼ਤਾ ਹੈ । ਤੁਸੀ ਅਸਾਨੀ ਨਾਲ ਵੇਖਣ ਵਾਸਤੇ ਫੌਂਟ ਦਾ ਅਕਾਰ, ਰੰਗ ਅਤੇ ਬੈਕਗ੍ਰਾਊਂਡ ਬਦਲ ਸਕਦੇ ਹੋ ।

- **ਹਾਈ ਕੰਟਰਾਸਟ** ਨੂੰ **ਇਨੇਬਲ** ਕਰਨ ਲਈ **Display** ਟੈਬ ਦੇ ਹੇਠਾਂ ***Use HighContrast*** ਨੂੰ ਚੁਣੋ । (figure 5)

- *Apply* ਤੇ ਕਲਿੱਕ ਕਰੋ ।
- *OK* ਤੇ ਕਲਿੱਕ ਕਰੋ ।

ਆਪਣੇ ਮੋਨੀਟਰ ਉੱਤੇ ਫਰਕ ਨੋਟ ਕਰੋ ਜਿਵੇਂ ਕਿ ਹਾਈ ਕੰਟਰਾਸਟ ਆਪਸ਼ਨ ਇਨੇਬਲ ਕੀਤੀ ਹੋਈ ਹੈ ।

ਕੰਟਰਾਸਟ ਹਾਈ ਨੂੰ ਡਿਸੇਬਲ ਕਰਨ ਲਈ ***Use High Contrast → Apply → OK***

ਆਪਸ਼ਨ ਨੂੰ ਅਨਚੈਕ (unchec) ਕਰੋ । ਅਤੇ ਫਿਰ ਅਪਲਾਈ ਉੱਤੇ ਕਲਿੱਕ ਕਰੋ । ਹੁਣ ***OK*** ਉੱਤੇ ਕਲਿੱਕ ਕਰੋ ।

## ਕਰਸਰ ਆਪਸ਼ਨਜ਼ (Cursor Options)

ਕਰਸਰ ਆਪਸ਼ਨਜ਼ ਵੀ ਇੱਕ ਐਕਸੈਸੀਬਿਲੀਟੀ ਵਿਸ਼ੇਸ਼ਤਾ ਹੈ ਜੋ ਕਰਸਰ ਦੀ ਬਲਿੰਕ ਰੇਟ ਅਤੇ ਚੌੜਾਈ ਨੂੰ ਬਦਲ ਕੇ ਅੱਖਾਂ ਦੀ ਕਮਜ਼ੋਰੀ ਵਾਲੇ ਲੋਕਾਂ ਦੀ ਮਦਦ ਕਰਦੀ ਹੈ ।

- ਕਰਸਰ ਦੀ ਬਲਿੰਕ ਗਤੀ ਨੂੰ ਬਦਲਣ ਲਈ ਬਲਿੰਕ ਰੇਟ ਸਲਾਈਡਰ ਨੂੰ ਅੱਗੇ ਪਿੱਛੇ ਹਿਲਾਓ । ਧਿਆਨ ਨਾਲ ਵੇਖੋ ਕਰਸਰ ਵੱਖ-*2* ਗਤੀਆਂ ਉੱਤੇ ਬਲਿੰਕ ਕਰਦਾ ਹੈ।
- ਕਰਸਰ ਦੀ ਚੌੜਾਈ ਨੂੰ ਬਦਲਣ ਲਈ ਵਿਡਥ ਸਲਾਈਡਰ ਨੂੰ ਅੱਗੇ ਪਿੱਛੇ ਹਿਲਾਓ।ਧਿਆਨ ਦਿਓ ਕਰਸਰ ਦੀ ਚੌੜਾਈ ਬਦਲ ਰਹੀ ਹੈ।

## ਮਾਊਸ ਟੈਬ (Mouse Tab)

## ਮਾਊਸ ਕੀਅਜ਼ (MouseKeys)

**ਮਾਊਸ ਕੀਅਜ਼** ਇੱਕ **ਐਕਸੈਸੀਬਿਲੀਟੀ** ਵਿਸ਼ੇਸ਼ਤਾ ਹੈ ਜੋ ਉਹਨਾਂ ਲੋਕਾਂ ਲਈ ਮਦਦ ਕਰਦੀ ਹੈ ਜਿਹਨਾਂ ਨੂੰ ਮਾਊਸ ਵਰਤਣ ਵਿੱਚ ਮੁਸ਼ਕਿਲ ਆਉਂਦੀ ਹੈ । ਇਹ ਆਪਸ਼ਨ ਕੀਬੋਰਡ ਨੂੰ (ਖਾਸ ਤੌਰ ਤੇ ਨਿਊਮੈਰਿਕ ਕੀਪੈਡ) ਪੁਆਇੰਟਿੰਗ ਡਿਵਾਇਸ ਦੇ ਤੌਰ ਤੇ ਮਾਊਸ ਦੀ ਜਗ੍ਹਾਂ ਨੂੰ ਵਰਤਦੀ ਹੈ

ਮਾਊਸ ਟੈਬ ਨੂੰ ਚੁਣੋ , ਇੱਕ ਵਿੰਡੋ ਮਾਊਸ ਲਈ ਐਕਸੈਸੀਬਿਲੀਟੀ ਆਪਸ਼ਨ ਨੂੰ ਕੰਨਫਿਗਰ ਕਰਨ ਵਾਸਤੇ ਦਿਖਾਈ ਦੇਵੇਗੀ ।(Figure 6)

- ਮਾਊਸ ਕੀਅ ਨੂੰ ਇਨੇਬਲ ਕਰਨ ਲਈ ***Use MouseKeys*** ਨੂੰ ਚੈਕ ਕਰੋ ।
- **Apply** ਉੱਤੇ ਕਲਿੱਕ ਕਰੋ ।
- ***OK*** ਉੱਤੇ ਕਲਿੱਕ ਕਰੋ।




ਸਿਸਟਮ ਟਰੇਅ ਵਿੱਚ ਮਾਊਸ ਕੀਅ ਆਈਕਨ ਨੂੰ ਨੋਟ ਕਰੋ (Figure 6)




Figure 7

***"Use MouseKeys"*** ਨੂੰ ਇਨੇਬਲ ਕਰਨ ਤੋਂ ਬਾਅਦ ਮਾਊਸ ਪੁਆਇੰਟਰ ਨੂੰ ਮੂਵ ਕਰਨ ਲਈ ਮਾਊਸ ਦੀ ਵਰਤੋਂ ਕਰਨ ਦੀ ਥਾਂ ਨੰਬਰ ਪੈਡ ਕੀ (number pad keys) ਨੂੰ ਵਰਤੋ । ਖੱਬੇ ਪਾਸੇ ਮੂਵ ਕਰਨ ਲਈ ਨੰਬਰ ਕੀਅ 4 (number key 4) ਨੂੰ ਵਰਤੋ, ਸੱਜੇ ਪਾਸੇ ਮੂਵ ਕਰਨ ਲਈ 6, ਹੇਠਾਂ ਵੱਲ ਮੂਵ ਕਰਨ ਲਈ 2 ਅਤੇ ਉੱਪਰ ਵੱਲ ਮੂਵ ਕਰਨ ਲਈ 8 ਨੰਬਰ ਕੀ ਨੂੰ ਵਰਤੋ । ਮਾਊਸ ਕੀ ਨੂੰ ਡਿਸੇਬਲ ਕਰਨ ਲਈ *"Use MouseKeys "* ਨੂੰ ਅਨਚੈੱਕ (uncheck) ਕਰੋ । *Apply* 'ਤੇ ÕØ¸ µÕ ÕÕ¯¢ *OK* ਉੱਤੇ ਕਲਿੱਕ ਕਰੋ ।

## ਜਨਰਲ ਟੈਬ (General Tab)

ਇਹ ਟੈਬ ਤੁਹਾਨੂੰ ਸਾਰੇ ਯੂਜ਼ਰਜ਼ ਲਈ ਐਕਸੈਸੀਬਿਲੀਟੀ ਆਪਸ਼ਨ ਨੂੰ ਕੰਨਫਿਗਰ ਕਰਨ ਦੀ ਸੁਵਿਧਾ ਦਿੰਦਾ ਹੈ । ਜਨਰਲ ਟੈਬ ਨੂੰ ਚੁਣੋ, ਅਡੀਸ਼ਨਲ ਐਕਸੈਸੀਬਿਲੀਟੀ ਆਪਸ਼ਨਜ਼ ਨੂੰ ਕੰਨਫਿਗਰ ਕਰਨ ਲਈ ਇੱਕ ਵਿੰਡੋ ਦਿਖਾਈ ਦੇਵੇਗੀ । (figure 8)

*"Turn off accessibility features after idle for", "Give warning message when turning a feature on"* Aqy *"Make a sound when turning a feature on or off".*

ਹੁਣ ਇਹਨਾਂ ਵਿਸ਼ੇਸ਼ਤਾਵਾਂ ਨੂੰ ਇੱਕ ਇੱਕ ਕਰਕੇ ਚੈਕ ਕਰੋ ਅਤੇ ਵੇਖੋ ਕੀ ਹੁੰਦਾ ਹੈ ?




Figure 8

## ਸੀਰੀਅਲ ਕੀਅਜ਼ (SerialKeys)

ਸੀਰੀਅਲ ਕੀਅਜ਼ ਇੱਕ ਐਕਸੈਸੀਬਿਲੀਟੀ ਵਿਸ਼ੇਸ਼ਤਾ ਹੈ ਜੋ ਉਹਨਾਂ ਲੋਕਾਂ ਨੂੰ ਮਦਦ ਕਰਦੀ ਹੈ ਜਿਹਨਾਂ ਨੂੰ ਕੀਬੋਰਡ ਜਾਂ ਮਾਊਸ ਵਰਤਣ ਵਿੱਚ ਮੁਸ਼ਕਿਲ ਹੁੰਦੀ ਹੈ ਜਾਂ ਦੋਨਾਂ ਵਿੱਚ। ਉਹ ਕੰਪਿਊਟਰ ਨੂੰ ਸੀਰੀਅਲ ਪੋਰਟ ਰਾਹੀਂ ਇਨਪੁੱਟ ਦੇ ਲਈ ਖਾਸ ਉਪਰਕਣ ਜਿਵੇਂ ਕਿ ਸਿੱਪ, ਪੱਫ ਅਤੇ ਬਰੈੱਥ ਸਵਿੱਚਸ ਦੀ ਵਰਤੋਂ ਕਰ ਸਕਦੇ ਹਨ ।

ਉਦਾਹਰਣ ਲਈ ਟਿਊਬ ਉੱਤੇ ਸਿਪਿੰਗ (sipping on the tube ) ਇੱਕ ਡਿਵਾਇਸ ਨੂੰ ਐਕਟੀਵੇਟ ਕਰਦੀ ਹੈ ਜਦੋਂ ਕਿ ਉਸੇ ਟਿਊਬ ਉੱਤੇ ਪਫਿੰਗ (puffing on the tube ) ਦੂਜੇ ਨੂੰ ਐਕਟੀਵੇਟ ਕਰਦੀ ਹੈ।



Figure 9

ਇੱਕ ਯੂਜ਼ਰ ਸਿਪ ਅਤੇ ਪਫ ਸਵਿੱਚ ਦੀ ਵਰਤੋਂ ਨਾਲ ਇੱਕ ਡਿਵਾਇਸ ਨੂੰ ਕੰਟਰੋਲ ਕਰ ਰਿਹਾ ਹੈ।

- ਲੋਗਆਨ ਡੈਸਕ ਟਾਪ ਉੱਤੇ ਸਾਰੀਆਂ ਸੈਟਿੰਗਸ ਅਪਲਾਈ ਕਰਕੇ ਲੋਗਆਨ ਇਸ ਯੂਜ਼ਰ ਲਈ ਕੰਨਫਿਗਰਡ ਐਕਸੈਸੀਬਿਲੀਟੀ ਆਪਸ਼ਨ ਵੀ ਵਰਤੀ ਜਾ ਸਕਦੀ ਹੈ ।
- ਨਵੇਂ ਯੂਜ਼ਰ ਲਈ ਸਾਰੀਆਂ ਸੈਟਿੰਗਸ ਡਿਫਾਲਟ ਅਪਲਾਈ ਕਰਕੇ ਸਾਰੇ ਯੂਜ਼ਰਾਂ ਲਈ ਇੱਕ ਖਾਸ ਕੰਪਿਊਟਰ ਨੂੰ ਵਰਤ ਕੇ ਕੰਨਫਿਗਰਡ ਐਕਸੈਸੀਬਿਲੀਟੀ ਆਪਸ਼ਨ ਨੂੰ ਅਪਲਾਈ ਕਰਨ ਲਈ ਵਰਤੀ ਜਾ ਸਕਦੀ ਹੈ।

## ਅਭਿਆਸ

ਜਦੋਂ ਤੁਹਾਨੂੰ ਪੂਰਾ ਵਿਸ਼ਵਾਸ਼ ਹੋ ਜਾਵੇ ਉਦੋਂ ਤੱਕ ਹੇਠਾਂ ਦਿੱਤੀਆਂ ਕਿਰਿਆਵਾਂ ਕਰੋ:

| ਲੜੀ ਨੰ. | ਕਿਰਿਆਵਾਂ |
|---|---|
| 1 | "StickyKeys" ਆਪਸ਼ਨ ਨੂੰ ਵਰਤੋ |
| 2 | "SoundSentry " ਆਪਸ਼ਨ ਨੂੰ ਵਰਤੋ |
| 3 | "High Contrast" ਆਪਸ਼ਨ ਨੂੰ ਵਰਤੋ |
| 4 | "SerialKeys" ਆਪਸ਼ਨ ਨੂੰ ਵਰਤੋ |

## ਮੁਲਾਂਕਣ (ASSESSMENT)

### ਖਾਲੀ ਥਾਵਾਂ ਭਰੋ

1. ਮਾਈਕਰੋ ਸਾਫਟ ਵਿੰਡੋ ਐਕਸਪੀ ਵਿੱਚ ਸਰੀਰਕ ਤੌਰ ਉੱਤੇ ਅਪੰਗਤਾ ਵਾਲੇ ਯੂਜ਼ਰ ਦੀ ਸਹਾਇਤਾ ਲਈ ਅਤੇ ਵਾਰ ਵਾਰ ਪੈਣ ਵਾਲੇ ਦਬਾਅ ਨੂੰ ਘਟਾਉਣ ਲਈ _________ ਆਪਸ਼ਨ ਵਰਤੀ ਜਾਂਦੀ ਹੈ ।
2. ਸਾਉਂਡਸੈਂਟਰੀ _________ ਅਪੰਗਤਾ ਵਾਲੇ ਯੂਜ਼ਰਾਂ ਦੀ ਮਦਦ ਲਈ ਤਿਆਰ ਕੀਤੀ ਗਈ ਹੈ ।
3. ਮਾਈਕਰੋ ਸਾਫਟ ਵਿੰਡੋਜ਼ ਐਕਸਪੀ ਵਿੱਚ ਹਾਈ ਕੰਟਰਾਸਟ (High Contrast) ਆਪਸ਼ਨ_________ ਅਪੰਗਤਾ ਵਾਲੇ ਲੋਕਾਂ ਦੀ ਮਦਦ ਲਈ ਤਿਆਰ ਕੀਤੀ ਗਈ ਹੈ ।
4. ਜਿਹਨਾਂ ਨੂੰ ਕੀਬੋਰਡ ਜਾਂ ਮਾਊਸ ਵਰਤਣ ਵਿੱਚ ਮੁਸ਼ਕਿਲ ਆਉਂਦੀ ਹੈ ਉਹਨਾਂ ਲੋਕਾਂ ਦੀ ਮਦਦ ਲਈ _________ ਆਪਸ਼ਨ ਤਿਆਰ ਕੀਤੀ ਗਈ ਹੈ ।

## ਸੈਸ਼ਨ 2: ਨੈਟਵਰਕਿੰਗ ਫੰਡਾਮੈਂਟਲ (Networking Fundamentals)

### ਸੰਬੰਧਤ ਜਾਣਕਾਰੀ

ਇੱਕ ਕੰਪਿਊਟਰ ਨੈੱਟਵਰਕ ਕੰਪਿਊਟਰਾਂ ਦਾ ਸਮੂਹ ਹੈ । ਅਤੇ ਹੋਰ ਹਾਰਡਵੇਅਰ ਭਾਗ ਜੋ ਕਿ ਆਪਸ ਵਿੱਚ ਸੰਚਾਰ ਮਾਧਿਅਮ (ਕੇਬਲ ਜਾਂ ਸੈਟੇਲਾਈਟ) ਦੁਆਰਾ ਜੁੜੇ ਹੋਏ ਹਨ, ਸਾਧਨਾਂ ਅਤੇ ਜਾਣਕਾਰੀ ਨੂੰ ਸਾਂਝੀ (share) ਕਰਨ ਦੀ ਆਗਿਆ ਦਿੰਦੇ ਹਨ। ਇਹ ਸੈਸ਼ਨ ਤੁਹਾਨੂੰ ਨੈਟਵਰਕਿੰਗ ਅਤੇ ਇੰਟਰਨੈਟ ਦੇ ਮੁਢਲੇ ਸਿਧਾਂਤ ਅਤੇ ਅਲੱਗ-2 ਤਰ੍ਹਾਂ ਦੇ ਇੰਟਰਨੈਟ ਕਨੈਕਸ਼ਨ ਦੀ ਵਰਤੋਂ ਬਾਰੇ ਜਾਣ ਪਹਿਚਾਣ ਕਰਾਵਾਉਂਦਾ ਹੈ ।

ਹੇਠਾਂ ਦਿੱਤੇ ਆਰਕੀਟੈਕਚਰ ਦੀ ਵਰਤੋਂ ਨਾਲ ਨੈਟਵਰਕ ਤਿਆਰ ਕੀਤੇ ਜਾਂਦੇ ਹਨ:

### ਪੀਅਰ-ਟੂ-ਪੀਅਰ (Peer-to-peer (P2P)

ਉਹ ਨੈਟਵਰਕ ਜਿਹਨਾਂ ਵਿੱਚ ਸਾਰੇ ਕੰਪਿਊਟਰਾਂ ਦਾ ਦਰਜਾ ਬਰਾਬਰ ਹੋਵੇ ਨੂੰ ਪੀਅਰ-ਟੂ-ਪੀਆਰ ਨੈਟਵਰਕ ਕਹਿੰਦੇ ਹਨ। ਆਮ ਤੌਰ ਉੱਤੇ ਅਜਿਹੇ ਨੈਟਵਰਕ ਵਿੱਚ ਹਰੇਕ ਟਰਮੀਨਲ ਦੇ ਕੋਲ ਇੱਕ ਬਰਾਬਰ ਸਮਰੱਥ ਸੀ.ਪੀ.ਯੂ ਹੁੰਦਾ ਹੈ ।

### ਕਲਾਇੰਟ-ਸਰਵਰ (Client- Server)

ਉਹ ਨੈਟਰਵਰਕਸ ਜਿਹਨਾਂ ਵਿੱਚ ਕੁਝ ਖਾਸ ਕੰਪਿਊਟਰਾਂ ਕੋਲ ਖਾਸ ਸਮਰਪਿਤ ਕੰਮ, ਦੂਜੇ ਕੰਪਿਊਟਰਾਂ ਨੂੰ (ਨੈਟਵਰਕ ਵਿੱਚ) ਸੇਵਾਵਾਂ ਦਿੰਦੇ ਹਨ ਨੂੰ ਕਲਾਇੰਟ-ਸਰਵਰ ਨੈਟਵਰਕ ਕਹਿੰਦੇ ਹਨ।

ਉਹ ਕੰਪਿਊਟਰ ਜਿਹੜੇ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ ਨੂੰ ਸਰਵਰ ਕਹਿੰਦੇ ਹਨ ਅਤੇ ਉਹ ਜੋ ਇਹਨਾਂ ਸੇਵਾਵਾਂ ਨੂੰ ਵਰਤਦੇ ਹਨ ਨੂੰ ਕਲਾਇੰਟ ਕਹਿੰਦੇ ਹਨ ।

### ਨੈੱਟਵਰਕ ਦੀਆਂ ਕਿਸਮਾਂ (Types of networks)

ਨੈੱਟਵਰਕ ਦੀਆਂ ਦੋ ਮੁੱਖ ਕਿਸਮਾਂ ਲੋਕਲ ਏਰੀਆ ਨੈਟਵਰਕ (LAN) ਅਤੇ ਵਾਈਡ ਏਰੀਆ ਨੈੱਟਵਰਕ (WAN) ਹਨ ।

### ਲੋਕਲ ਏਰੀਆ ਨੈਟਵਰਕ (LAN)

ਲੋਕਲ ਏਰੀਆ ਨੈਟਵਰਕ ਉਹ ਹੈ ਜੋ ਕੰਪਿਊਟਰ ਅਤੇ ਡਿਵਾਈਸਜ਼ ਨੂੰ ਸੀਮਤ ਭੂਗੋਲਿਕ ਖੇਤਰ ਵਿੱਚ ਜੋੜਦਾ ਹੈ ਜਿਵੇਂ ਕਿ ਘਰ, ਸਕੂਲ, ਕੰਪਿਊਟਰ ਲੈਬ, ਦਫਤਰ ਦੀ ਇਮਾਰਤ ਜਾਂ ਨੇੜੇ ਨੇੜੇ ਸਥਿਤ ਇਮਾਰਤਾਂ ਦਾ ਸਮੂਹ। ਆਮ ਤੌਰ ਤੇ ਲੋਕਲ ਏਰੀਆ ਨੈਟਰਵਰਕ ਬਹੁਤ ਤੇਜ ਗਤੀ ਪੇਸ਼ ਕਰਦਾ ਹੈ ਅਤੇ ਕੰਪਿਊਟਰ ਅਤੇ ਪੇਰੀਫਿਰਲ ਜਿਵੇਂ ਪ੍ਰਿੰਟਰ ,ਸਕੈਨਰ ਆਦਿ ਨੂੰ ਜੋੜਨ ਲਈ ਵਰਤਿਆ ਜਾਂਦਾ ਹੈ ।

### ਵਾਈਡ ਏਰੀਆ ਨੈਟਵਰਕ (WAN)

ਵਾਈਡ ਏਰੀਆ ਨੈੱਟਵਰਕ ਉਹ ਹੈ ਜੋ ਇਕ ਬਹੁਤ ਵੱਡੇ ਖੇਤਰ ਨੂੰ ਕਵਰ ਕਰਦਾ ਹੈ (ਮਤਲਬ ਕਿ ਕੋਈ ਵੀ ਨੈਟਵਰਕ ਜੋ ਮਹਾਂਨਗਰ, ਖੇਤਰੀ ਜਾਂ ਕੌਮੀ ਸੀਮਾ ਨੂੰ ਜੋੜਦਾ ਹੈ)। ਸਭ ਤੋਂ ਪ੍ਰਸਿੱਧ ਵੈਨ (WAN) ਦੀ ਉਦਾਹਰਨ ਇੰਟਰਨੈਟ ਹੈ ਅਤੇ ਇਹ ਵਪਾਰ, ਸਰਕਾਰ, ਗੈਰ-ਮੁਨਾਫਾ ਸੰਗਠਨ, ਵਿਅਕਤੀਗਤ ਖਪਤਕਾਰ, ਕਲਾਕਾਰ, ਮਨੋਰੰਜਨ ਕਰਨ ਵਾਲੇ ਅਤੇ ਕਈ ਦੂਜਿਆਂ ਦੁਆਰਾ ਵਰਤਿਆਂ ਜਾਂਦਾ ਹੈ।

## ਇੰਟਰਨੈਟ (Internet)

ਇੰਟਰਨੈੱਟ ਇੱਕ ਆਪਸ ਵਿੱਚ ਜੁੜੇ ਹੋਏ ਕੰਪਿਊਟਰ ਨੈਟਵਰਕਾਂ ਦਾ ਵਿਸ਼ਵ-ਵਿਆਪੀ ਸਿਸਟਮ ਹੈ ਜੋ ਕਿ ਦੁਨੀਆਂ ਭਰ ਦੇ ਅਰਬਾਂ ਯੂਜ਼ਰੂਜ਼ ਨੂੰ ਸੇਵਾ ਦੇਣ ਲਈ ਸਟੈਂਡਅਰਡ ਇੰਟਰਨੈਟ ਪ੍ਰੋਟੋਕੋਲ ਸੂਈਟ ਨੂੰ ਵਰਤਦਾ ਹੈ। ਇਹ ਨੈਟਵਰਕਾਂ ਦਾ ਨੈਟਵਰਕ ਹੈ ਜਿਸ ਵਿੱਚ ਲੱਖਾਂ ਪ੍ਰਾਈਵੇਟ, ਪਬਲਿਕ, ਅਕਾਦਮਿਕ, ਬਿਜ਼ਨੈਸ ਅਤੇ ਸਰਕਾਰੀ ਨੈਟਵਰਕ ਸ਼ਾਮਲ ਹਨ।

ਇੰਟਰਨੈਟ ਆਧੁਨਿਕ ਸਮੇਂ ਦੀ ਸਭ ਤੋਂ ਵੱਧ ਵਰਤੀ ਜਾਣ ਵਾਲੀ ਤਕਨੀਕ ਹੈ ਜੋ ਸਾਡੀ ਰੋਜ਼ਾਨਾ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਵਿੱਚ ਮਦਦ ਕਰਦੀ ਹੈ। ਇੰਟਰਨੈਟ ਦੀ ਵਰਤੋਂ ਵਿਆਪਕ ਤੌਰ ਤੇ ਵਿਦਿਆਰਥੀਆਂ, ਵਿੱਦਿਅਕ ਅਦਾਰਿਆਂ, ਵਿਗਿਆਨੀ ਅਤੇ ਪੇਸ਼ੇਵਰਾਂ ਦੁਆਰਾ ਆਮ ਜਾਣਕਾਰੀ ਅਤੇ ਖੋਜ ਲਈ ਜਾਣਕਾਰੀ ਇਕੱਠੀ ਕਰਨ ਲਈ ਕੀਤੀ ਜਾਂਦੀ ਹੈ। ਵਪਾਰ ਇੰਟਰਨੈਟ ਦੀ ਵਰਤੋਂ ਗੁੰਝਲਦਾਰ ਡਾਟਾਬੇਸ ਜਿਵੇਂ ਕਿ ਫਾਈਨੈਂਸ਼ੀਅਲ ਡਾਟਾਬੇਸ ਨੂੰ ਐਕਸੇਸ ਕਰਨ ਲਈ ਵਰਤਦਾ ਹੈ। ਇੰਟਰਨੈੱਟ ਸਭ ਉਮਰ ਦੇ ਸਮੂਹਾਂ ਲਈ ਸਭ ਤੋਂ ਵੱਡਾ ਇਨਸਾਈਕਲੋਪੀਡੀਆ (ਵਿਸ਼ਵਕੋਸ਼) ਹੈ।ਇੰਟਰਨੈਟ ਚੈਟਿੰਗ ਅਤੇ ਈਮੇਲ ਸਾਫਟਵੇਅਰ ਦੁਆਰਾ ਇੰਟਰਨੈਟ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਸੰਪਰਕ ਬਣਾਈ ਰੱਖਣ ਵਿੱਚ ਸਹਾਇਤਾ ਕਰਦਾ ਹੈ ਜੋ ਕਿ ਅਲੱਗ-2 ਥਾਵਾਂ ਉੱਤੇ ਰਹਿੰਦੇ ਹਨ। ਇੰਟਰਨੈਟ ਆਮ ਲੋਕਾਂ ਲਈ ਮਨੋਰੰਜਨ ਦਾ ਇੱਕ ਵੱਡਾ ਸਾਧਨ ਵੀ ਬਣ ਰਿਹਾ ਹੈ।

## ਵਰਲਡ ਵਾਈਡ ਵੈੱਬ (World Wide Web )

ਵਰਲਡ ਵਾਈਡ ਵੈੱਬ (ਛੋਟਾ ਨਾਮ *WWW* ਜਾਂ *W3*, ਆਮ ਤੌਰ ਤੇ *Web* ਵਜੋਂ ਜਾਣਿਆ ਜਾਂਦਾ ਹੈ।) ਆਪਸ ਵਿੱਚ ਜੁੜੇ ਹੋਏ (interlinked) ਹਾਈਪਰਟੈਕਟਸ(hypertext) ਡਾਕੂਮੈਂਟਸ ਦਾ ਇੱਕ ਸਿਸਟਮ ਹੈ ਜੋ ਕਿ ਇੰਟਰਨੈਟ ਦੇ ਦੁਆਰਾ ਵਰਤਿਆ ਜਾਂਦਾ ਹੈ। ਇੱਕ ਵੈਬ ਬ੍ਰਾਊਜ਼ਰ(web browser) ਦੇ ਨਾਲ ਵਿਅਕਤੀ ਵੈਬ ਪੇਜਜ ਨੂੰ ਦੇਖ ਸਕਦਾ ਹੈ ਜਿਹਨਾਂ ਵਿੱਚ ਟੈਕਸਟ, ਤਸਵੀਰਾਂ, ਵੀਡੀਓ ਅਤੇ ਦੂਜਾ ਮਲਟੀਮੀਡੀਆ ਹੁੰਦਾ ਹੈ ਅਤੇ ਇਹਨਾਂ ਵਿੱਚਕਾਰ ਹਾਈਪਰਲਿੰਕਸ ਦੁਆਰਾ ਅੱਗੇ ਪਿਛੇ ਜਾਇਆ ਜਾ ਸਕਦਾ ਹੈ।

ਜੋ ਜਾਣਕਾਰੀ ਵੈਬ ਸਰਵਰ ਉੱਤੇ ਸਟੋਰ ਹੁੰਦੀ ਹੈ ਉਸ ਨੂੰ ਵੈੱਬ ਪੇਜਜ ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਲੋਕਲ ਕੰਪਿਊਟਰ ਦੇ ਉਤੇ ਵੈਬ ਬ੍ਰਾਊਜ਼ਰ ਜਿਵੇਂ ਫਾਇਰਫੋਕਸ (Firefox) ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ। ਵੈਬ ਬ੍ਰਾਊਜ਼ਰ ਇੱਕ ਸਾਫਟਵੇਅਰ ਹੈ ਜੋ ਕਿ ਵੈੱਬ ਸਾਈਟਾਂ ਦੇਖਣ ਲਈ ਵਰਤਿਆ ਜਾਂਦਾ ਹੈ ਅਤੇ ਇਹ ਵਰਲਡ ਵਾਈਡ ਵੈੱਬ ਅਤੇ ਯੂਜ਼ਰ ਦੇ ਵਿਚਕਾਰ ਇੱਕ ਇੰਟਰਫੇਸ ਦਾ ਕੰਮ ਕਰਦਾ ਹੈ। ਵੈਬ ਸਰਵਰ ਇੱਕ ਕੰਪਿਊਟਰ ਹੈ ਜੋ ਇੰਟਰਨੈੱਟ ਉੱਤੇ ਵੇਖਣ ਲਈ ਵੈੱਬ ਸਾਈਟਾਂ ਅਤੇ ਉਹਨਾਂ ਨਾਲ ਸਬੰਧਤ ਫਾਈਲਾਂ ਨੂੰ ਸਟੋਰ ਕਰਦਾ ਹੈ।

ਨੈਟਵਰਕਿੰਗ ਨਾਲ ਸਬੰਧਤ ਕੁਝ ਫਾਇਦੇ ਇਹ ਹਨ:

- **ਡਾਟਾ ਸਾਂਝਾ ਕਰਨਾ (Data Sharing) :** ਨੈਟਵਰਕਿੰਗ ਦਾ ਸਭ ਤੋਂ ਮਹੱਤਵਪੂਰਨ ਲਾਭ ਹੈ ਡਾਟਾ ਸ਼ੇਰਿੰਗ ਦੀ ਇਜ਼ਾਜ਼ਤ ਦੇਣਾ ਹੈ। ਯੂਜ਼ਰ ਟੈਕਟ ਫਾਈਲਾਂ, ਸਪਰੈੱਡਸ਼ੀਟਾਂ, ਡਾਕੂਮੈਂਟਸ, ਪ੍ਰੈਜ਼ੈਂਟੇਸ਼ਨਾਂ, ਆਡੀਓ ਫਾਈਲਾਂ, ਵੀਡੀਓ ਫਾਈਲਾਂ ਆਦਿ ਦੂਜੇ ਯੂਜ਼ਰ ਨੂੰ ਭੇਜ ਸਕਦੇ ਹਨ।

- **ਹਾਰਡਵੇਅਰ ਸਾਂਝਾ ਕਰਨਾ (Hardware Sharing) :** ਹਾਰਡਵੇਅਰ ਕੰਪੋਨੈਂਟਸ ਜਿਵੇਂ ਕਿ ਪ੍ਰਿੰਟਰ, ਸਕੈਨਰ ਆਦਿ ਵੀ ਸਾਂਝੇ (share) ਕੀਤੇ ਜਾ ਸਕਦੇ ਹਨ। ਉਦਾਹਰਣ ਲਈ ਹਰੇਕ ਯੂਜ਼ਰ ਲਈ ਪ੍ਰਿੰਟਰ ਖਰੀਦਣ ਦੀ ਬਜਾਇ ਇੱਕ ਪ੍ਰਿੰਟਰ ਖਰੀਦਿਆ ਜਾ ਸਕਦਾ ਹੈ ਅਤੇ ਇਸ ਤਰਾਂ ਇਹ ਮਲਟੀਪਲ ਯੂਜ਼ਰਾਂ ਵਿੱਚ ਸਾਂਝਾ ਕਰਕੇ ਲਾਗਤ ਨੂੰ ਬਚਾਉਂਦਾ ਹੈ।

- **ਇੰਟਰਨੈਟ ਸਾਂਝਾ ਕਰਨਾ (Internet Access Sharing):** ਹਰੇਕ ਕੰਪਿਊਟਰ ਲਈ ਬਹੁਤੇ ਇੰਟਰਨੈਟ ਕੁਨੈਕਸ਼ਨ ਖਰੀਦਣ ਦੀ ਥਾਂ ਤੁਸੀ ਇੱਕ ਹੀ ਇੰਟਰਨੈਟ ਕੁਨੈਕਸ਼ਨ ਖਰੀਦ ਸਕਦੇ ਹੋ ਅਤੇ ਇਸ ਨੂੰ ਨੈੱਵਰਕ ਦੇ ਵਿੱਚ ਦੂਜੇ ਕੰਪਿਊਟਰਾਂ ਦੇ ਵਿਚਕਾਰ ਸਾਂਝਾ ਕਰੋ। ਇਹ ਆਮ ਤੌਰ ਤੇ ਇੰਟਰਨੈੱਟ ਕੈਫੇ , ਸਕੂਲਾਂ,ਕਾਲਜਾਂ , ਕੰਪਨੀਆਂ, ਚੈਟ ਐਪਲੀਕੇਸ਼ਨਾਂ ਆਦਿ ਵਿੱਚ ਪਾਇਆ ਜਾਂਦਾ ਹੈ।

- **ਨੈਟਵਰਕ ਅਧਾਰਿਤ ਐਪਲੀਕੇਸ਼ਨਾਂ ਦੀ ਵਰਤੋਂ (Usage of network based applications)** ਜਿਵੇਂ ਕਿ ਵੈੱਬ ਬ੍ਰਾਊਜ਼ਰਸ, ਈਮੇਲ ਕਲਾਇੰਟਸ, ਚੈਟ ਐਪਲੀਕੇਸ਼ਨ, ਆਡੀਓ ਅਤੇ ਵੀਡੀਓ ਕਾਲਿੰਗ ਆਦਿ ਦੂਜੇ ਲਾਭ ਹਨ।

## ਇੰਟਰਨੈੱਟ ਤੱਕ ਪਹੁੰਚ ਬਣਾਉਣਾ (Getting access to the Internet)

ਇੰਟਰਨੈੱਟ ਨੂੰ ਵਰਤਣ ਲਈ ਤਹਾਨੂੰ ਇੱਕ ਇੰਟਰਨੈੱਟ ਕੁਨੈਕਸ਼ਨ ਦੀ ਜਰੂਰਤ ਹੈ । ਇੰਟਰਨੈੱਟ ਕੁਨੈਕਸ਼ਨ ਇੰਟਰਨੈੱਟ ਸਰਵਿਸ ਪ੍ਰੋਵਾਈਡਰ ਜਿਵੇਂ ਕਿ ਭਾਰਤ ਸੰਚਾਰ ਨਿਗਮ ਲਿਮਟਿਡ (BSNL), ਏਅਰਟੈੱਲ, ਐੱਮ.ਟੀ.ਐੱਸ., ਵੋਡਾਫੋਨ, ਟਾਟਾ ਡੋਕੋਮੋ ਆਦਿ ਦੁਆਰਾ ਮੁਹੱਈਆ ਕਰਵਾਏ ਜਾਂਦੇ ਹਨ ।

## ਇੰਟਰਨੈੱਟ ਸਰਵਿਸ ਪ੍ਰੋਵਾਈਡਰ (*Internet Service Provider*)

ਇੰਟਰਨੈੱਟ ਸਰਵਿਸ ਪ੍ਰੋਵਾਈਡਰ (ISP) ਇੱਕ ਸੰਗਠਨ ਹੈ ਜਿਹੜਾ ਕਿ ਤੁਹਾਡੀ ਇੰਟਰਨੈੱਟ ਨਾਲ ਡਾਇਲ-ਅਪ (using modem) ਜਾਂ ਡਾਇਰੈਕਟ (hard wired) ਜਾਂ ਵਾਇਰਲੈੱਸ ਕੁਨੈਕਸ਼ਨ ਦੁਆਰਾ ਪਹੁੰਚ ਬਣਾਉਂਦਾ ਹੈ । ਕੁਨੈਕਟੀਵਿਟੀ ਨੂੰ ਚੁਣਨਾ ਸਪੀਡ ਅਤੇ ਤੁਹਾਡੇ ਖੇਤਰ ਵਿੱਚ ਕੁਨੈਕਸ਼ਨ ਦੀ ਕਿਸਮ , ਇੱਕ ਖਾਸ ਟੈਕਨਾਲੋਜੀ ਦੀ ਉਪਲਬਧਤਾ ਦੇ ਉੱਤੇ ਨਿਰਭਰ ਕਰਦਾ ਹੈ ।

ਆਮ ਤੌਰ ਤੇ ਛੋਟੇ ਅਤੇ ਮੱਧ ਦਰਜੇ ਦੇ ਵਪਾਰਕ ਯੂਜ਼ਰਜ਼, ਘਰੇਲੂ ਯੂਜ਼ਰਜ਼ ਕੁਨੈਕਟੀਵਿਟੀ ਦੀ ਕਿਸਮਾਂ ਜਿਵੇਂ ਕਿ ਡੀ.ਐਸ.ਐਲ (DSL), ਕੇਬਲ ਮੋਡਮ, ਡਾਇਲ-ਅਪ, ਬਰੋਡਬੈਂਡ ਵਾਇਰਲੈੱਸ, ਵਾਈਮੈਕਸ ਜਾਂ 3 ਜੀ ਨੂੰ ਵਰਤਦੇ ਹਨ।

ਮੱਧ ਦਰਜੇ ਤੋਂ ਵੱਡੇ ਵਪਾਰਕ ਯੂਜ਼ਰ ਜਾਂ ਜਿਆਦਾ ਮੰਗਾਂ ਦੀਆਂ ਜਰੂਰਤਾਂ ਵਾਲੇ ਗ੍ਰਾਹਕ ਜਿਆਦਾ ਸਪੀਡ ਵਾਲੀ ਕੁਨੈਕਟੀਵਿਟੀ ਜਿਵੇਂ ਕਿ ਡੀ.ਐਸ.ਐੱਲ(High Speed), ਆਈ.ਐਸ.ਡੀ.ਐੱਨ ਆਦਿ ਨੂੰ ਵਰਤਦੇ ਹਨ।

### ਮੋਡਮ (Modem)

ਮੋਡਮ ਇੱਕ ਡਿਵਾਈਸ ਹੈ ਜੋ ਕਿ ਡਿਜ਼ੀਟਲ ਕੰਪਿਊਟਰ ਸਿਗਨਲਾਂ ਨੂੰ ਇੱਕ ਅਜਿਹੇ ਰੂਪ (analog signals) ਵਿੱਚ ਬਦਲ ਦਿੰਦਾ ਹੈ ਜਿਹੜੇ ਫੋਨ ਲਾਈਨ ਦੇ ਉਤੇ ਜਾ ਸਕਣ।

ਇਹ ਦੁਬਾਰਾ ਐਨਾਲੋਗ ਸਿਗਨਲਾਂ ਨੂੰ ਡਿਜ਼ੀਟਲ ਸਿਗਨਲਾਂ ਵਿੱਚ ਵੀ ਬਦਲਦਾ ਹੈ । ਮੋਡਮ ਸ਼ਬਦ ਇਸਦੇ ਕੰਮ ਮਾਡੂਲੇਟਰ/ਡੀਮਾਡੂਲੇਟਰ (MOdulator/DEModulator)ਤੋਂ ਬਣਾਇਆ ਗਿਆ ਹੈ।

## ਆਮ ਇੰਟਰਨੈੱਟ ਕੁਨੈਕਟੀਵਿਟੀ ਦੀਆਂ ਕਿਸਮਾਂ (*Types of Common Internet Connectivity* )

ਅੱਜ ਕੱਲ ਕਈ ਕਿਸਮਾਂ ਦੀ ਇੰਟਰਨੈੱਟ ਕੁਨੈਕਟੀਵਿਟੀ ਉਪਲਬਧ ਹੈ । ਇਹ ਵਿਆਪਕ ਤੌਰ ਤੇ ਵਾਇਰਡ ਅਤੇ ਵਾਇਰਲੈਸ ਪਹੁੰਚ ਦੇ ਵਿੱਚ ਵੰਡੀ ਜਾ ਸਕਦੀ ਹੈ । ਹੇਠਾਂ ਦਿੱਤਾ ਗਿਆ ਟੇਬਲ ਵੱਖ-2 ਕਿਸਮਾਂ ਵਾਇਰਡ ਅਤੇ ਵਾਇਰਲੈਸ ਦੇ ਵਿੱਚ ਵੰਡੀ ਇੰਟਰਨੈੱਟ ਕੁਨੈਕਟੀਵਿਟੀ ਦੀ ਸੰਖੇਪ ਜਾਣਕਾਰੀ ਹੈ :

| ਤਕਨੀਕ (Technology) | ਕੁਨੈਕਟੀਵਿਟੀ ਦੀ ਕਿਸਮ |
|---|---|
| ਡਾਇਲ-ਅਪ | ਵਾਇਰਡ |
| ਡੀ.ਐਸ.ਐਲ. | ਵਾਇਰਡ |
| ਕੇਬਲ ਇੰਟਰਨੈੱਟ ਐਕਸੇਸ (Cable Internet Access ) | ਵਾਈਰਡ |
| 3ਜੀ | ਵਾਇਰਲੈੱਸ |
| ਵਾਈਮੈਕਸ (WiMAX) | ਵਾਇਰਲੈੱਸ |
| ਵਾਈਫਾਈ (Wi-Fi ) | ਵਾਇਰਲੈੱਸ |

## ਕੁਝ ਆਮ ਵਰਤੇ ਜਾਂਦੇ ਇੰਟਰਨੈੱਟ ਕੁਨੈਕਟੀਵਿਟੀ ਇਹ ਹਨ:

**ਡਾਇਲ-ਅਪ(Dial-up)**: ਡਾਇਲ-ਅਪ ਇੰਟਰਨੈੱਟ ਐਕਸੈਸ , ਇੰਟਰਨੈੱਟ ਐਕਸੈਸ ਦਾ ਇੱਕ ਇਹੋ ਜਿਹਾ ਰੂਪ ਹੈ ਜੋ ਕਿ ਪਬਲਿਕ ਸਵਿੱਚਡ ਟੈਲੀਫੋਨ ਨੈਟਵਰਕ (PSTN) ਦੀ ਸਹੂਲਤ ਨੂੰ ਇੰਟਰਨੈੱਟ ਸਰਵਿਸ ਪ੍ਰੋਵਾਈਡਰ(ISP) ਦਾ ਕੁਨੈਕਸ਼ਨ ਸਥਾਪਿਤ ਕਰਨ ਲਈ ਟੈਲੀਫੋਨ ਲਾਈਨ ਦੁਆਰਾ ਇਕ ਡਿਵਾਇਸ ਦੀ ਵਰਤੋਂ ਨਾਲ ਜਿਸ ਨੂੰ ਮੋਡਮ ਕਹਿੰਦੇ ਹਨ, ਨੂੰ ਵਰਤਦਾ ਹੈ । ਯੂਜ਼ਰਜ਼ ਆਈ.ਐੱਸ.ਪੀ. ਦੁਆਰਾ ਦਿੱਤਾ ਗਿਆ ਖਾਸ ਨੰਬਰ ਡਾਇਲ ਕਰਦੇ ਹਨ ਅਤੇ ਇੰਟਰਨੈੱਟ ਤੱਕ ਪਹੁੰਚ ਪ੍ਰਾਪਤ ਕਰਦੇ ਹਨ।

ਡਾਇਲ-ਅਪ ਕੁਨੈਕਸ਼ਨ ਬਹੁਤ ਹੀ ਧੀਮੇ (slow) ਹੁੰਦੇ ਹਨ ਅਤੇ ਜਿਆਦਾਤਰ ਹਾਲਾਤਾਂ ਵਿੱਚ ਇਹ ਹਾਈ ਸਪੀਡ ਕੁਨੈਕਸ਼ਨ ਜਿਵੇਂ ਕਿ ਡੀ.ਐੱਸ.ਐੱਲ. ਜਾਂ ਕੇਬਲ ਮੋਡਮ ਨਾਲ ਬਦਲ ਦਿੱਤੇ ਗਏ ਹਨ ।

**ਡੀ.ਐੱਸ.ਐੱਲ.( DSL):** ਡਿਜ਼ੀਟਲ ਸਬਸਕਰਾਈਬਰ ਲਾਈਨ ਲੋਕਲ ਟੈਲੀਫੋਨ ਨੈੱਟਰਵਰਕ ਦੀਆਂ ਤਾਰਾਂ ਦੇ ਉੱਤੇ ਡਿਜ਼ੀਟਲ ਡਾਟਾ ਨੂੰ ਟਰਾਂਸਮਿਟ ਕਰਕੇ ਇੰਟਰਨੈੱਟ ਐਕਸੈੱਸ ਮੁਹੱਈਆ ਕਰਵਾਉਂਦਾ ਹੈ । ਡੀ.ਐੱਸ.ਐੱਲ. ਸਰਵਿਸ ਵਾਈਰਡ ਟੈਲੀਫੋਨ ਸਰਵਿਸ ਦੇ ਨਾਲ ਉਸੇ ਹੀ ਟੈਲੀਫੋਨ ਲਾਈਨ ਦੇ ਉਤੇ ਦਿੱਤੀ ਜਾਂਦੀ ਹੈ । ਗ੍ਰਾਹਕ ਦੇ ਪੱਖ ਤੋਂ ਇਕੋ ਸਮੇਂ ਟੈਲੀਫੋਨ ਅਤੇ ਡਾਟਾ ਟਰਾਂਸਮੀਸ਼ਨ ਦੀ ਵਰਤੋਂ ਦੇ ਯੋਗ ਬਣਾ ਕੇ, ਡੀ.ਐੱਸ.ਐੱਲ. ਫਿਲਟਰ ਹਾਈ ਫਰੀਕੁਐਂਸੀ ਇੰਟਰਫੇਸ ਨੂੰ ਹਟਾਉਂਦਾ ਹੈ । ਡੀ.ਐੱਸ.ਐੱਲ ਕੁਨੈਕਸ਼ਨ ਨੂੰ ਵਰਤਣ ਲਈ ਤੁਹਾਨੂੰ ਇੱਕ ਡੀ.ਐੱਸ.ਐੱਲ ਮੋਡਮ ਅਤੇ ਇੱਕ ਸਬਸਕ੍ਰਿਪਸ਼ਨ ਦੀ ਜਰੂਰਤ ਹੈ ।

**ਕੇਬਲ ਇੰਟਰਨੈੱਟ ਐਕਸੈਸ (Cable Internet Access) :** ਕੇਬਲ ਇੰਟਰਨੈੱਟ ਐਕਸੈਸ ਇੱਕ ਬਰਾਡਬੈਂਡ ਇੰਟਰਨੈੱਟ ਐਕਸੈਸ ਦਾ ਰੂਪ ਹੈ ਜੋ ਕਿ ਕੇਬਲ ਟੈਲੀਵਿਜ਼ਨ ਇਨਫਰਾਸਟਰਕਚਰ ਨੂੰ ਵਰਤਦਾ ਹੈ।ਕੇਬਲ ਇੰਟਰਨੈੱਟ ਐਕਸੈਸ ਮੌਜੂਦਾ ਕੇਬਲ ਟੀ.ਵੀ. ਨੈਟਵਰਕ ਰਾਹੀਂ ਮੁਹੱਈਆ ਕਰਵਾਇਆ ਜਾਂਦਾ ਹੈ, ਇਹ ਡੀ.ਐੱਸ.ਐੱਲ ਦੇ ਵਾਂਗੂ ਹੀ ਹੈ ਜੋ ਪਹਿਲਾਂ ਤੋਂ ਮੌਜੂਦ ਟੈਲੀਫੋਨ ਲਾਈਨ ਦੇ ਉੱਤੇ ਮੁਹੱਈਆ ਕਾਰਵਾਈ ਜਾਂਦੀ ਹੈ।

**3ਜੀ: 3ਜੀ, ਤੀਜੀ ਜਨਰੇਸ਼ਨ (3rd Generation)** ਦਾ ਛੋਟਾ ਰੂਪ ਹੈ । ਇਹ ਸਟੈਂਡਅਰਡਜ਼ ਦਾ ਇੱਕ ਸੈੱਟ ਹੈ ਜੋ ਮੋਬਾਇਲ ਡਿਵਾਇਸ ਲਈ ਅਤੇ ਮੋਬਾਈਲ ਦੂਰ ਸੰਚਾਰ ਸੇਵਾ ਅਤੇ ਨੈਟਵਰਕਾਂ ਲਈ ਵਰਤੇ ਗਏ ਹਨ । ਹਾਈ ਸਪੀਡ ਡਾਊਨਲਿੰਕ ਪੈਕੇਟ ਐਕਸੈੱਸ (HSDPA) 3ਜੀ ਮੋਬਾਇਲ ਟੈਲੀਫੋਨੀ ਸੰਚਾਰ ਪ੍ਰੋਟੋਕਾਲ ਹੈ ਜੋ ਉੱਚ ਡਾਟਾ ਸੰਚਾਰ ਗਤੀ (higher data transfer speeds) ਅਤੇ ਸਮਰੱਥਾ ਦੀ ਅਗਿਆ ਦਿੰਦਾ ਹੈ । ਜੇਕਰ ਤੁਹਾਡੇ ਮੋਬਾਇਲ ਦੇ ਉੱਤੇ 3ਜੀ ਸਹਾਇਤਾ ਉਪਲੱਬਧ ਹੈ ਤਾਂ ਤੁਸੀ ਆਪਣੇ ਆਈ.ਐੱਸ.ਪੀ ਨਾਲ ਆਪਣੇ ਫੋਨ ਉੱਤੇ ਹਾਈ ਸਪੀਡ ਇੰਟਰਨੈੱਟ ਕੁਨੈਕਸ਼ਨ ਪ੍ਰਾਪਤ ਕਰਨ ਲਈ 3ਜੀ ਕੁਨੈਕਟੀਵਿਟੀ ਨੂੰ ਸਬਸਕਰਾਈਬ ਕਰ ਸਕਦੇ ਹੋ ।

**ਵਾਈਮੈਕਸ (WiMAX):** ਵਾਈਮੈਕਸ (Worldwide Interoperability for Microwave Access) ਇੱਕ ਸੰਚਾਰ ਦਾ ਵਾਇਰਲੈੱਸ ਸਟੈਂਡਅਰਡ ਹੈ ਜੋ ਕਈ ਕਿਸਮਾਂ ਦੇ ਡਿਵਾਇਸਜ਼ ਦੇ ਰਾਹੀਂ ਸ਼ਹਿਰਾਂ ਅਤੇ ਦੇਸ਼ਾਂ ਵਿੱਚ ਮੋਬਾਇਲ ਬਰਾਡਬੈਂਡ ਕੁਨੈਕਟੀਵਿਟੀ ਨੂੰ ਮੁਹੱਈਆ ਕਰਵਾਉਣ ਲਈ ਤਿਆਰ ਕੀਤਾ ਗਿਆ ਹੈ ।

ਵਾਈਮੈਕਸ ਇੱਕ ਲੰਮੀ ਰੇਂਜ ਦਾ ਸਿਸਟਮ ਹੈ ਜੋ ਕਈ ਕਿਲੋਮੀਟਰ ਨੂੰ ਕਵਰ ਕਰਦਾ ਅਤੇ ਖਾਸ ਤੌਰ ਤੇ ਉੱਤੇ ਵਰਤਿਆ ਜਾਂਦਾ ਹੈ ਜਿੱਥੇ ਡੀ.ਐੱਸ.ਐਲ ਜਾਂ ਕੇਬਲ ਇੰਟਰਨੈੱਟ ਐਕਸੈਸ ਨਹੀਂ ਵਰਤੇ ਜਾ ਸਕਦੇ । ਦੂਰ ਥਾਵਾਂ ਉੱਤੇ ਸਥਿਤ ਘਰ ਜਾਂ ਦਫਤਰ ਲਈ ਕੇਬਲ ਵਿਛਾਉਣ ਵਿੱਚ ਮੁਸ਼ਕਿਲ ਹੋ ਸਕਦੀ ਹੈ ਪਰ ਉੱਥੇ ਇੰਟਰਨੈੱਟ ਐਕਸੈਸ ਕਰਨ ਦੀ ਜਰੂਰਤ ਹੁੰਦੀ ਹੈ ।

**ਵਾਈ-ਫਾਈ (Wi-Fi):** ਵਾਈ-ਫਾਈ ਇੱਕ ਪ੍ਰਸਿੱਧ ਟੈਕਨਾਲੋਜੀ ਹੈ ਜੋ ਇਲੈਕਟਰਾਨਿਕ ਡਿਵਾਇਸ ਜਿਵੇਂ ਕੰਪਿਊਟਰ ਜਾਂ ਮੋਬਾਇਲ ਫੋਨ ਨੂੰ ਹਾਈ ਸਪੀਡ ਇੰਟਰਨੈੱਟ ਕੁਨੈਕਸ਼ਨ ਦੇ ਨਾਲ ਨੈਟਵਰਕ ਦੇ ਉੱਤੇ ਡਾਟਾ ਐਕਸਚੇਂਜ ਕਰਨ ਦੀ ਆਗਿਆ ਦਿੰਦੀ ਹੈ। ਵਾਈ-ਫਾਈ ਡਿਵਾਇਸ ਜਿਵੇਂ ਕਿ ਪਰਸਨਲ ਕੰਪਿਊਟਰ, ਸਮਾਰਟ ਫੋਨ, ਵੀਡੀਓ ਗੇਮ ਕੰਨਸੋਲ ਆਦਿ ਨੈਟਵਰਕ ਸਾਧਨ ਜਿਵੇਂ ਕਿ ਵਾਇਰਲੈੱਸ ਐਕਸੈਸ ਪੁਆਇੰਟ (WAP) ਰਾਹੀਂ ਇੰਟਰਨੈੱਟ ਨਾਲ ਜੁੜ ਸਕਦੇ ਹਨ।

ਵਾਈ-ਫਾਈ ਉੱਥੇ ਵਰਤਿਆ ਜਾਂਦਾ ਹੈ ਜਿੱਥੇ ਨੈਟਵਰਕ ਅਤੇ ਇੰਟਰਨੈੱਟ ਐਕਸੈਸ ਮੁਹੱਈਆ ਕਰਵਾਉਣ ਲਈ ਕੇਬਲਾਂ ਨਹੀਂ ਚਲਦੀਆਂ (ਜਿਵੇਂ ਕਿ ਪੁਰਾਣੀਆਂ ਇਮਾਰਤਾਂ, ਬਾਹਰੀ ਖੇਤਰ) । ਵਾਈ-ਫਾਈ ਉੱਥੇ ਵੀ ਵਰਤਿਆ ਜਾ ਸਕਦਾ ਹੈ ਜਿੱਥੇ ਯੂਜ਼ਰਜ਼ ਨੂੰ ਮੋਬਾਇਲ ਕੁਨੈਕਟੀਵਿਟੀ ਦੀ ਜਰੂਰਤ ਹੁੰਦੀ ਹੈ । ਵਾਈ-ਫਾਈ ਕੁਨੈਕਟੀਵਿਟੀ ਦੀ ਵਰਤੋਂ ਖਾਸ ਤੌਰ ਉੱਤੇ ਇੰਟਰਨੈੱਟ ਐਕਸੈਸ ਕਰਨ ਲਈ ਘਰ ਅਤੇ ਦਫਤਰਾਂ, ਹੋਟਲ, ਕਾਲਜ ਅਤੇ ਸਕੂਲ ਕੈਂਪਸ ਵਿੱਚ ਕੀਤੀ ਜਾਂਦੀ ਹੈ ।

ਸ਼ਾਪਿੰਗ ਮਾਲਜ਼, ਕੌਫੀ ਸ਼ਾਪਸ, ਰਿਜੋਰਟ ਖਾਸ ਤੌਰ ਉੱਤੇ ਮੁਫਤ ਜਾਂ ਪੈਸਿਆਂ ਵਿੱਚ ਵਾਈ-ਫਾਈ ਐਕਸੈਸ ਆਪਣੇ ਗ੍ਰਾਹਕਾਂ ਨੂੰ ਇੰਟਰਨੈੱਟ ਦੇਣ ਲਈ ਪੇਸ਼ਕਸ਼ ਮੁਹੱਈਆ ਕਰਦੇ ਹਨ ।

## ਇੰਟਰਨੈੱਟ ਉੱਤੇ ਡਾਟਾ ਸੰਚਾਰ (Data transfer on the Internet)

ਡਾਟਾ ਸੰਚਾਰ ਅਤੇ ਇੰਟਰਨੈੱਟ ਦੀ ਗੱਲ ਕਰਦੇ ਹੋਏ ਕਦੇ ਤੁਸੀ ਹੈਰਾਨ ਹੋਏ ਹੋ ਕਿ ਕਿਵੇਂ ਦੁਨੀਆਂ ਦੇ ਇੱਕ ਕੋਨੇ ਵਿੱਚ ਬੈਠ ਕੇ ਤੁਸੀ ਕੁਝ ਸੈਕਿੰਟਾਂ ਦੇ ਵਿੱਚ ਹੀ ਦੂਜੇ ਦੂਰ ਖੇਤਰ ਤੋਂ ਜਾਣਕਾਰੀ ਪ੍ਰਾਪਤ ਕਰਦੇ ਹੋ ?

ਬਹੁਤ ਹੀ ਸਾਧਾਰਨ ਭਾਸ਼ਾ ਵਿੱਚ ਆਓ ਵੇਖੀਏ ਕਿ ਡਾਟਾ ਦੇ ਭਾਗ ਨਾਲ ਕੀ ਵਾਪਰਦਾ ਹੈ ਜਿਵੇਂ ਇੱਕ ਵੈੱਬ ਪੇਜ ਨੂੰ ,ਜਦੋਂ ਇੰਟਰਨੈੱਟ ਉੱਤੇ ਟਰਾਂਸਫਰ ਕੀਤਾ ਜਾਂਦਾ ਹੈ:

- ਡਾਟਾ ਬਿਟਸ ਵਿੱਚ ਇੱਕੋ ਸਾਈਜ਼ ਦੇ ਟੁਕੜਿਆਂ ਵਿੱਚ ਵੰਡਿਆ ਜਾਂਦਾ ਹੈ ਜਿਸ ਨੂੰ ਪੈਕੇਟਸ (packets) ਕਿਹਾ ਜਾਂਦਾ ਹੈ।
- ਹਰੇਕ ਪੈਕੇਟ ਦੇ ਨਾਲ ਇੱਕ ਹੈਡਰ ਜੋੜਿਆ ਜਾਂਦਾ ਹੈ, ਜਿਹੜਾ ਦੱਸਦਾ ਹੈ ਕਿ ਡਾਟਾ ਕਿੱਥੋਂ ਆਇਆ ਹੈ, ਇਸ ਦਾ ਅੰਤ ਕਿਥੇ ਹੋਣਾ ਚਾਹੀਦਾ ਹੈ ਅਤੇ ਇਹ ਬਾਕੀ ਪੈਕਟਾਂ ਦੇ ਨਾਲ ਕਿਸ ਵਿੱਚ ਫਿੱਟ ਆਉਂਦਾ ਹੈ ।
- ਹਰੇਕ ਪੈਕੇਟ ਕੰਪਿਊਟਰ ਤੋਂ ਕੰਪਿਊਟਰ ਤੱਕ ਭੇਜਿਆ ਜਾਂਦਾ ਹੈ ਜਦੋਂ ਤੱਕ ਇਸਨੂੰ ਆਪਣੀ ਮੰਜ਼ਿਲ (destination) ਨਹੀਂ ਲੱਭਦੀ । ਰਾਹ ਵਿੱਚ ਹਰੇਕ ਕੰਪਿਊਟਰ ਇਹ ਫੈਸਲਾ ਕਰਦਾ ਹੈ ਕਿ ਅਗਲਾ ਪੈਕਟ ਕਿੱਥੇ ਭੇਜਣਾ ਹੈ ? ਸਾਰੇ ਪੈਕੇਟ ਇੱਕੋ ਹੀ ਰਸਤੇ ਨੂੰ ਨਹੀਂ ਲੈ ਸਕਦੇ ਹਨ ।
- ਮੰਜ਼ਿਲ (destination) ਉੱਤੇ ਪੈਕਟਾਂ ਦੀ ਜਾਂਚ ਕੀਤੀ ਜਾਂਦੀ ਹੈ । ਜੇਕਰ ਕੋਈ ਵੀ ਪੈਕੇਟ ਗੁੰਮ ਜਾਂ ਖਰਾਬ ਹੈ ਤਾਂ ਇੱਕ ਸੰਦੇਸ਼ ਭੇਜਿਆ ਜਾਂਦਾ ਹੈ ਕਿ ਉਹਨਾਂ ਨੂੰ ਦੁਬਾਰਾ ਭੇਜਿਆ ਜਾਵੇ । ਇਹ ਉਦੋਂ ਤੱਕ ਜਾਰੀ ਰਹਿੰਦਾ ਹੈ ਜਦੋਂ ਤੱਕ ਸਾਰੇ ਪੈਕਟ ਸਹੀ ਪ੍ਰਾਪਤ ਨਹੀਂ ਹੁੰਦੇ ।
- ਹੁਣ ਪੈਕੇਟ ਦੁਬਾਰਾ ਉਹਨਾਂ ਦੇ ਅਸਲ ਰੂਪ ਵਿੱਚ ਇਕੱਠੇ ਕੀਤੇ ਜਾਂਦੇ ਹਨ । ਇਹ ਸਾਰਾ ਕੁਝ ਸੈਕਿੰਟਾਂ ਵਿੱਚ ਹੁੰਦਾ ਹੈ !

ਇੰਟਰਨੈੱਟ ਨੂੰ ਐਕਸੈਸ ਕਰਨ ਲਈ , ਤੁਹਾਨੂੰ ਇੱਕ ਐਕਟਿਵ ਇੰਟਰਨੈੱਟ ਕੁਨੈਕਸ਼ਨ ਦੀ ਜਰੂਰਤ ਹੈ । ਇੰਟਰਨੈੱਟ ਕੁਨੈਕਸ਼ਨ ਪਲਾਨ ਨੂੰ ਸਬਸਕਰਾਈਬ ਕਰਨ ਤੋਂ ਪਹਿਲਾਂ ਤੁਹਾਨੂੰ ਜਾਣਕਾਰੀ ਨੂੰ ਇਕੱਠਾ ਕਰਨਾ ਅਤੇ ਆਪਣੀਆਂ ਜਰੂਰਤਾਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ । ਇਸ ਅਭਿਆਸ ਵਿੱਚ ਤੁਸੀ ਸਿੱਖੋਗੇ ਕਿ ਇੰਟਰਨੈੱਟ ਕੁਨੈਕਸ਼ਨ ਦੀ ਚੋਣ ਕਿਵੇਂ ਕਰਨੀ ਹੈ ।

ਕੁਝ ਆਮ ਪ੍ਰਸ਼ਨ ਜੋ ਤੁਹਾਡੇ ਫੈਸਲੇ ਵਿੱਚ ਮਦਦ ਕਰਨਗੇ ਉਹ ਇਹ ਹਨ:

- ਇਸ ਕੁਨੈਕਸ਼ਨ ਨੂੰ ਪ੍ਰਾਪਤ ਕਰਨ ਦਾ ਉਦੇਸ਼ ਕੀ ਹੈ ?
- ਕੀ ਤੁਸੀ ਕੁਨੈਕਸ਼ਨ ਲਗਾਤਾਰ ਵਰਤੋਗੇ ?
- ਇੱਕ ਮਹੀਨੇ ਦੇ ਵਿੱਚ ਔਸਤ ਕਿੰਨੀ ਮਾਤਰਾ ਦੇ ਵਿੱਚ ਡਾਟਾ ਡਾਊਨਲੋਡ ਕੀਤਾ ਜਾਵੇਗਾ ?
- ਤੁਹਾਨੂੰ ਕਿੰਨੀ ਸਪੀਡ ਚਾਹੀਦੀ ਹੈ ?
- ਤੁਹਾਡੇ ਖਾਸ ਖੇਤਰ ਵਿੱਚ ਕਿਹੜੀ ਟੈਕਨਾਲੋਜੀ ਉਪਲਬਧ ਹੈ ?
- ਆਈ.ਐਸ.ਪੀ. ਵੱਲੋਂ ਕਿਹੜੇ ਵੱਖ-2 ਪਲਾਨ ਉਪਲੱਬਧ ਹਨ ?
- ਕੀ ਇੱਥੇ ਕੋਈ ਸੀਮਾ ਹੈ ਜਾਂ ਚੁਣੇ ਗਏ ਪਲਾਨ ਲਈ ਪਕੜ ਹੈ ?

ਵੱਖ-2 ਸਬਸਕਰੀਪਸ਼ਨ ਪਲਾਨ ਦੀ ਤੁਲਨਾ ਕਰਨ ਲਈ ਕਿ ਉਹ ਤੁਹਾਡੀ ਜਰੂਰਤਾਂ ਲਈ ਢੁੱਕਵੇਂ ਹੋਣਗੇ, ਇੱਕ ਅਨੁਮਾਨ ਪ੍ਰਾਪਤ ਕਰਨ ਅਤੇ ਵਿਸ਼ਲੇਸ਼ਣ ਕਰਨ ਲਈ ਹੇਠਾਂ ਦਿੱਤੇ ਟੇਬਲ ਨੂੰ ਵਰਤੋਂ:

| 3 ਜੀ | | | | |
|---|---|---|---|---|
| ਆਈ.ਐਸ.ਪੀ. | ਪਲਾਨ ਦਾ ਨਾਮ | ਡਾਊਨਲੋਡ ਸਪੀਡ | ਡਾਊਨਲੋਡ ਸੀਮਾ | ਮੁਫਤ ਮੋਡਮ |
| | | | | |

| ਕੇਬਲ ਇੰਟਰਨੈੱਟ ਅਕਸੈੱਸ | | | | |
|---|---|---|---|---|
| ਆਈ.ਐਸ.ਪੀ. | ਪਲਾਨ ਦਾ ਨਾਮ | ਡਾਊਨਲੋਡ ਸਪੀਡ | ਡਾਊਨਲੋਡ ਸੀਮਾ | ਮੁਫਤ ਮੋਡਮ |
| | | | | |

| ਡੀ.ਐੱਸ.ਐੱਲ. | | | | |
|---|---|---|---|---|
| ਆਈ.ਐਸ.ਪੀ. | ਪਲਾਨ ਦਾ ਨਾਮ | ਡਾਊਨਲੋਡ ਸਪੀਡ | ਡਾਊਨਲੋਡ ਸੀਮਾ | ਮੁਫਤ ਮੋਡਮ |
| | | | | |

| ਵਾਈਮੈੱਕਸ | | | | |
|---|---|---|---|---|
| ਆਈ.ਐਸ.ਪੀ. | ਪਲਾਨ ਦਾ ਨਾਮ | ਡਾਊਨਲੋਡ ਸੀਮਾ | ਡਾਊਨਲੋਡ ਸੀਮਾ | ਮੁਫਤ ਮੋਡਮ |
| | | | | |

ਵਾਈ ਫਾਈ ਤੱਕ ਪਹੁੰਚ ਬਣਾਉਣ ਲਈ ਤੁਹਾਨੂੰ ਇਕ ਐਕਟਿਵ ਇੰਟਰਨੈੱਟ ਕੁਨੈਕਸ਼ਨ ਦੇ ਨਾਲ ਇੱਕ ਐਕਸੈਸ ਪੁਆਇੰਟ ਦੀ ਜਰੂਰਤ ਹੈ। ਆਮ ਤੌਰ ਉੱਤੇ ਜਦੋਂ ਤੁਸੀ ਇੱਕ ਇੰਟਰਨੈੱਟ ਕੁਨੈਕਸ਼ਨ ਨੂੰ ਸਬਸਕਰਾਈਬ ਕਰਦੇ ਹੋ ਤਾਂ ਆਈ.ਐੱਸ.ਪੀ ਇੱਕ ਵਾਈ-ਫਾਈ(Wi-Fi) ਰਾਊਟਰ ਨੂੰ ਖਰੀਦਣ ਜਾਂ ਕਿਰਾਏ ਉੱਤੇ ਲੈਣ ਲਈ ਵਿਕਲਪ ਮੁਹੱਈਆ ਕਰਵਾਉਂਦਾ ਹੈ ਜਿਹੜਾ ਕਿ ਵਾਈ-ਫਾਈ (Wi-Fi) ਕੁਨੈਕਟੀਵਿਟੀ ਲਈ ਇੰਟਰਨੈੱਟ ਕੁਨੈਕਟੀਵਿਟੀ ਡਿਵਾਇਸ ਅਤੇ ਇੱਕ ਐਕਸੈਸ ਪੁਆਇੰਟ ਦੋਵਾਂ ਵਾਂਗ ਕੰਮ ਕਰਦਾ ਹੈ। ਵਾਈ-ਫਾਈ(Wi-Fi) ਨੈਟਵਰਕ ਦਾ ਸੈਟਅਪ ਕਰਨ ਲਈ ਟੈਕਨੀਕਲ ਮੁਹਾਰਤ ਦੀ ਲੋੜ ਹੈ, ਫਿਰ ਵੀ ਤੁਸੀ ਐਕਸੈਸ ਪੁਆਇੰਟ ਦੁਆਰਾ ਵਾਈ-ਫਾਈ(Wi-Fi) ਨੈਟਵਰਕ ਨੂੰ ਕੁਨੈਕਟ ਕਰਕੇ ਐਕਸੈਸ ਕਰ ਸਕਦੇ ਹੋ ਜਿਸਦਾ ਕਿ ਪਹਿਲਾਂ ਹੀ ਵਰਤੋਂ ਲਈ ਸੈਟਅਪ ਕੀਤਾ ਹੋਇਆ ਹੈ।ਜਿਸ ਕੰਪਿਊਟਰ ਉੱਤੇ ਵਿੰਡੋ ਐਕਸਪੀ ਚੱਲਦੀ ਹੈ, ਤੁਸੀ ਉਸ ਉਤੇ ਹੇਠਾਂ ਦਿੱਤੇ ਢੰਗ ਦੀ ਵਰਤੋਂ ਕਰਕੇ ਉਪਲੱਬਧ ਵਾਇਰਲੈਸ ਨੈੱਟਵਰਕਾਂ ਦੀ ਸੂਚੀ ਵੇਖ ਸਕਦੇ ਹੋ:

ਸਿਸਟਮ ਟਰੇਅ ਦੇ ਵਿੱਚ ਵਾਇਰਲੈੱਸ ਆਈਕਨ ਦੇ ਉੱਤੇ ਰਾਈਟ ਕਲਿੱਕ ਕਰੋ ਅਤੇ View Available Wireless Networks" ਉੱਤੇ ਕਲਿੱਕ ਕਰੋ। (figure 10)




(figure 10)

ਵਿੰਡੋ ਐਕਸਪੀ ਉਪਲੱਬਧ ਵਾਈ ਫਾਈ ਨੈਟਵਰਕਾਂ ਦੀ ਸੂਚੀ ਦਿਖਾਏਗੀ, ਤੁਸੀ ਇਸ ਲਿਸਟ ਵਿੱਚੋਂ ਕਿਸੇ ਵੀ ਕੁਨੈਕਸ਼ਨ ਨੂੰ ਚੁਣ ਸਕਦੇ ਹੋ। ਸੂਚੀ ਵਿੱਚ ਦਿਖਾਈ ਦੇ ਰਹੇ ਨਾਮ ਦੇ ਉਤੇ ਡਬਲ ਕਲਿੱਕ ਕਰਕੇ ਚੁਣੋ।




ਨੋਟ: ਜੇਕਰ ਚੁਣਿਆ ਹੋਇਆ ਨੈਟਵਰਕ ਸੁਰੱਖਿਅਤ ਹੈ ਤਾਂ ਤੁਹਾਨੂੰ ਪਾਸਵਰਡ ਐਂਟਰ ਕਰਨ ਲਈ ਪੁੱਛਿਆ ਜਾ ਸਕਦਾ ਹੈ। ਤੁਸੀ ਇੱਕ ਕਨਫਰਮੇਸ਼ਨ ਪ੍ਰਾਪਤ ਕਰੋਗੇ ਕਿ ਤੁਸੀ ਇੱਕ ਵਾਇਰਲੈੱਸ ਨੈਟਵਰਕ ਨਾਲ ਜੁੜ ਗਏ ਹੋ। ਹੁਣ ਸਿਸਟਮ ਨੈਟਵਰਕ ਨਾਲ ਸਬੰਧਤ ਐਪਲੀਕੇਸ਼ਨਾਂ ਜਿਵੇਂ ਫਾਇਰਫੋਕਸ(*Firefox*), ਕਰੋਮ (*Chrome*), ਸਕਾਈਪ (*Skype*) ਆਦਿ ਨੂੰ ਵਰਤਣ ਲਈ ਤਿਆਰ ਹੈ।

## ਅਭਿਆਸ

ਹੇਠਾਂ ਕਿਰਿਆਵਾਂ ਨੂੰ ਕਰੋ ਜਦੋਂ ਤੱਕ ਤੁਹਾਨੂੰ ਪੂਰਾ ਯਕੀਨ ਹੈ

| ਲੜੀ ਨੰ. | ਕਿਰਿਆਵਾਂ |
|---|---|
| 1. | ਤੁਹਾਡੇ ਸ਼ਹਿਰ ਵਿੱਚ ਉਪਲੱਬਧ ਕਿਸੇ ਤਿੰਨ ਆਈ.ਐਸ.ਪੀ ਦੀ ਸੂਚੀ ਬਣਾਓ। ਸੂਚਨਾ ਜਿਵੇਂ ਕੁਨੈਕਟੀਵਿਟੀ ਦੀ ਕਿਸਮ, ਸਪੀਡ ਅਤੇ ਖਰਚੇ ਨੂੰ ਇਕੱਠਾ ਕਰਨ ਤੋਂ ਬਾਅਦ ਉਹਨਾਂ ਦੀ ਤੁਲਨਾ ਕਰੋ ਅਤੇ ਦੱਸੋ ਕਿ ਆਈ.ਐਸ.ਪੀ ਸਭ ਤੋਂ ਵਧੀਆ ਹੈ ਅਤੇ ਕਿਉਂ? |

## ਮੁਲਾਂਕਣ ( ASSESSMENT )

### 1) ਖਾਲੀ ਥਾਵਾਂ ਭਰੋ:

1. ਲੈਨ (LAN) ਦਾ ਪੂਰਾ ਨਾਂ _____________ ਹੈ।
2. ਵਾਇਰਡ ਇੰਟਰਨੈੱਟ ਕੁਨੈਕਟੀਵਿਟੀ ਦੀਆਂ ਤਿੰਨ ਕਿਸਮਾਂ _______, _______ਅਤੇ _______ਹਨ।
3. ਵਾਇਰਲੈਸ ਇੰਟਰਨੈੱਟ ਕੁਨੈਕਟੀਵਿਟੀ ਦੀਆਂ ਤਿੰਨ ਕਿਸਮਾਂ _______,_______ਅਤੇ _______ਹਨ।

### (2) ਹੇਠਾਂ ਦਿਤਿਆਂ ਦੇ ਜੁਆਬ ਦਿਓ

1) ਨੈਟਵਰਕਿੰਗ ਦੀ ਪਰੀਭਾਸ਼ਾ ਕੀ ਹੈ?
2) ਨੈਟਵਰਕਿੰਗ ਦੇ ਕੀ ਲਾਭ ਹਨ?
3) ਨੈਟਵਰਕਿੰਗ ਦੀਆਂ ਵੱਖ-2 ਕਿਸਮਾਂ ਕਿਹੜੀਆਂ ਹਨ?
4) ਲੈਨ(LAN) ਅਤੇ ਵੈਨ (WAN) ਦੀ ਵਿਆਖਿਆ ਕਰੋ।

## ਸੈਸ਼ਨ 3: ਇੰਸਟੈਂਟ ਮੈਸੇਜਿੰਗ ਨਾਲ ਜਾਣ-ਪਹਿਚਾਣ (Introduction to Instant Messaging)

### ਸੰਬੰਧਤ ਜਾਣਕਾਰੀ

ਇੰਸਟੈਂਟ ਮੈਸੇਜਿੰਗ (IM) ਇੰਟਰਨੈੱਟ ਦੇ ਉਤੇ ਸੰਚਾਰ ਦਾ ਇੱਕ ਰੂਪ ਹੈ ਜਿਹੜਾ ਟੈਕਸਟ ਅਧਾਰਿਤ ਸੰਦੇਸ਼ ਨੂੰ ਭੇਜਣ ਵਾਲੇ ਤੋਂ ਪ੍ਰਾਪਤ ਕਰਨ ਵਾਲੇ ਤੱਕ ਲਗਾਤਾਰ ਟਰਾਂਸਮੀਸ਼ਨ ਨੂੰ ਪੇਸ਼ ਕਰਦਾ ਹੈ। ਜਿਆਦਾਤਰ ਇੰਸਟੈਂਟ ਮੈਸੇਜਿੰਗ ਸਾਫਟਵੇਅਰ ਦੇ ਵਿੱਚ ਸਟੈਂਡਅਰਡ ਟੈਕਸਟ ਚੈਟ ਤੋਂ ਇਲਾਵਾ ਫਾਇਲ ਟਰਾਂਸਫਰ, ਆਡੀਓ ਚੈਟ, ਵੀਡੀਓ ਕਾਲਿੰਗ ਅਤੇ ਕਾਨਫਰੈਸਿੰਗ, ਡੈਸਕਟਾਪ ਸ਼ੇਰਿੰਗ ਆਦਿ ਵਿਕਲਪ ਸ਼ਾਮਲ ਹੁੰਦੇ ਹਨ। ਇੰਸਟੈਂਟ ਮੈਸੇਜਿੰਗ ਸਾਫਟਵੇਅਰ ਦੀ ਵਰਤੋਂ ਵਿਆਪਕ ਤੌਰ ਉੱਤੇ ਨਿੱਜੀ ਅਤੇ ਵਪਾਰਕ ਵਰਤੋਂ ਲਈ ਕੀਤੀ ਜਾਂਦੀ ਹੈ। ਇਸ ਸੈਸ਼ਨ ਵਿੱਚ ਤੁਹਾਨੂੰ ਇੰਸਟੈਂਟ ਮੈਸੇਜਿੰਗ ਦੇ ਕੰਨਸੈਪਟ, ਇੰਸਟੈਂਟ ਮੈਸੇਜਿੰਗ ਅਕਾਊਂਟ ਨੂੰ ਬਣਾਉਣ ਲਈ ਸਟੈਪਸ ਅਤੇ ਇੰਸਟੈਂਟ ਮੈਸੇਜਿੰਗ ਸਾਫਟਵੇਅਰ ਨਾਲ ਕੰਮ ਕਰਨ ਬਾਰੇ ਵੀ ਜਾਣ-ਪਹਿਚਾਣ ਕਰਵਾਈ ਜਾਵੇਗੀ।

ਈਮੇਲ ਤੋਂ ਉਲਟ ਇੰਸਟੈਂਟ ਮੈਸੇਜਿੰਗ ਰੀਅਲ ਟਾਈਮ ਵਿੱਚ ਵਾਪਰਦਾ ਹੈ ਅਤੇ ਹਿੱਸਾ ਲੈਣ ਵਾਲਿਆਂ ਤੋਂ ਜੁਆਬ ਉਸੇ ਵੇਲੇ ਹੋ ਸਕਦਾ ਹੈ। ਕੁਝ ਇੰਸਟੈਂਟ ਮੈਸੇਜਿੰਗ ਸਾਫਟਵੇਅਰ ਯੂਜ਼ਰ ਨੂੰ ਉਦੋਂ ਪ੍ਰਾਪਤ ਹੋਏ ਮੈਸੇਜ ਵੇਖਣ ਦੀ ਆਗਿਆ ਦਿੰਦੇ ਹਨ ਜਦੋਂ ਉਹ ਲਾਗ ਆਨ ਨਹੀਂ ਹੁੰਦੇ। ਇਹਨਾਂ ਨੂੰ ਆਫ-ਲਾਈਨ " Offline Messages " ਮੈਸੇਜ ਕਿਹਾ ਜਾਂਦਾ ਹੈ। ਆਡੀਓ ਅਤੇ ਵੀਡੀਓ ਚੈਟ ਜਾਂ ਕਾਨਫਰੈਸਿੰਗ ਨੂੰ ਵਰਤਣ ਲਈ ਤੁਹਾਡੇ ਕੋਲ ਮਾਈਕਰੋਫੋਨ ਅਤੇ ਹੈਡਸੈਟ ਜਾਂ ਸਪੀਕਰ ਅਤੇ ਵੈੱਬ ਕੈਮਰਾ ਹੋਣਾ ਚਾਹੀਦਾ ਹੈ ਤਾਂ ਜੋ ਯੂਜ਼ਰ ਇੱਕ ਦੂਜੇ ਨਾਲ ਗੱਲ ਕਰ ਸਕਣ ਅਤੇ ਦੇਖ ਸਕਣ।

ਇੰਸਟੈਂਟ ਮੈਸੇਜਿੰਗ ਦੀਆਂ ਖਾਸ ਵਿਸ਼ੇਸ਼ਤਾਵਾਂ ਹੇਠਾਂ ਅਨੁਸਾਰ ਹਨ:

- ਟੈਕਸਟ ਮੈਸੇਜ ਇੱਕ ਜਾਂ ਵੱਧ ਵਿਅਕਤੀਆਂ ਨੂੰ ਭੇਜਿਆ ਜਾ ਸਕਦਾ ਹੈ।( SMS ਦੀ ਤਰਾਂ)
- ਆਡੀਓ ਕਾਲਿੰਗ ਅਤੇ ਕਾਨਫਰੈਸਿੰਗ
- ਵੀਡੀਓ ਕਾਲਿੰਗ ਅਤੇ ਕਾਨਫਰੈਸਿੰਗ
- ਫਾਈਲ ਟਰਾਂਸਫਰ (ਡਾਕੂਮੈਂਟ,ਸਪ੍ਰੈਡਸ਼ੀਟ,ਆਡੀਓ ਫਾਈਲ,ਵੀਡੀਓ ਫਾਈਲ ਆਦਿ ਤੱਕ ਹੀ ਸੀਮਤ ਨਹੀਂ ਹੈ)।
- ਮੈਸੇਜ ਹਿਸਟਰੀ (ਮੈਸੇਜਾਂ ਨੂੰ ਭਵਿੱਖ ਰੈਫਰੈਂਸ ਲਈ ਸੇਵ ਕਰਦਾ ਹੈ)।

### ਇੰਸਟੈਂਟ ਮੈਸੇਜਿੰਗ ਅਕਾਊਂਟ (Instant Messaging Account )

ਭਾਗ ਲੈਣ ਵਾਲਿਆਂ ਨੂੰ ਇੱਕ ਦੂਜੇ ਨੂੰ ਮੈਸੇਜ ਕਰਨ ਲਈ ਇੱਕੋ ਹੀ ਮੈਸੇਜਿੰਗ ਸਾਫਟਵੇਅਰ ਦੇ ਵਿੱਚ ਸਾਈਨ ਇਨ (signed in) ਹੋਣ ਜਰੂਰੀ ਹੈ।

ਇੰਸਟੈਂਟ ਮੈਸੇਜਿੰਗ ਸਾਫਟਵੇਅਰ ਨੂੰ ਵਰਤਣ ਲਈ ਇੱਕ ਯੂਜ਼ਰ ਕੋਲ ਵੈਲਿਡ ਇੰਸਟੈਂਟ ਮੈਸੇਜਿੰਗ ਅਕਾਉਂਟ ਹੋਣਾ ਚਾਹੀਦਾ ਹੈ।ਇੰਸਟੈਂਟ ਮੈਸੇਜਿੰਗ ਅਕਾਊਂਟਸ ਫਾਰਮੈਟ ਵਿੱਚ ਵੱਖਰੇ ਹੁੰਦੇ ਹਨ; ਕੁਝ ਇੰਸਟੈਂਟ ਮੈਸੇਜਿੰਗ ਸਾਫਟਵੇਅਰ ਜਿਵੇਂ ਕਿ ਯਾਹੂ ਮੈਸੇਂਜਰ (Yahoo! Messenger), ਵਿੰਡੋ ਲਾਈਵ ਮੈਸੇਂਜਰ (Windows Live Messenger) ਅਕਾਊਂਟ ਨੂੰ ਮੈਨੇਜ ਕਰਨ ਲਈ ਈਮੇਲ ਐਡਰੈਸ ਵਰਤਦੇ ਹਨ ਅਤੇ ਸਾਫਟਵੇਅਰ ਜਿਵੇਂ ਕਿ ਸਕਾਈਪ (Skype) ਸਟੈਂਡਅਰਡ ਨਾਮ ਵਰਤਦੇ ਹਨ।

### ਇੰਸਟੈਂਟ ਮੈਸੇਜਿੰਗ ਸਰਵਿਸਜ਼ (Instant Messaging Services)

ਇੰਸਟੈਂਟ ਮੈਸੇਜਿੰਗ ਸਾਫਟਵੇਅਰ ਦੋ ਤਰਾਂ ਦੇ ਹੁੰਦੇ ਹਨ -ਐਪਲੀਕੇਸ਼ਨ ਅਧਾਰਿਤ ਅਤੇ ਵੈੱਬ ਅਧਾਰਿਤ।

- ਐਪਲੀਕੇਸ਼ਨ ਅਧਾਰਿਤ ਇੰਸਟੈਂਟ ਮੈਸੇਜਿੰਗ ਸਾਫਟਵੇਅਰ ਨੂੰ ਡਾਊਨਲੋਡ ਕੀਤਾ ਜਾਂਦਾ ਹੈ ਅਤੇ ਯੂਜ਼ਰ ਦੇ ਕੰਪਿਊਟਰ ਉੱਤੇ ਇੰਸਟਾਲ ਕੀਤਾ ਜਾਂਦਾ ਹੈ। ਕੁਝ ਮਸ਼ਹੂਰ ਇੰਸਟੈਂਟ ਮੈਸੇਜਿੰਗ ਸਾਫਟਵੇਅਰ ਇਹ ਹਨ:
    - ਗੂਗਲ ਟਾਕ (Google Talk)
    - ਯਾਹੂ ਮੈਸੇਂਜਰ (Yahoo! Messenger)
    - ਸਕਾਈਪ(Skype)
    - ਵਿੰਡੋ ਲਾਈਵ ਮੈਸੇਂਜਰ(Windows Live Messenger )
    - ਰੈਡਿਫ ਬੋਲ ਆਦਿ।( Rediff Bol)

- ਵੈੱਬ ਅਧਾਰਿਤ ਇੰਸਟੈਂਟ ਮੈਸੇਜਿੰਗ ਸਾਫਟਵੇਅਰ ਬ੍ਰਾਊਜ਼ਰ ਦੀ ਵਰਤੋਂ ਕਰਕੇ ਐਕਸੈਸ ਕੀਤੇ ਜਾਂਦੇ ਹਨ ਜਿਵੇਂ Internet Explorer, Mozilla Firefox, Google Chrome। ਕੁਝ ਮਸ਼ਹੂਰ ਵੈੱਬ ਅਧਾਰਿਤ ਇੰਸਟੈਂਟ ਮੈਸੇਜਿੰਗ ਸਾਫਟਵੇਅਰ ਇਹ ਹਨ:
    - ਮੀਬੋ(Meebo )
    - ਯਾਹੂ ਮੈਸੇਂਜਰ ਵੈਬ ਲਈ (Yahoo! Messenger for Web)
    - ਐਮ.ਐਸ.ਐਨ ਵੈਬ ਮੈਸੇਂਜਰ (MSN Web Messenger)
    - ਆਈ.ਐਮ.ਓ.(IMO)ਆਦਿ।

## ਇੰਸਟੈਂਟ ਮੈਸੇਜਿੰਗ ਅਕਾਊਂਟ ਬਣਾਉਣਾ (Creating an instant messaging account)

ਇਸ ਅਭਿਆਸ ਵਿੱਚ ਤੁਸੀਂ ਗੂਗਲ ਟਾਕ (Google Talk) ਨੂੰ ਵਰਤਣ ਲਈ ਇੱਕ ਇੰਸਟੈਂਟ ਮੈਸੇਜਿੰਗ ਅਕਾਊਂਟ ਬਣਾਉਣਾ ਸਿੱਖੋਗੇ

ਗੂਗਲ ਟਾਕ ਇੱਕ ਇੰਸਟੈਂਟ ਮੈਸੇਜਿੰਗ ਸਰਵਿਸ ਹੈ ਜੋ ਟੈਕਟ ਅਤੇ ਵੀਡੀਓ ਦੋਨਾਂ ਨੂੰ ਸੰਚਾਰ ਲਈ ਮੁਹੱਈਆ ਕਰਵਾਉਂਦੀ ਹੈ, ਇਹ ਗੂਗਲ ਇਨਸ ਦੁਆਰਾ ਵਿਕਸਿਤ ਕੀਤੀ ਗਈ ਹੈ। ਟਾਕ ਗੂਗਲ ਦੀ ਵਰਤੋਂ ਵੀਡੀਓ ਟਾਕ ਲਈ ਅਤੇ ਜੀਮੇਲ (GMAIL) ਦੇ ਮੇਲ ਬਾਕਸ (mailbox) ਵਿੱਚੋਂ ਅਪਡੇਟ ਦੇਖਣ ਲਈ ਵੀ ਕੀਤੀ ਜਾ ਸਕਦੀ ਹੈ। ਗੂਗਲ ਟਾਕ ਮੁਫਤ ਹੈ ਅਤੇ ਐਪਲੀਕੇਸ਼ਨ ਅਧਾਰਿਤ (ਯੂਜ਼ਰ ਨੂੰ ਗੂਗਲ ਐਪਲੀਕੇਸ਼ਨ ਡਾਊਨਲੋਡ ਕਰਨ ਅਤੇ ਆਪਣੇ ਡੈਸਕਟਾਪ, ਮੋਬਾਇਲ ਜਾਂ ਲੈਪਟਾਪ ਉੱਤੇ ਇੰਸਟਾਲ ਕਰਨ ਦੀ ਲੋੜ ਹੈ) ਅਤੇ ਵੈੱਬ ਅਧਾਰਿਤ (ਯੂਜ਼ਰ ਗੂਗਲ ਟਾਕ ਨੂੰ ਆਪਣੇ ਜੀਮੇਲ (GMAIL) ਅਕਾਊਂਟ ਵਿੱਚ ਸਾਈਨ ਇਨ (sign in) ਕਰਕੇ ਵਰਤ ਸਕਦੇ ਹਨ) ਉਪਲੱਬਧ ਹੈ।

ਟਾਕ ਗੂਗਲ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡਾ ਇੱਕ ਜੀਮੇਲ ਖਾਤਾ (Gmail account) ਹੋਣਾ ਚਾਹੀਦਾ ਹੈ। ਤੁਸੀ ਪਹਿਲਾਂ ਸਿੱਖਿਆ ਹੈ ਕਿ ਇੱਕ ਜੀਮੇਲ ਖਾਤਾ (Gmail account) ਕਿਵੇਂ ਬਣਾਇਆ ਜਾਂਦਾ ਹੈ। ਇਸ ਅਭਿਆਸ ਵਿੱਚ ਤੁਸੀ ਸਿੱਖੋਗੇ ਕਿ ਗੂਗਲ ਟਾਕ ਨੂੰ ਕਿਵੇਂ ਵਰਤਣਾ ਹੈ।




ਨੋਟ: ਇਸ ਅਭਿਆਸ ਨੂੰ ਕਰਨ ਤੋਂ ਪਹਿਲਾਂ ਤੁਹਾਨੂੰ ਵੈਬਸਾਈਟ ww.google.com/talk ਤੋਂ ਗੂਗਲ ਟਾਕ ਐਪਲੀਕੇਸ਼ਨ ਡਾਊਨਲੋਡ ਕਰਨ ਦੀ ਜਰੂਰਤ ਹੈ।

ਗੂਗਲ ਟਾਕ ਨੂੰ ਸ਼ੁਰੂ ਕਰਨਾ (Launching Google Talk)

ਗੂਗਲ ਟਾਕ ਨੂੰ ਸ਼ੁਰੂ ਕਰਨ ਲਈ Start → Programs→Google Talk→Google Talk ਉੱਤੇ ਕਲਿੱਕ ਕਰੋ।

ਡੈਸਕਟਾਪ ਦੇ ਉਤੇ ਜੇਕਰ ਉਪਲੱਬਧ ਹੈ ਤਾਂ ਤੁਸੀ ਗੂਗਲ ਟਾਕ ਦੇ ਆਈਕਨ ਦੇ ਉਤੇ ਵੀ ਡਬਲ ਕਲਿੱਕ ਕਰ ਸਕਦੇ ਹੋ।

ਜੋ ਕੰਨਟੈਕਟਸ ਚੈਟ ਲਈ ਉਪਲੱਬਧ ਹਨ ਤੁਹਾਨੂੰ ਉਹਨਾਂ ਦੀ ਇਕ ਸੂਚੀ ਦੀ ਲੋੜ ਹੈ । ਜੇਕਰ ਤੁਹਾਡੇ ਕੋਲ ਕੋਈ ਵੀ ਕੰਨਟੈਕਟ ਨਹੀਂ ਹੈ ਤਾਂ ਇੱਕ ਸੱਦਾ (an invite) ਭੇਜ ਕੇ ਤੁਸੀ ਉਹਨਾਂ ਦੇ ਜੀਮੇਲ ਅਕਾਊਂਟ ਆਪਣੇ ਕੰਨਟੈਕਟ ਵਿੱਚ ਜੋੜ ਸਕਦੇ ਹੋ।

ਜੇਕਰ ਪਹਿਲਾਂ ਤੁਹਾਡੇ ਕੋਲ ਜੀਮੇਲ ਅਕਾਊਂਟ ਨਹੀਂ ਹੈ ਤਾਂ ਤੁਸੀ ਇੱਕ ਨਵਾਂ ਜੀਮੇਲ ਅਕਾਊਂਟ ਬਣਾ ਸਕਦੇ ਹੋ।

### ਤੁਹਾਡੇ ਗੂਗਲ ਟਾਕ ਅਕਾਊਂਟ ਵਿੱਚ ਸਾਈਨ ਇਨ ਕਰਨਾ (Signing In into your Google Talk Account):

ਗੂਗਲ ਟਾਕ ਵਰਤਣ ਲਈ ਤੁਹਾਨੂੰ ਆਪਣੇ ਅਕਾਊਂਟ ਦੇ ਵੇਰਵੇ ਨਾਲ ਸਾਈਨ ਇਨ (sign in) ਕਰਨ ਦੀ ਜਰੂਰਤ ਹੈ।

ਆਪਣੇ ਗੂਗਲ ਟਾਕ ਅਕਾਊਂਟ ਵਿੱਚ ਸਾਈਨ ਇਨ (sign in) ਕਰਨ ਤੋਂ ਬਾਅਦ ਤੁਹਾਨੂੰ ਹੇਠਾਂ ਦਰਸਾਈ ਵਿੰਡੋ ਵਰਗੀ ਇੱਕ ਵਿੰਡੋ ਦਿਖਾਈ ਦੇਣੀ ਚਾਹੀਦੀ ਹੈ । ਹੁਣ ਗੂਗਲ ਟਾਕ ਐਪਲੀਕੇਸ਼ਨ ਵਰਤੋਂ ਲਈ ਤਿਆਰ ਹੈ।




## ਅਭਿਆਸ

ਹੇਠਾਂ ਦਿੱਤੀ ਕਿਰਿਆ ਕਰੋ:

| ਲੜੀ ਨੰ. | ਕਿਰਿਆਵਾਂ |
|---|---|
| I. | ਤਸੀ ਗੂਗਲ ਟਾਕ (Google Talk) ਵਿੱਚ ਸਾਈਨ ਇਨ (sign in) ਕਰਨਾ ਸਿੱਖਿਆ ਹੈ । ਹੁਣ ਦੁਬਾਰਾ ਗੂਗਲ ਟਾਕ ਦੀ ਵਰਤੋਂ ਨਾਲ ਸਾਈਨ ਆਉਟ ਅਤੇ ਸਾਈਨ ਇਨ ਕਰਨ ਦੀ ਕੋਸ਼ਿਸ਼ ਕਰੋ । |

## ਮੁਲਾਂਕਣ

### I. ਖਾਲੀ ਥਾਵਾਂ ਭਰੋ:

1) ____________________ਇੱਕ ਇੰਟਰਨੈੱਟ ‘ਤੇ ਸੰਚਾਰ ਦਾ ਰੂਪ ਹੈ ਜੋ ਸੈਂਡਰ ਤੋਂ ਰਿਸੀਵਰ ਟੈਕਟਸ ਅਧਾਰਿਤ ਮੈਸੇਜ ਦੇ ਤਰੰਤ ਟਰਾਂਸਮੀਸ਼ਨ ਨੂੰ ਪੇਸ਼ ਕਰਦਾ ਹੈ।

2) ____________,____________ ਅਤੇ ____________ਅਤੇ ਵੈੱਬ ਕੈਮਰਾ ਆਡੀਓ ਅਤੇ ਵੀਡੀਓ ਕਾਨਫਰੰਸਿੰਗ ਲਈ ਲੋੜੀਂਦਾ ਹੈ।

### II. ਹੇਠਾਂ ਜੁਆਬ ਦਿਓ:

1. ਕਿਸੇ ਪੰਜ ਐਪਲੀਕੇਸ਼ਨ ਅਧਾਰਿਤ ਇੰਸਟੈਂਟ ਮੈਸੇਜਿੰਗ ਸਾਫਟਵੇਅਰ ਦੀ ਸੂਚੀ ਬਣਾਓ।

## ਸੈਸ਼ਨ 4: ਇੱਕ ਕੰਨਟੈਕਟ ਨਾਲ ਚੈਟ ਕਰਨਾ–ਗੂਗਲ ਟਾਕ (Chatting With a Contact – Google Talk)

### ਸਬੰਧਤ ਜਾਣਕਾਰੀ

ਇਸ ਸ਼ੈਸਨ ਵਿੱਚ ਤੁਸੀ ਇਕ ਕੰਨਟੈਕਟ (contact) ਨਾਲ ਚੈਟ ਕਰਨਾ ਸਿਖੋਗੇ ਜਿਹੜਾ ਕਿ ਪਹਿਲਾਂ ਹੀ ਤੁਹਾਡੀ ਕੰਨਟੈਕਟ ਲਿਸਟ ਵਿਚ ਸ਼ਾਮਲ ਹੈ ।

- ਜਦੋਂ ਵੀ ਕੰਨਟੈਕਟ ਲਿਸਟ ਵਿੱਚ ਤੁਹਾਡਾ ਦੋਸਤ ਆਨਲਾਈਨ ਹੁੰਦਾ ਹੈ ਤਾਂ ਤੁਸੀ ਵਿਅਕਤੀ ਨੂੰ ਹਰੀ ਬਿੰਦੀ ਨਾਲ ਵੇਖ ਸਕਦੇ ਹੋ । ਜਿਵੇਂ ਕਿ ਤਸਵੀਰ 12 ਵਿੱਚ ਹੈ:




- ਤੁਸੀ ਕੰਨਟੈਕਟ ਉਤੇ ਡਬਲ ਕਲਿੱਕ ਕਰਕੇ ਉਸੇ ਵੇਲੇ ਟੈਕਸਟ ਚੈਟ ਸੰਦੇਸ਼ ਸ਼ੁਰੂ ਕਰ ਸਕਦੇ ਹੋ। ਇੱਕ ਵਿੰਡੋ ਪੋਪ–ਅਪ ਹੋਵੇਗੀ ਜਿਵੇਂ ਕਿ ਹੇਠਾਂ ਚਿੱਤਰ ਵਿਚ ਵਿਖਾਈ ਗਈ ਹੈ। ਤੁਸੀ ਟੈਕਸਟ ਬਾਕਸ ਵਿਚ ਟੈਕਸਟ ਲਿਖ ਸਕਦੇ ਹੋ ਅਤੇ ਐਂਟਰ ਦਬਾਓ; ਦੂਜਾ ਵਿਅਕਤੀ ਟੈਕਸਟ ਸੰਦੇਸ਼ ਵੇਖੇਗਾ ਅਤੇ ਤੁਹਾਡੇ ਸੰਦੇਸ਼ ਦਾ ਜੁਆਬ ਦੇਵੇਗਾ ।
- ਅੱਗੇ ਚੱਲੋ ਅਤੇ ਆਪਣੇ ਕੁਝ ਸਹਿਪਾਠੀਆਂ ਦੇ ਕੰਨਟੈਕਟ ਪ੍ਰਾਪਤ ਕਰਕੇ ਉਹਨਾਂ ਨਾਲ ਚੈਟ ਕਰੋ ।




ਚੈਟਿੰਗ ਕਰਦੇ ਸਮੇਂ ਕੁਝ ਆਮ ਨਿਯਮ ਹਨ ਅਤੇ ਸ਼ਿਸ਼ਟਾਚਾਰ ਹੈ ਜਿਸਦੀ ਦੀ ਪਾਲਣਾ ਕਰਨੀ ਚਾਹੀਦੀ ਹੈ । ਉਹ ਤਕਰੀਬਨ ਇਕੋ ਜਿਹੇ ਹਨ ਜਿਵੇਂ ਉਹਨਾਂ ਨੇ ਈਮੇਲ ਲਈ ਅਪਲਾਈ ਕੀਤਾ ਹੈ ।

- ਮੈਸੇਜ ਛੋਟਾ ਅਤੇ ਪੁਆਇੰਟ ਅਨੁਸਾਰ ਹੋਣਾ ਚਾਹੀਦਾ ਹੈ ।
- ਜੇਕਰ ਤੁਹਾਡਾ ਸਕਰੀਨ ਨਾਮ ਇਸਨੂੰ ਰਿਫਲੈਕਟ ਨਹੀਂ ਕਰਦਾ ਤਾਂ ਹਮੇਸ਼ਾ ਆਪਣੇ ਆਪ ਦੀ ਨਾਮ ਤੋਂ ਜਾਣ ਪਹਿਚਾਣ ਕਰਵਾਓ ।
- ਹਮੇਸ਼ਾ ਪੁੱਛੋ ਜੇਕਰ ਦੂਜੇ ਵਿਅਕਤੀ ਕੋਲ ਪਹਿਲਾਂ ਚੈਟ ਕਰਨ ਦਾ ਸਮਾਂ ਹੈ-ਇਹ ਪਰਵਾਹ ਕੀਤੇ ਬਿਨਾ ਜੋ ਤੁਸੀ ਸੋਚਦੇ ਹੋ ਜੋ ਤੁਸੀ ਕਹਿਣਾ ਹੈ ਉਹ ਕਿੰਨਾ ਮਹੱਤਵਪੂਰਨ ਹੈ, ਇਹ ਸਹੀ ਤਰੀਕੇ ਨਾਲ ਪ੍ਰਾਪਤ ਨਹੀਂ ਹੋਵੇਗਾ ਜੇਕਰ ਪ੍ਰਾਪਤ ਕਰਤਾ ਵਿਅਸਤ ਹੈ ।
- ਵਪਾਰਕ ਮਹੌਲ ਵਿੱਚ ਉਹਨੂੰ ਪੂਰੀ ਤਰਾਂ ਨਾਲ ਜਾਣੋ ਜੋ ਤੁਸੀ ਚਰਚਾ ਕਰਨੀ ਚਾਹੁੰਦੇ ਹੋ ।
- ਵੱਡੇ ਅੱਖਰਾਂ (UPPERCASE) ਵਿੱਚ ਟਾਈਪ ਕਰਨਾ ਬਹੁਤ ਹੀ ਰੁੱਖਾ ਹੈ-ਇਸ ਨੂੰ ਚਿਲਾਉਣਾ ਅਤੇ ਬਹੁਤ ਹੀ ਹਮਲਾਵਰ ਮੰਨਿਆ ਹੈ ।
- ਲੋਕਾਂ ਨੂੰ ਜੁਆਬ ਦੇਣ ਦਾ ਸਮਾਂ ਦਿਓ- ਇਸ ਤੋਂ ਪਹਿਲਾਂ ਕਿ ਉਸ ਨੂੰ ਮੋਕਾ ਮਿਲੇ ਕਿ ਉਹ ਉਸ ਦਾ ਜੁਆਬ ਦੇਵੇ , ਪ੍ਰਾਪਤ ਕਰਤਾ ਨੂੰ ਭੇਜੇ ਬਹੁਤੇ ਪ੍ਰਸ਼ਨ, ਇੱਕ ਗੱਲਬਾਤ ਦੀ ਬਜਾਇ ਪੁੱਛ ਪੜਤਾਲ ਦੀ ਤਰਾਂ ਲੱਗ ਸਕਦਾ ਹੈ ।
- ਜਿੱਥੇ ਵੀ ਸੰਭਵ ਹੋਵੇ, ਜਿਸ ਵਿਅਕਤੀ ਨਾਲ ਤੁਸੀ ਗੱਲ ਕਰ ਰਹੇ ਹੋ ਉਸ ਉੱਤੇ ਪੂਰਾ ਧਿਆਨ ਦਿਓ । ਇਸ ਸਿਰਫ ਸਤਿਕਾਰ ਦਾ ਹੀ ਚਿੰਨ ਨਹੀਂ ਹੈ ਬਲਕਿ ਜੇਕਰ ਤੁਸੀ ਕਈਆਂ ਨਾਲ ਗੱਲ ਕਰ ਰਹੇ ਹੋ ਜਾਂ ਦੂਜੇ ਮੁੱਦਿਆਂ ਨੂੰ ਆਗਿਆ ਦੇਣਾ ਤੁਹਾਡਾ ਧਿਆਨ ਭੰਗ ਕਰਨਾ ਹੈ, ਤੁਸੀ ਦੂਜੇ ਦੇ ਮੈਸੇਂਜਰ ਵਿੱਚ ਕੋਈ ਮਹੱਤਵਪੂਰਨ ਪੁਆਇੰਟ ਛੱਡ ਸਕਦੇ ਹੋ ਜਾਂ ਗੱਲਬਾਤ ਦਾ ਸਾਰ ਗੁਆ ਸਕਦੇ ਹੋ ।
- ਇਹ ਮਹੱਤਵਪੂਰਨ ਹੈ ਕਿ ਇੰਸਟੈਂਟ ਮੈਸੇਂਜਰ ਦੀ ਗੱਲਬਾਤ ਨੂੰ ਸਹੀ ਢੰਗ ਨਾਲ ਖਤਮ ਕਰੋ- ਤੁਹਾਨੂੰ ਲੱਗਦਾ ਹੈ ਕਿ ਗੱਲਬਾਤ ਖਤਮ ਹੋ ਗਈ ਹੈ, ਦੂਜਾ ਵਿਅਕਤੀ ਨਹੀਂ ਸੋਚਦਾ । ਜਦੋਂ ਤੁਸੀ ਦੂਜੇ ਕੰਮ ਕਰਦੇ ਹੋਏ ਬੰਦ ਕਰ ਦਿੰਦੇ ਹੋ, ਹੋ ਸਕਦਾ ਹੈ ਕਿ ਉਹ ਸਕਰੀਨ ਦੇ ਸਾਹਮਣੇ ਬੈਠ ਕੇ ਦੇਖ ਰਹੇ ਹੋਣ ਕਿ ਤੁਹਾਡੇ ਵੱਲੋਂ ਹੋਰ ਅੱਗੇ ਗੱਲਬਾਤ ਹੋਵੇ।

## ਜੀਮੇਲ ਉੱਤੇ ਚੈਟਿੰਗ ਕਰਨਾ (Chatting on Gmail)

ਇਸ ਅਭਿਆਸ ਵਿੱਚ ਤੁਸੀ ਇੱਕ ਵੈੱਬ ਬ੍ਰਾਊਜ਼ਰ ਦੁਆਰਾ ਜੀਮੇਲ ਅਕਾਊਂਟ ਦੀ ਵਰਤੋਂ ਕਰਕੇ ਇੱਕ ਕੰਟੈਕਟ ਨਾਲ ਚੈਟ ਕਰਨਾ ਸਿੱਖੋਗੇ ।

ਤੁਸੀ ਜੀਮੇਲ ਅਕਾਊਂਟ ਵਿੱਚ ਸਾਈਨ ਇਨ (Sign In) ਕਰਨ ਤੋਂ ਬਾਅਦ ਚੈਟਿੰਗ ਸਰਵਿਸਜ਼ ਨੂੰ ਵੀ ਵਰਤ ਸਕਦੇ ਹੋ।ਜੀਮੇਲ ਅਕਾਊਂਟ ਦੀ ਵਰਤੋਂ ਕਰਕੇ ਵੋਇਸ ਚੈਟ, ਟੈਕਟਸ ਚੈਟ ਆਦਿ ਕਰਦੇ ਸਮੇਂ ਓਹੀ ਢੰਗ ਅਪਣਾਇਆ ਜਾਵੇਗਾ ।

ਇੱਕ ਵਾਰ ਜਦੋਂ ਤੁਸੀ ਜੀਮੇਲ ਅਕਾਊਂਟ ਵਿੱਚ ਸਾਈਨ ਇਨ ਕਰਦੇ ਹੋ, ਇੱਕ ਕੰਨਟੈਕਟ ਵਿੰਡੋ ਡਿਸਪਲੇ ਹੋਵੇਗੀ ਜਾਂ ਤਾਂ ਖੱਬੇ ਪਾਸੇ ਜਾਂ ਸੱਜੇ ਪਾਸੇ ਬ੍ਰਾਊਜ਼ਰ ਦੇ ਵਿਚਕਾਰ ਜਿਵੇਂ ਕਿ ਹੇਠਾਂ ਦਿਖਾਇਆ ਗਿਆ ਹੈ:




Figure 13

ਜੇਕਰ ਤੁਸੀ ਕੰਨਟੈਕਟ ਨਾਲ ਚੈਟ ਕਰਨਾ ਚਾਹੁੰਦੇ ਹੋ, ਕੰਨਟੈਕਟ ਨਾਮ ਉੱਤੇ ਡਬਲ ਕਲਿੱਕ ਕਰੋ। ਤੁਸੀ ਇੱਕ pop-up ਵੇਖੋਗੇ ਜਿਸ ਤਰ੍ਹਾ ਦਾ ਹੇਠਾਂ ਵਿਖਾਇਆ ਗਿਆ ਹੈ।




Figure 14




Figure 15

ਹੁਣ ਤੁਸੀ ਸੰਦੇਸ਼ ਲਿਖਣਾ ਸ਼ੁਰੂ ਕਰ ਸਕਦੇ ਹੋ ਜਿਹੜਾ ਤੁਸੀ ਭੇਜਣਾ ਚਾਹੁੰਦੇ ਹੋ ਅਤੇ ਦੂਜੇ ਸੰਪਰਕ ਤੁਹਾਡੀ ਚੈਟ ਸੰਦੇਸ਼ ਦਾ ਜੁਆਬ ਦੇਣ ਦੇ ਯੋਗ ਹੋਣੇ ਚਾਹੀਦੇ ਹਨ।

## ਯਾਹੂ ਉੱਤੇ ਚੈਟਿੰਗ ਕਰਨਾ (Chatting on Yahoo)

ਇੱਕ ਇੰਸਟੈਂਟ ਮੈਸੇਂਜਿੰਗ ਸਾਫਟਵੇਅਰ ਨੂੰ ਸਿੱਖਣ ਤੋਂ ਬਾਅਦ, ਤੁਸੀ ਦੂਜੇ ਨਾਲ ਤਜਰਬਾ ਕਰੋਗੇ। ਇਸ ਅਭਿਆਸ ਵਿੱਚ ਤੁਸੀ ਯਾਹੂ ਮੈਸੇਂਜਰ (Yahoo Messenger) ਨੂੰ ਵਰਤਣ ਲਈ ਇੱਕ ਇੰਸਟੈਂਟ ਮੈਸੇਂਜਿੰਗ ਅਕਾਉਂਟ ਬਣਾਓਗੇ।

ਨੋਟ: ਇਸ ਅਭਿਆਸ ਤੋਂ ਪਹਿਲਾਂ ਤੁਹਾਨੂੰ ਵੈਬਸਾਈਟ http://in.messenger.yahoo.com/download/ ਤੋਂ ਯਾਹੂ ਮੈਸੇਂਜਰ (Yahoo Messenger) ਡਾਊਨਲੋਡ ਕਰਨ ਦੀ ਜਰੂਰਤ ਹੋ ਸਕਦੀ ਹੈ।

ਇਸ ਤੋਂ ਪਹਿਲਾਂ ਕਿ ਤੁਸੀ ਮੈਸੇਂਜਰ (Yahoo Messenger) ਨੂੰ ਸ਼ੁਰੂ ਕਰੋ,ਇੱਕ ਯਾਹੂ ਮੇਲ (Yahoo! Mail) ਅਕਾਉਂਟ ਦੀ ਜਰੂਰਤ ਹੈ। ਜੇਕਰ ਪਹਿਲਾਂ ਤੁਹਾਡੇ ਕੋਲ ਯਾਹੂ ਮੇਲ (Yahoo! Mail) ਅਕਾਉਂਟ ਨਹੀਂ ਹੈ ਤਾਂ ਤੁਸੀ ਯਾਹੂ ਮੇਲ (Yahoo! Mail) ਅਕਾਉਂਟ ਬਣਾਉਣ ਲਈ ਬਣੀ ਹੋਈ ਆਪਸ਼ਨ ਨੂੰ ਵਰਤ ਸਕਦੇ ਹੋ।

ਤੁਹਾਡੇ ਕੋਲ ਉਹਨਾਂ ਕੰਟੈਕਟ ਦੀ ਸੂਚੀ ਹੋਣੀ ਚਾਹੀਦੀ ਹੈ ਜੋ ਚੈਟ ਲਈ ਉਪਲੱਬਧ ਹਨ। ਜੇਕਰ ਤੁਹਾਡੇ ਕੋਲ ਕੋਈ ਕੰਟੈਕਟ ਨਹੀਂ ਹੈ ਤਾ ਤੁਸੀ ਉਹਨਾਂ ਦੇ ਯਾਹੂ ਮੇਲ (Yahoo! Mail) ਅਕਾਉਂਟ ਨੂੰ ਸੱਦਾ (invite) ਭੇਜ ਕੇ ਆਪਣੀ ਕੰਟੈਕਟ ਲਿਸਟ ਵਿੱਚ ਜੋੜ ਸਕਦੇ ਹੋ।

ਨੋਟ: ਜੇਕਰ ਤੁਸੀ ਆਪਣੇ ਕੰਟੈਕਟਸ ਦੂਜੇ ਸਾਧਨਾਂ ਜਿਵੇਂ Microsoft Outlook, Gmail, Hotmail ਆਦਿ ਤੋਂ ਇੰਪੋਰਟ ਕਰਨ ਲਈ ਇੰਪੋਰਟ (import) ਆਪਸ਼ਨ ਨੂੰ ਵਰਤ ਸਕਦੇ ਹੋ।

ਯਾਹੂ ਮੈਸੇਂਜਰ (Yahoo! Messenger) ਨੂੰ ਵਰਤਣ ਤੋਂ ਬਾਅਦ, ਹੁਣ ਅੱਗੇ ਵਧੋ ਅਤੇ ਇੱਕ ਵੈੱਬ ਬ੍ਰਾਊਜ਼ਰ ਦੁਆਰਾ ਯਾਹੂ ਮੇਲ (Yahoo! Mail) ਅਕਾਉਂਟ ਦੀ ਵਰਤੋਂ ਨਾਲ ਆਪਣੇ ਸਹਿਪਾਠੀਆਂ ਨਾਲ ਚੈਟ ਕਰੋ।

ਤੁਸੀ ਚੈਟਿੰਗ ਦੀਆਂ ਦੂਜੀਆਂ ਸਰਵਿਸਜ਼ ਜਿਵੇਂ MSN, Rediff, Sify ਆਦਿ ਨੂੰ ਵੀ ਵਰਤ ਸਕਦੇ ਹੋ। ਡਾਊਨਲੋਡ ਕਰਨ ਲਈ ਹੋਰ ਹਦਾਇਤਾਂ ਅਤੇ ਸਾਫਟਵੇਅਰ ਨੂੰ ਵਰਤਣ ਲਈ ਸਬੰਧਿਤ ਵੈੱਬ ਸਾਈਟਾਂ ਨੂੰ ਵੇਖੋ।

## ਅਭਿਆਸ

ਹੇਠਾਂ ਦਿੱਤੀਆਂ ਕਿਰਿਆਵਾਂ ਕਰੋ:

| ਲੜੀ ਨੰ. | ਕਿਰਿਆਵਾਂ |
|---|---|
| 1 | ਆਪਣੀ ਕੰਟੈਕਟ ਸੂਚੀ ਵਿੱਚ ਹੋਰ ਕੰਟੈਕਟ ਜੋੜੋ ਅਤੇ ਮਲਟੀਪਲ ਕੰਟੈਕਟ ਨਾਲ ਚੈਟ ਕਰੋ। |
| 2 | Windows Live Messenger, Rediff, Sify messengers ਨੂੰ ਡਾਊਨਲੋਡ, ਇੰਸਟਾਲ ਕਰੋ ਅਤੇ ਵਰਤੋ।ਅਭਿਆਸ ਕਰਨ ਲਈ ਸਬੰਧਤ ਅਕਾਊਂਟਸ ਬਣਾਓ। |

## ਮੁਲਾਂਕਣ (ASSESSMENT)

### ਹੇਠਾਂ ਜੁਆਬ ਦਿਓ :

1. ਇੰਟਰਨੈੱਟ ਉੱਤੇ ਚੈਟਿੰਗ ਕਰਦੇ ਸਮੇਂ ਕਿਸੇ ਤਿੰਨ ਨਿਯਮਾਂ ਅਤੇ ਸ਼ਿਸ਼ਟਾਚਾਰ ਬਾਰੇ ਦੱਸੋ ਜਿਹਨਾਂ ਦਾ ਪਾਲਣ ਕਰਨਾ ਚਾਹੀਦਾ ਹੈ।

## ਸੈਸ਼ਨ 5: ਵੈਬਪੇਜ -ਬਲਾਗ ਬਣਾਉਣੇ ਅਤੇ ਪਬਲਿਸ਼ ਕਰਨੇ (Creating and Publishing Web Pages – Blog)

### ਸਬੰਧਤ ਜਾਣਕਾਰੀ

ਬਲਾਗ (blog) ਇੱਕ ਚਰਚਾ ਸ਼ੈਲੀ ਦਾ ਢੰਗ ਹੈ ਜੋ ਕਿ ਨਾਨ-ਟੈਕਨੀਕਲ (ਅਤੇ ਟੈਕਨੀਕਲ ਯੂਜ਼ਰਾਂ) ਯੂਜ਼ਰਾਂ ਦੁਆਰਾ ਨਿੱਜੀ ਵੈੱਬ ਪੇਜ ਬਣਾਉਣ ਲਈ ਵਰਤਿਆ ਜਾਂਦਾ ਹੈ । ਬਲਾਗ ਇੱਕ ਆਨ ਲਾਈਨ ਨਿੱਜੀ ਡਾਇਰੀ ਵਾਂਗੂ ਹੀ ਹੈ ਅਤੇ ਵਰਤਣਾ ਬਹੁਤ ਸੌਖਾ ਹੈ ।

ਤੁਸੀ ਬਲਾਗ ਨੂੰ ਕਿਸੇ ਐਲਾਨ ਕਰਨ, ਖਬਰ, ਸਮੀਖਿਆਂ ਆਦਿ ਬਾਰੇ ਸੰਦੇਸ਼ ਪਹੁੰਚਾਉਣ ਲਈ ਵਰਤ ਸਕਦੇ ਹੋ।

ਬਲਾਗ ਆਮ ਤੌਰ ਉੱਤੇ ਵੈੱਬ ਬ੍ਰਾਊਜ਼ਰ ਦੀ ਵਰਤੋਂ ਕਰਕੇ ਮੈਨੇਜ ਕੀਤੇ ਜਾਂਦੇ ਹਨ ਅਤੇ ਇਸ ਲਈ ਐਕਟਿਵ ਇੰਟਰਨੈੱਟ ਕੁਨੈਕਸ਼ਨ ਚਾਹੀਦਾ ਹੈ।

ਤੁਸੀ ਆਫ ਲਾਈਨ ਬਲਾਗ (offline blog ) ਸਾਫਟਵੇਅਰ ਦੀ ਵਰਤੋਂ ਪਹਿਲਾਂ ਕੰਟੈਂਟ ਨੂੰ ਬਣਾਉਣ ਲਈ ਅਤੇ ਜਦੋਂ ਐਕਟਿਵ ਇੰਟਰਨੈੱਟ ਕੁਨੈਕਸ਼ਨ ਉਪਲੱਬਧ ਹੈ ਤਾਂ ਬਾਅਦ ਵਿੱਚ ਪਬਲਿਸ਼ ਕਰਨ ਲਈ ਵੀ ਕਰ ਸਕਦੇ ਹੋ।

ਅਣਗਿਣਤ ਵੈਬਸਾਈਟਾਂ ਹਨ ਜੋ ਮੁਫਤ ਦੇ ਵਿੱਚ ਬਲਾਗ ਸਰਵਿਸ ਦਿੰਦੀਆਂ ਹਨ । ਕੁਝ ਪ੍ਰਸਿੱਧ ਬਲਾਗਾਂ ਵਿੱਚ ਇਹ ਸ਼ਾਮਿਲ ਹਨ:

- www.WordPress.com
- www.blogger.com
- www.blog.com
- www.weebly.com
- www.blogsome.com

### ਬਲਾਗ ਅਕਾਊਂਟ ਬਣਾਉਣਾ (Creating a Blog Account)

ਇਸ ਸੈਸ਼ਨ ਵਿੱਚ ਤੁਸੀ ਸਿੱਖੋਗੇ ਕਿ ਵਰਡ-ਪ੍ਰੈੱਸ (WordPress) ਵਿੱਚ ਬਲਾਗ ਅਕਾਊਂਟ ਕਿਵੇਂ ਬਣਾਇਆ ਜਾਂਦਾ ਹੈ । ਵਰਡ-ਪ੍ਰੈੱਸ (WordPress) ਇੱਕ ਮੁਫਤ ਵੈੱਬ ਸਰਵਿਸ ਹੈ ਜੋ ਤੁਸੀਂ ਸੁੰਦਰ ਵੈਬਸਾਈਟਸ ਜਾਂ ਬਲਾਗ ਬਣਾਉਣ ਲਈ ਵਰਤ ਸਕਦੇ ਹੋ । ਵਰਡ-ਪ੍ਰੈੱਸ (WordPress) ਕੋਲ ਥੀਮ "themes" ਦੀ ਸਹਾਇਤਾ ਬਲਾਗ ਦੇ ਡਿਜ਼ਾਇਨ ਨੂੰ ਕਸਟੋਮਾਈਜ਼ ਕਰਨ ਲਈ ਹੈ । ਥੀਮਸ "themes" ਬਲਾਗ ਜਾਂ ਵੈੱਬ ਸਾਈਟ ਦੀ ਦਿੱਖ ਨੂੰ ਆਕਰਸ਼ਕ ਬਣਾ ਸਕਦੇ ਹਨ ।

- ਬਲਾਗ ਨੂੰ ਵਰਤਣ ਤੋਂ ਪਹਿਲਾਂ, ਇੱਕ ਬਲਾਗ ਅਕਾਊਂਟ ਦੀ ਜ਼ਰੂਰਤ ਹੁੰਦੀ ਹੈ । ਇਸ ਨੂੰ ਬਣਾਉਣ ਲਈ ਤੁਹਾਨੂੰ ਇੱਕ ਵੈੱਬ ਬਰਾਊਜ਼ਰ ਅਤੇ ਇੰਟਰਨੈੱਟ ਕੁਨੈਕਸ਼ਨ ਦੀ ਲੋੜ ਹੈ ।
- ਵੈੱਬ ਬ੍ਰਾਊਜ਼ਰ ਨੂੰ ਖੋਲੋ ।
- ਐਡਰੈੱਸ ਬਾਰ ਵਿੱਚ *https://signup.WordPress.com/signup* ਟਾਈਪ ਕਰੋ । *Blog address, Username, Password, Email Address and Language* ਫੀਲਡਸ ਨਾਲ ਇੱਕ ਪੇਜ ਤੁਹਾਨੂੰ ਪ੍ਰਾਪਤ ਹੋਣਾ ਚਾਹੀਦਾ ਹੈ ।
- *Blog Address:* ਆਪਣੇ ਵਰਡ-ਪ੍ਰੈੱਸ (WordPress) ਅਕਾਊਂਟ ਲਈ ਤੁਹਾਨੂੰ ਇੱਕ ਅਨੋਖਾ ਐਡਰੈਸ ਮੁਹੱਈਆ ਕਰਵਾਉਣਾ ਚਾਹੀਦਾ ਹੈ । ਇਹ ਉਹ ਐੱਡਰੈੱਸ ਹੈ ਜੋ ਦੂਜੇ ਤੁਹਾਡਾ ਬਲਾਗ ਵੇਖਣ ਲਈ ਵਰਤਣਗੇ ।
- Username : ਇਸ ਬਲਾਗ ਨੂੰ ਮੈਨੇਜ ਕਰਨ ਲਈ ਤੁਹਾਨੂੰ ਇੱਕ ਯੂਜ਼ਰ ਨਾਮ ਚੁਣਨਾ ਚਾਹੀਦਾ ਹੈ ।
- Username : ਆਪਣੇ ਵਰਡ-ਪ੍ਰੈੱਸ (WordPress) ਬਲਾਗ ਅਕਾਊਂਟ ਨੂੰ ਇੱਕ ਮਜ਼ਬੂਤ ਪਾਸਵਰਡ ਨਾਲ ਸੁਰੱਖਿਅਤ ਕਰਨਾ ਮਹੱਤਵਪੂਰਨ ਹੈ । ਛੋਟੇ (Lowercase) ਅੱਖਰ ਅਤੇ ਵੱਡੇ (Upercase) ਅੱਖਰਾਂ ਨੂੰ ਜੋੜ ਕੇ 31 ਡਿਜ਼ੀਟਾਂ ਅਤੇ ਚਿੰਨ੍ਹਾਂ ਦੇ ਨਾਲ ਇੱਕ ਕਾਫੀ ਮਜ਼ਬੂਤ ਪਾਸਵਰਡ ਹੋਵੇਗਾ ।

ਤੁਹਾਨੂੰ ਦੋ ਵਾਰੀ ਪਸਵਰਡ ਭਰਨ ਦੀ ਲੋੜ ਹੈ ।

- Email Address: ਇੱਥੇ ਤੁਹਾਨੂੰ ਆਪਣਾ ਈਮੇਲ ਐਡਰੈੱਸ ਜਰੂਰ ਭਰਨਾ ਚਾਹੀਦਾ ਹੈ[ *"Create Blog"* ਉੱਤੇ ਕਲਿੱਕ ਕਰਨ ਤੋਂ ਬਾਅਦ ਵਰਡ–ਪ੍ਰੈੱਸ (WordPress) ਵੱਲੋਂ ਇੱਕ ਐਕਟੀਵੇਸ਼ਨ ਲਿੰਕ ਤੁਹਾਨੂੰ ਭੇਜਿਆ ਜਾਵੇਗਾ ।
- Language: ਦਿੱਤੀ ਗਈ ਲਿਸਟ ਵਿੱਚੋਂ ਤੁਸੀ ਬਲਾਗਿੰਗ ਦੇ ਲਈ ਆਪਣੀ ਭਾਸ਼ਾ ਚੁਣ ਸਕਦੇ ਹੋ।
- *"Create Blog"* ਉੱਤੇ ਕਲਿੱਕ ਕਰੋ।

ਇਹ ਕਰਨ ਉੱਤੇ ਤੁਹਾਡੇ ਬਲਾਗ ਅਕਾਊਂਟ ਨੂੰ ਐਕਟੀਵੇਟ ਕਰਨ ਲਈ ਇੱਕ ਈਮੇਲ ਭੇਜੀ ਜਾਵੇਗੀ।ਆਪਣੀ ਈਮੇਲ ਨੂੰ ਖੋਲੋ ਅਤੇ ਐਕਟੀਵੇਸ਼ਨ ਲਿੰਕ ਤੇ ਕਲਿੱਕ ਕਰੋ । ਤੁਹਾਡੇ ਇਕ ਵਾਰ "Activate Blog" 'ਤੇ ਕਲਿੱਕ ਕਰਨ ਤੋਂ ਬਾਅਦ ਤੁਹਾਨੂੰ ਵਰਡ–ਪ੍ਰੈੱਸ (WordPress) ਬਲਾਗ ਅਕਾਊਂਟ ਉੱਤੇ ਰਿਡਾਈਰੈਕਟ ਕਰ ਦਿੱਤਾ ਜਾਵੇਗਾ । ਅਤੇ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਵੈੱਬ ਪੇਜ ਦਿਸਣਾ ਚਾਹੀਦਾ ਹੈ ।




ਹੁਣ ਬਲਾਗ (blog) ਵਰਤੋਂ ਲਈ ਤਿਆਰ ਹੈ । ਤੁਹਾਨੂੰ ਤੁਹਾਡੇ ਬਲਾਗ ਦੇ ਐਡਰੈੱਸ ਨਾਲ ਉੱਪਰ ਦਰਸਾਏ ਵੈੱਬ ਪੇਜ ਅਨੁਸਾਰ ਪੇਸ਼ ਕੀਤਾ ਜਾਵੇਗਾ । ਤੁਸੀ ਜਾਂ ਤਾਂ ਲਿੰਕ ਉੱਤੇ ਡਬਲ ਕਲਿੱਕ ਕਰ ਸਕਦੇ ਹੋ ਜਾਂ ਵੈੱਬ ਬ੍ਰਾਊਜ਼ਰ ਦੇ ਵਿੱਚ ਮੈਨੂਅਲੀ ਐਡਰੈੱਸ ਟਾਈਪ ਕਰ ਸਕਦੇ ਹੋ । ਜਾਂ ਤੁਹਾਡਾ ਐਕਸ਼ਨ ਤੁਹਾਨੂੰ ਤੁਹਾਡੇ ਬਲਾਗ ਦੇ ਹੋਮ ਪੇਜ ਉੱਤੇ ਲੈ ਜਾਵੇਗਾ ।

ਇੱਕ ਵਾਰੀ ਜਦੋਂ ਤੁਸੀ ਬਲਾਗ ਬਣਾ ਲਿਆ ਹੈ, ਤਾਂ ਤੁਹਾਨੂੰ ਸਮੱਗਰੀ (content) ਜੋ ਤੁਸੀ ਚਾਹੁੰਦੇ ਹੋ ਦੂਜੇ ਵੇਖ ਸਕਣ ਜਮ੍ਹਾਂ (submit) ਕਰਨ ਦੀ ਜਰੂਰਤ ਹੈ । ਇਸ ਕਿਰਿਆ ਨੂੰ ਕੰਨਟੈਂਟ ਪੋਸਟਿੰਗ (posting content) ਕਿਹਾ ਜਾਂਦਾ ਹੈ ।

- ਇੱਕ ਪੋਸਟ ਬਣਾਉਣ ਲਈ *"New Post"* 'ਤੇ ਕਲਿੱਕ ਕਰੋ । ਹੇਠਾਂ ਦਰਸਾਏ ਅਨੁਸਾਰ ਇੱਕ ਵਿੰਡੋ ਦਿਖਾਈ ਦਿੰਦੀ ਹੈ ।




**Figure 19**

**Title:** ਤੁਹਾਨੂੰ ਆਪਣੀ ਪੋਸਟ ਲਈ ਸਿਰਲੇਖ (title) ਮੁਹੱਈਆ ਕਰਨਾ ਲਾਜ਼ਮੀ ਹੈ । ਉਹ ਸਿਰਲੇਖ ਚੁਣੋ ਜੋ ਇਸ ਪੋਸਟ ਉਤੇ ਕੇਂਦਰਿਤ ਹੈ । ਉਦਾਹਰਣ ਲਈ : *"School Annual Day Function 2012"*.

ਰਿੱਚ ਟੈਕਸਟ ਬਾਕਸ (rich text box) ਦੀ ਵਰਤੋਂ ਕਰਕੇ ਤੁਸੀ ਉਹ ਕੰਟੈਂਟ ਟਾਈਪ ਕਰ ਸਕਦੇ ਹੋ ਜੋ ਤੁਸੀ ਚਾਹੁੰਦੇ ਹੋ ਦੂਜੇ ਪੜ੍ਹਨ ।

ਇੱਕ ਵਾਰੀ ਜਦੋਂ ਤੁਸੀ ਕੰਟੈਂਟ ਟਾਈਪ ਕਰਨਾ ਖਤਮ ਕਰ ਲਿਆ ਹੈ ਤਾਂ ਤੁਹਾਨੂੰ ਇਹ ਪੋਸਟ ਪਬਲਿਸ਼ ਕਰਨ ਦੀ ਲੋੜ ਹੈ ਤਾਂ ਜੋ ਦੂਜੇ ਲੋਕ ਇਸ ਨੂੰ ਵੇਖ ਸਕਣ । ਕੰਨਟੈਂਟ ਨੂੰ ਪਬਲਿਸ਼ ਕਰਨ ਲਈ *"Publish Post "* ਉੱਤੇ ਕਲਿੱਕ ਕਰੋ । ਪੋਸਟ ਨੂੰ ਵੇਖਣ ਲਈ ਤੁਸੀ ਵੈੱਬ ਬ੍ਰਾਊਜ਼ਰ ਦੀ ਐਡਰੈੱਸ ਬਾਰ ਦੇ ਵਿੱਚ ਬਲਾਗ ਦਾ ਐਡਰੈੱਸ ਟਾਈਪ ਕਰ ਸਕਦੇ ਹੋ । ਪੋਸਟ ਦੇ ਨਾਲ ਨਾਲ ਤੁਹਾਨੂੰ ਤੁਹਾਡਾ ਬਲਾਗ ਵੀ ਦਿਸਣਾ ਚਾਹੀਦਾ ਹੈ । (ਹੇਠਾਂ ਦਿਖਾਇਆ ਗਿਆ ਹੈ)




**Figure 18**

ਤੁਸੀ ਵਰਡ-ਪ੍ਰੈੱਸ (WordPress) ਵਿੱਚ ਉਪਲੱਬਧ ਆਪਸ਼ਨਾਂ ਦੀ ਵਰਤੋਂ ਦੇ ਨਾਲ ਬਲਾਗ ਦੇ ਵਿੱਚ ਫੋਟੋਆਂ, ਵੀਡੀਓ ਆਦਿ ਵੀ ਜੋੜ ਸਕਦੇ ਹੋ । ਤੁਸੀ ਦੂਜਿਆਂ ਦੁਆਰਾ ਪਬਲਿਸ਼ ਕੀਤੇ ਪੋਸਟ ਉੱਤੇ ਕੰਮੈਂਟ(ਟਿੱਪਣੀ) ਦੇ ਸਕਦੇ ਹੋ । ਆਮ ਤੌਰ ਉੱਤੇ ਕੰਮੈਂਟ ਦੀ ਆਪਸ਼ਨ ਪੋਸਟ ਦੇ ਅਖੀਰ ਵੱਲ ਉਪਲੱਬਧ ਹੁੰਦੀ ਹੈ । ਕੰਮੈਂਟ ਕਰਨ ਲਈ ਬਲਾਗ ਦੇ ਵਿੱਚ *"Leave a comment, Leave a reply"* ਆਦਿ ਆਪਸ਼ਨਾਂ ਨੂੰ ਵੇਖੋ । ਉਦਾਹਰਣ ਲਈ, ਵਰਡ-ਪ੍ਰੈੱਸ (WordPress) ਵਿੱਚ ਕੰਮੈਂਟ ਬਾਕਸ ਪੋਸਟ ਦੇ ਹੇਠਾਂ ਸਥਿਤ ਹੁੰਦਾ ਹੈ ਅਤੇ ਇਸ ਉਤੇ *"Leave a reply "* ਲੇਬਲ ਲੱਗਿਆ ਹੁੰਦਾ ਹੈ ।




**Figure 19**

- *Enter your comment here...*ਟੈਕਸਟ ਬਾਕਸ ਵਿੱਚ ਪੋਸਟ ਬਾਰੇ ਆਪਣੀ ਟਿੱਪਣੀਆਂ ਲਿਖੋ ।
- *Email (required)* ਖੇਤਰ ਵਿਚ ਆਪਣਾ ਈਮੇਲ ਐਡਰੈਸ ਲਿਖੋ ।
- *Name (required)* ਖੇਤਰ ਵਿਚ ਆਪਣਾ ਨਾਮ ਲਿਖੋ । *Website* ਖੇਤਰ ਵਿਚ, ਤੁਸੀ ਆਪਣਾ ਬਲਾਗ ਐਡਰੈਸ ਲਿਖ ਸਕਦੇ ਹੋ (ਆਪਸ਼ਨਲ) ।
- ਤੁਸੀ ਇਕ ਵਾਰ ਟਿੱਪਣੀ ਖੇਤਰ ਕੰਨਟੇਂਟ ਲਿਖ ਦਿੱਤਾ, ਧਿਆਨ ਨਾਲ ਸਮੀਖਿਆ ਕਰੋ ਅਤੇ "*Post Comment*" ਉੱਤੇ ਕਲਿੱਕ ਕਰੋ ।
- ਜੇਕਰ ਤੁਸੀ ਇੱਕ ਵਾਰ "*Post Comment*" 'ਤੇ ਕਲਿੱਕ ਕਰ ਦਿੱਤਾ ਤਾਂ ਤੁਸੀ ਬਲਾਗ ਦੇ ਨਾਲ ਆਪਣੀ ਟਿੱਪਣੀ ਵੇਖੋਗੇ । (ਹੇਠਾਂ ਵਿਖਾਇਆ ਗਿਆ)




**Figure 20**

## ਅਭਿਆਸ

ਹੇਠਾਂ ਕਿਰਿਆਵਾਂ ਨੂੰ ਕਰੋ ਜਦੋਂ ਤੱਕ ਤੁਹਾਨੂੰ ਪੂਰਾ ਯਕੀਨ ਹੈ:

| ਲੜੀ ਨੰ. | ਕਿਰਿਆਵਾਂ |
|---|---|
| 1 | ਤੁਸੀ ਵਰਡ ਪ੍ਰੈੱਸ (WordPress) ਦੀ ਵਰਤੋਂ ਨਾਲ ਬਲਾਗ ਬਣਾਉਣ ਅਤੇ ਕੰਮ ਕਰਨਾ ਸਿੱਖਿਆ ਹੈ । ਹੁਣ ਦੂਜੀਆਂ ਵੈਬਸਾਈਟਸ ਜਿਵੇਂ ਕਿ ਬਲੌਗਰ (blogger), ਵੀਬਲੀ (weebly ) ਨਾਲ ਬਲਾਗ ਬਣਾਓ ਅਤੇ ਕੰਮ ਕਰੋ । |
| 2 | ਹੇਠ ਲਿਖਿਆਂ ਲਈ ਬਲਾਗ ਬਣਾਓ:<br>• ਸਕੂਲ ਸਲਾਨਾ ਦਿਵਸ ਪ੍ਰੋਗਰਾਮ ਦਾ ਐਲਾਨ ਕਰਨਾ<br>• ਖੂਨ ਦਾਨ ਕੈਂਪ |

## ਮੁਲਾਂਕਣ (ASSESSMENT)

### ਹੇਠਾਂ ਜੁਆਬ ਦਿਓ

1. ਇਕ ਬਲਾਗ ਦੇ ਉਦੇਸ਼ ਦੀ ਵਿਆਖਿਆ ਕਰੋ ।
2. 5 ਵੈੱਬਸਾਇਟਾਂ ਦੀ ਸੂਚੀ ਬਣਾਉ ਜੋ ਬਲਾਗ ਸੇਵਾ ਪ੍ਰਦਾਨ ਕਰਦੇ ਹਨ ।

## ਸੈਸ਼ਨ 6: ਆਫ ਲਾਈਨ ਬਲਾਗ ਐਡਿਟਰ ਦੀ ਵਰਤੋਂ (Using Offline Blog Editors)

### ਸਬੰਧਤ ਜਾਣਕਾਰੀ

ਜੇਕਰ ਤੁਹਾਡੇ ਕੋਲ ਐਕਟਿਵ ਇੰਟਰਨੈੱਟ ਕੁਨੈਕਸ਼ਨ ਨਹੀਂ ਹੈ ਤਾਂ ਤੁਸੀ ਬਲਾਗ ਐਪਲੀਕੇਸ਼ਨ ਦੀ ਵਰਤੋਂ ਕਰਕੇ ਬਲਾਗ ਬਣਾ ਸਕਦੇ ਹੋ ਅਤੇ ਜਦੋਂ ਵੀ ਇੰਟਰਨੈੱਟ ਕੁਨੈਕਟੀਵਿਟੀ ਉਪਲੱਬਧ ਹੋਵੇ ਤਾਂ ਤੁਸੀ ਬਲਾਗ ਨੂੰ ਪਬਲਿਸ਼ ਕਰ ਸਕਦੇ ਹੋ।

ਕਈ ਤਰਾਂ ਦੇ ਮੁਫਤ ਆਫ ਲਾਈਨ ਬਲਾਗ ਐਡਿਟਰ ਉਪਲੱਬਧ ਹਨ ਜੋ ਕਿ ਲੋਕਲ ਕੰਪਿਊਟਰ ਉੱਤੇ ਡਾਊਨਲੋਡ ਅਤੇ ਇੰਸਟਾਲ ਕੀਤੇ ਜਾ ਸਕਦੇ ਹਨ ਜਿਵੇਂ ਕਿ

- Qumana
- Windows Live Writer
- Blogdesk

ਇਸ ਅਭਿਆਸ ਵਿੱਚ ਤੁਸੀ ਆਫ ਲਾਈਨ ਬਲਾਗ ਐਡਿਟਰ ਕੁਮਾਨਾ Qumana) ਨੂੰ ਵਰਤਣਾ ਸਿੱਖੋਗੇ। ਕੁਮਾਨਾ (Qumana) ਇੱਕ ਮੁਫਤ ਬਲਾਗ ਐਪਲੀਕੇਸ਼ਨ ਹੈ ਜੋ ਕਿ ਸਾਧਾਰਨ ਹੈ ਅਤੇ ਵਰਤਣੀ ਸੌਖੀ ਹੈ।ਇਸ ਅਭਿਆਸ ਵਿੱਚ ਤੁਸੀ ਕੁਮਾਨਾ (Qumana) ਨੂੰ ਵਰਤਣਾ ਸਿੱਖੋਗੇ।

ਨੋਟ: ਤੁਹਾਨੂੰ ਕੁਮਾਨਾ (Qumana) ਨੂੰ ਡਾਊਨਲੋਡ ਅਤੇ ਇੰਸਟਾਲ ਕਰਨ ਦੀ ਜਰੂਰਤ ਹੈ। ਕੁਮਾਨਾ *www.qumana.com* ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।ਇੱਕ ਵਾਰ ਇਨਸਟਾਲ ਹੋਣ ਤੋਂ ਬਾਅਦ ਤੁਸੀ ਪ੍ਰੋਗਰਾਮ ਨੂੰ ਬਲਾਗ ਮੈਨੈਜ ਕਰਨ ਲਈ ਵਰਤ ਸਕਦੇ ਹੋ।

### ਕੁਮਾਨਾ ਨੂੰ ਚਲਾਉਣਾ (Qumana Launching)

- ਕੁਮਾਨਾ ਨੂੰ ਚਲਾਉਣ ਲਈ Start → Programs→ Qumana → Qumana ਉੱਤੇ ਕਲਿੱਕ ਕਰੋ।
- ਜੇਕਰ ਡੈਸਕਟਾਪ ਉੱਤੇ ਕੁਮਾਨਾ ਦਾ ਆਈਕਨ ਉਪਲੱਬਧ ਹੈ ਤਾਂ ਤੁਸੀ ਉਸ ਉੱਤੇ ਵੀ ਡਬਲ ਕਲਿੱਕ ਕਰ ਸਕਦੇ ਹੋ।




Figure 21

ਕੁਮਾਨਾ (Qumana) ਨੂੰ ਵਰਤਣ ਲਈ ਤੁਹਾਨੂੰ ਪਹਿਲਾਂ ਤੋਂ ਬਣੇ ਹੋਏ ਬਲਾਗ ਅਕਾਊਂਟ ਦੀ ਜਰੂਰਤ ਹੈ। ਇਸ ਅਭਿਆਸ ਵਿੱਚ ਤੁਸੀ ਕੁਮਾਨਾ (Qumana) ਨਾਲ ਮੌਜੂਦਾ ਵਰਡ-ਪ੍ਰੈੱਸ (WordPress) ਅਕਾਊਂਟ ਨੂੰ ਵਰਤਣਾ ਸਿੱਖੋਗੇ। ਆਪਣਾ ਵਰਡ-ਪ੍ਰੈੱਸ (WordPress) ਬਲਾਗ ਐਡਰੈੱਸ ਭਰੋ ਅਤੇ WordPress ਉੱਤੇ ਕਲਿੱਕ ਕਰੋ।

- ਇੱਕ ਲੋਗਿਨ ਵਿੰਡੋ ਦਿਖਾਈ ਦਿੰਦੀ ਹੈ। ਤੁਹਾਨੂੰ ਆਪਣੇ ਵਰਡ-ਪ੍ਰੈੱਸ (WordPress) ਅਕਾਊਂਟ ਦੇ ਵੇਰਵੇ ਭਰਨ ਦੀ ਜਰੂਰਤ ਹੈ। ਫੇਰ ਵੀ ਜੇਕਰ ਤੁਸੀ ਦੂਜੀ ਬਲਾਗ ਸਰਵਿਸ ਨੂੰ ਵਰਤਣਾ ਚਾਹੁੰਦੇ ਹੋ ਤਾਂ ਤੁਹਾਨੂੰ ਲੋੜੀਂਦੀ ਜਾਣਕਾਰੀ ਭਰਨ ਦੀ ਲੋੜ ਹੈ।ਵਰਡ-ਪ੍ਰੈੱਸ(WordPress) ਬਲਾਗ ਦਾ ਐਡਰੈੱਸ ਵੈਬ ਐਡਰੈੱਸ ਫੀਲਡ ਵਿੱਚ ਭਰੋ। ਵਰਡ-ਪ੍ਰੈੱਸ (WordPress) ਅਕਾਊਂਟ ਦਾ ਯੂਜ਼ਰ ਨਾਮ ਅਤੇ ਪਾਸਵਰਡ ਭਰੋ।
- *Next → Finish* ਉੱਤੇ ਕਲਿੱਕ ਕਰੋ

ਹੇਠਾਂ ਵਾਂਗੂ ਇੱਕ ਵਿੰਡੋ ਦਿਖਾਈ ਦਿੰਦੀ ਹੈ।




**Figure 22**

ਜੇਕਰ ਪੋਸਟ ਪਹਿਲਾਂ ਹੀ ਤੁਹਾਡੇ ਬਲਾਗ ਦੇ ਵਿੱਚ ਮੌਜੂਦ ਹੈ ਤਾਂ ਕੁਮਾਨਾ ਡਾਊਨਲੋਡ ਕਰਨ ਦੇ ਨਾਲ ਨਾਲ ਮੌਜੂਦਾ ਬਲਾਗ ਨੂੰ ਦਿਖਾਏਗਾ।

ਇੱਕ ਪੋਸਟ ਬਣਾਉਣ ਲਈ ,

- *"New Post"* ਉੱਤੇ ਕਲਿੱਕ ਕਰੋ।
- ਹੇਠਾਂ ਵਾਂਗੂ ਇੱਕ ਵਿੰਡੋ ਦਿਖਾਈ ਦਿੰਦੀ ਹੈ। (ਤਸਵੀਰ ਹੇਠਾਂ)




**Figure 23**

ਨੋਟ: ਟਾਈਟਲ ਫੀਲਡ ਵਿੱਚ ਪੋਸਟ ਦੇ ਲਈ ਟਾਈਟਲ ਭਰੋ ਅਤੇ ਪੇਜ ਟਾਈਟਲ ਦੇ ਹੇਠਾਂ ਦਿੱਤੇ ਖੇਤਰ ਵਿੱਚ ਪੋਸਟ ਕੰਨਟੈਂਟ ਭਰੋ।

- "Publish Post" 'ਤੇ ਕਲਿੱਕ ਕਰੋ।

ਇੱਕ ਵਾਰ ਜਦੋਂ ਤੁਸੀ *"Publish Post"* ਉੱਤੇ ਕਲਿੱਕ ਕਰਦੇ ਹੋ ਤਾਂ ਵਰਡ-ਪ੍ਰੈੱਸ (WordPress) ਬਲਾਗ ਲਈ ਪੋਸਟ ਆਪਣੇ ਆਪ ਅਪਡੇਟ ਹੋ ਜਾਵੇਗੀ।

ਪਬਲਿਸ਼ ਕੀਤੇ ਹੋਏ ਕੰਨਟੈਂਟ ਨੂੰ ਵੇਖਣ ਲਈ ਵੈੱਬ ਬ੍ਰਾਊਜ਼ਰ ਨੂੰ ਖੋਲੋ ਅਤੇ ਆਪਣਾ ਬਲਾਗ ਐਡਰੈੱਸ ਟਾਈਪ ਕਰੋ।

ਤੁਸੀ ਆਪਣੇ ਬਲਾਗ ਨੂੰ ਆਕਰਸ਼ਕ ਬਣਾਉਣ ਲਈ ਇਸ ਵਿੱਚ ਫੋਟੋਆਂ ਅਤੇ ਤਸਵੀਰਾਂ ਸ਼ਾਮਲ ਕਰ ਸਕਦੇ ਹੋ। ਇੱਕ ਤਸਵੀਰ ਦਾਖਲ ਕਰਨ ਲਈ।

- ਐਪਲੀਕੇਸ਼ਨ ਦੇ ਸੱਜੇ ਹੱਥ ਵਾਲੇ ਪਾਸੇ ਇਮੇਜ ਆਈਕਨ ਉੱਤੇ ਕਲਿੱਕ ਕਰੋ।




- ਇੱਕ ਵਾਰੀ ਜਦੋਂ ਤੁਸੀ ਇਮੇਜ ਆਈਕਨ ਉੱਤੇ ਕਲਿੱਕ ਕਰਦੇ ਹੋ ਤਾਂ ਹੇਠਲੀ ਵਿੰਡੋ ਦਿਖਾਈ ਦੇਵੇਗੀ




**Figure 24**

- ਜਿਹੜੀ ਤਸਵੀਰ ਤੁਸੀ ਬਲਾਗ ਦੇ ਵਿੱਚ ਪਬਲਿਸ਼ ਕਰਨਾ ਚਾਹੁੰਦੇ ਹੋ ਉਸ ਨੂੰ ਲੱਭਣ ਲਈ "Browse" ਉੱਤੇ ਕਲਿੱਕ ਕਰੋ।
- ਇੱਕ ਵਾਰੀ ਜਦੋਂ ਤੁਸੀ "Browse" ਉੱਤੇ ਕਲਿੱਕ ਕਰਦੇ ਹੋ ਤਾਂ ਅਪਲੋਡ ਕਰਨ ਦੇ ਯੋਗ ਬਣਾਉਣ ਲਈ ਤਸਵੀਰ ਲੱਭਣ ਵਾਸਤੇ ਆਪਰੇਟਿੰਗ ਸਿਸਟਮ ਦੀ ਬ੍ਰਾਊਸ ਵਿੰਡੋ ਦਿਖਾਈ ਦਿੰਦੀ ਹੈ। ਜਦੋਂ ਤੁਸੀ ਇਮੇਜ ਨੂੰ ਚੁਣ ਲੈਂਦੇ ਹੋ ਤਾਂ Upload & Insert ਉੱਤੇ ਕਲਿੱਕ ਕਰੋ।
- *Publish Post* 'ਤੇ ਕਲਿੱਕ ਕਰੋ।

ਤਸਵੀਰ ਦੇ ਨਾਲ ਪਬਲਿਸ਼ ਕੀਤੇ ਹੋਏ ਕੰਨਟੈਂਟ ਨੂੰ ਵੇਖਣ ਲਈ ਵੈੱਬ ਬ੍ਰਾਊਜ਼ਰ ਨੂੰ ਖੋਲੋ ਅਤੇ ਆਪਣੇ ਬਲਾਗ ਦਾ ਐਡਰੈੱਸ ਟਾਈਪ ਕਰੋ।

ਵੱਖ-2 ਬਲਾਗ ਅਕਾਊਂਟ ਦੀ ਵਰਤੋਂ ਕਰਕੇ ਹੁਣ ਦੂਜੀ ਬਲਾਗ ਐਪਲੀਕੇਸ਼ਨਾਂ ਜਿਵੇਂ ਕਿ Windows Live Writer, Blogdesk,ਦੇ ਨਾਲ ਕੋਸ਼ਿਸ਼ ਕਰੋ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| **ਲੜੀ ਨੰ.** | **ਕਿਰਿਆਵਾਂ** |
|---|---|
| 1 | ਵੱਖ-2 ਤਰਾਂ ਦੇ ਆਫ ਲਾਈਨ ਬਲਾਗ ਐਡਿਟਰ ਡਾਊਨਲੋਡ ਕਰੋ ਅਤੇ ਵਰਤੋ । |

## ਮੁਲਾਂਕਣ (ASSESSMENT)

ਹੇਠਾਂ ਜੁਆਬ ਦਿਓ

1. ਇਕ ਆਫ ਲਾਈਨ ਬਲਾਗ ਐਡਿਟਰ ਦੇ ਮਕਸਦ ਨੂੰ ਸਮਝਾਓ ।
2. ਕਿਸੇ ਪੰਜ ਆਫ ਲਾਈਨ ਬਲਾਗ ਐਡਿਟਰ ਦੀ ਸੂਚੀ ਤਿਆਰ ਕਰੋ।

# ਸੈਸ਼ਨ 7: ਆਨ-ਲਾਈਨ ਟਰਾਂਸੈਕਸ਼ਨ (Online Transactions)

## ਸਬੰਧਤ ਜਾਣਕਾਰੀ

ਆਨਲਾਈਨ ਖ਼ਰੀਦਦਾਰੀ ਇਲੈਕਟ੍ਰਾਨਿਕ ਵਪਾਰ ਦਾ ਇੱਕ ਰੂਪ ਹੈ ਜਿੱਥੇ ਗ੍ਰਾਹਕ ਚੀਜਾਂ ਨੂੰ ਇੰਟਰਨੈੱਟ ਉੱਤੇ ਵੇਚ ਅਤੇ ਖਰੀਦ ਸਕਦੇ ਹਨ। ਗ੍ਰਾਹਕਾਂ ਦੇ ਕੋਲ ਚੀਜਾਂ ਵੇਖਣ ਲਈ ਜਾਂ ਵੇਚਣ ਵਾਲੇ ਵੱਲੋਂ ਦਿੱਤੀਆਂ ਸੇਵਾਵਾਂ ਨੂੰ ਵੇਖਣ ਲਈ ਇੱਕ ਐਕਟਿਵ ਇੰਟਰਨੈੱਟ ਕੁਨੈਕਸ਼ਨ ਹੋਣਾ ਚਾਹੀਦਾ ਹੈ। ਗ੍ਰਾਹਕ ਕਰੈਡਿਟ, ਡੈਬਿਟ ਕਾਰਡ ਦੀ ਵਰਤੋਂ ਨਾਲ ਆਨਲਾਈਨ ਭੁਗਤਾਨ ਕਰ ਸਕਦੇ ਹਨ।

ਆਨਲਾਈਨ ਸ਼ਾਪਿੰਗ ਇਹਨਾਂ ਹਾਲਾਤਾਂ ਵਿੱਚ ਲਾਭਦਾਇਕ ਹੋ ਸਕਦੀ ਹੈ :

- ਗ੍ਰਾਹਕ ਕੋਲ ਸਟੋਰ ਦੇ ਵਿੱਚ ਜਾਣ ਲਈ ਕਾਫੀ ਸਮਾਂ ਨਹੀਂ ਹੈ।
- ਉਤਪਾਦ ਨੂੰ ਆਨਲਾਈਨ ਖਰੀਦਣ ਦੇ ਮੁਕਾਬਲੇ ਸਟੋਰ ਉੱਤੇ ਜਾਣਾ ਜਿਆਦਾ ਮਹਿੰਗਾ ਹੁੰਦਾ ਹੈ।
- ਇੱਕ ਉਤਪਾਦ ਜਾਂ ਸੇਵਾ ਜੋ ਲੋਕਲ ਮਾਰਕਿਟ ਵਿੱਚ ਉਪਲੱਬਧ ਨਹੀਂ ਹੈ ਉਹ ਆਨਲਾਈਨ ਉਪਲੱਬਧ ਹੈ।

ਕੁਝ ਮਸ਼ਹੂਰ ਆਨਲਾਈਨ ਲੈਣ ਦੇਣ ਕਰਨ ਵਾਲੀਆਂ ਵੈੱਬ ਸਾਈਟਸ ਇਹ ਹਨ:

- IRCTC ਫਲਾਈਟ ਅਤੇ ਟਰੇਨਾਂ ਦੀ ਟਿਕਟਾਂ ਬੁੱਕ ਕਰਵਾਉਣ ਲਈ ਇੱਕ ਆਨਲਾਈਨ ਪੋਰਟਲ ਹੈ।
- Flipkart ਖਪਤਕਾਰ ਉਤਪਾਦਾਂ ਨੂੰ ਖਰੀਦਣ ਲਈ ਇੱਕ ਆਨਲਾਈਨ ਸ਼ਾਪਿੰਗ ਪੋਰਟਲ ਹੈ।
- EBay ਨੂੰ ਖਰੀਦਣ ਅਤੇ ਵੇਚਣ ਲਈ ਇੱਕ ਆਨਲਾਈਨ ਪੋਰਟਲ ਹੈ।
- Redbus ਬਸ ਦੀਆਂ ਟਿਕਟਾਂ ਨੂੰ ਆਨਲਾਈਨ ਬੁੱਕ ਕਰਾਵਉਣ ਲਈ ਇੱਕ ਆਨਲਾਈਨ ਪੋਰਟਲ ਹੈ।

ਇੱਕ ਆਨਲਾਈਨ ਲੈਣ ਦੇਣ (transaction) ਕਰਨ ਲਈ ਤੁਹਾਨੂੰ ਸਾਰਿਆਂ ਨੂੰ ਇੱਕ ਵੈੱਬ ਬ੍ਰਾਊਜ਼ਰ ਅਤੇ ਇੱਕ ਐਕਟਿਵ ਇੰਟਰਨੈੱਟ ਕੁਨੈਕਸ਼ਨ ਦੀ ਲੋੜ ਹੈ। ਕੁਝ ਕੇਸਾਂ ਦੇ ਵਿੱਚ ਜਿੱਥੇ ਖਰੀਦਦਾਰੀ ਸ਼ਾਮਿਲ ਹੈ ਉਥੇ ਤੁਹਾਨੂੰ ਇੱਕ ਵੈਲਿਡ ਕਰੈਡਿਟ ਕਾਰਡ, ਡੈਬਿਟ ਕਾਰਡ ਜਾਂ ਆਨਲਾਈਨ ਬੈਂਕਿੰਗ ਸਪੋਰਟ ਜੋ ਕਿ “Net Banking Subscription” ਦੇ ਤੌਰ ਤੇ ਜਾਣਿਆ ਜਾਂਦਾ ਹੈ ਦੀ ਲੋੜ ਹੁੰਦੀ ਹੈ। ਕੁਝ ਵੈਬ ਸਾਈਟਾਂ ਇੱਥੋਂ ਤੱਕ ਕਿ ਕੋਡ (COD -Cash on delivery ) ਦੀ ਆਗਿਆ ਦਿੰਦੀਆਂ ਹਨ ਜਿੱਥੇ ਯੂਜ਼ਰ ਉਦੋਂ ਭੁਗਤਾਨ ਕਰ ਸਕਦਾ ਹੈ ਜਦੋਂ ਉਸ ਨੂੰ ਸਰਵਿਸ ਜਾਂ ਉਤਪਾਦ ਮਿਲ ਗਿਆ ਹੋਵੇ।

### ਫਲਿੱਪ ਕਾਰਟ ਦੀ ਵਰਤੋਂ ਨਾਲ ਆਨਲਾਈਨ ਲੈਣ-ਦੇਣ (Online Transaction Using Flipkart)

ਇਸ ਅਭਿਆਸ ਵਿੱਚ ਤੁਸੀ ਫਲਿੱਪ ਕਾਰਟ ਦੀ ਵਰਤੋਂ ਨਾਲ ਆਨਲਾਈਨ ਲੈਣ-ਦੇਣ (ਟਰਾਂਸੈਕਸ਼ਨ) ਕਰਨਾ ਸਿੱਖੋਗੇ। ਫਲਿੱਪ ਕਾਰਟ ਇੱਕ ਆਨਲਾਈਨ ਸਟੋਰ ਹੈ ਜਿੱਥੋਂ ਤੁਸੀ ਕਈ ਤਰਾਂ ਦਾ ਇਲੈਕਟ੍ਰਾਨਿਕਸ ਸਮਾਨ, ਕਿਤਾਬਾਂ, ਸਹਾਇਕ ਉਪਕਰਣ, ਡਿਜ਼ੀਟਲ ਕੈਮਰੇ, ਮੋਬਾਇਲ ਫੋਨ ਅਤੇ ਪੇਰੀਫਿਰਲ ਜਿਵੇਂ ਕਿ ਪ੍ਰਿੰਟਰ ਆਦਿ ਖਰੀਦ ਸਕਦੇ ਹੋ।

ਫਲਿੱਪ ਕਾਰਟ ਕਈ ਤਰਾਂ ਦੇ ਭੁਗਤਾਣ ਢੰਗਾਂ ਦੀ ਪੇਸ਼ਕਸ਼ ਕਰਦਾ ਹੈ ਜਿਵੇਂ ਕਿ credit card, debit card, net banking, e-gift voucher, ਅਤੇ Cash on Delivery।

ਫਲਿੱਪ ਕਾਰਟ ਨਾਲ ਕੰਮ ਕਰਨ ਲਈ ਤੁਹਾਨੂੰ ਇੱਕ ਵੈੱਬ ਬ੍ਰਾਊਜ਼ਰ ਦੀ ਅਤੇ ਇੱਕ ਐਕਟਿਵ ਇੰਟਰਨੈੱਟ ਕੁਨੈਕਸ਼ਨ ਦੀ ਜਰੂਰਤ ਹੈ।

- ਕਿਸੇ ਵੀ ਵੈੱਬ ਬ੍ਰਾਊਜ਼ਰ ਜਿਵੇ ਕਿ Firefox, Chrome ਜਾਂ Internet Explorer ਨੂੰ ਖੋਲੋ।
- ਐਡਰੈੱਸਬਾਰ ਦੇ ਵਿੱਚ www.flipkart.com ਟਾਈਪ ਕਰੋ ਅਤੇ ਐਂਟਰ ਦਬਾਓ।

ਇੱਕ ਵੈੱਬ ਪੇਜ ਹੇਠਾਂ ਦਿੱਤੇ ਅਨੁਸਾਰ ਦਿਖਾਈ ਦੇਵੇਗਾ:




- ਫਲਿੱਪ ਕਾਰਟ ਦੀ ਵਰਤੋਂ ਨਾਲ ਲੈਣ ਦੇਣ ਕਰਨ ਲਈ, ਤੁਹਾਨੂੰ ਫਲਿੱਪ ਕਾਰਟ ਅਕਾਊਂਟ ਲਈ ਸਾਈਨ ਅਪ ਕਰਨ ਦੀ ਜ਼ਰੂਰਤ ਹੈ ।
- ਲੱਭੋ ਅਤੇ ਵੈੱਬ ਪੇਜ ਦੇ ਸਭ ਤੋਂ ਉੱਪਰ "Sign Up" ਲਿੰਕ ਉੱਤੇ ਕਲਿੱਕ ਕਰੋ, ਫਲਿੱਪ ਕਾਰਟ ਨਾਲ ਸਾਈਨ ਅਪ ਕਰਨ ਲਈ ਇੱਕ ਹੇਠਾਂ ਵਾਂਗੂ ਵਿੰਡੋ ਨਜ਼ਰ ਆਏਗੀ




- **Email Address :** ਤੁਹਾਨੂੰ ਆਪਣਾ ਈਮੇਲ ਐਡਰੈੱਸ ਮੁਹੱਈਆ ਕਰਨਾ ਚਾਹੀਦਾ ਹੈ।ਈਮੇਲ ਐਡਰੈੱਸ ਦੀ ਵਰਤੋਂ ਤੁਹਾਨੂੰ ਪੇਸ਼ਕਸ਼ ਮੇਲ (offer mails), ਪ੍ਰੋਮੋਸ਼ਨਲ ਮੇਲ (promotional mail) ਭੇਜਣ ਲਈ ਕੀਤੀ ਜਾਂਦੀ ਹੈ । ਫਲਿੱਪ ਕਾਰਟ ਅਕਾਊਂਟ ਲਈ ਈਮੇਲ ਐਡਰੈੱਸ ਲਾਗਿਨ ਨਾਮ (login name) ਵਜੋਂ ਵਰਤਿਆ ਜਾਵੇਗਾ।
- **Password :** ਇੱਕ ਮਜ਼ਬੂਤ ਪਾਸਵਰਡ ਦੇ ਕੇ ਤੁਹਾਨੂੰ ਆਪਣਾ ਫਲਿੱਪ ਕਾਰਟ ਖਾਤਾ ਸੁਰੱਖਿਅਤ ਕਰਨਾ ਚਾਹੀਦਾ ਹੈ । ਤੁਹਾਨੂੰ ਪਾਸਵਰਡ ਦੋ ਵਾਰ ਭਰਨ ਦੀ ਲੋੜ ਹੈ।
- *"Sign Up Now!"* ਉੱਤੇ ਕਲਿੱਕ ਕਰੋ ।

ਇੱਕ ਵਾਰੀ ਜੇਕਰ ਤੁਸੀ ਸਫਲਤਾਪੂਰਵਕ ਸਾਈਨ ਅਪ ਕਰ ਲਿਆ ਹੈ ਤਾਂ ਹੇਠਾਂ ਅਨੁਸਾਰ ਇੱਕ ਵਿੰਡੋ ਦਿਖਾਈ ਦੇਵੇਗੀ।




Figure 25

ਫਲਿੱਪ ਕਾਰਟ ਦੇ ਕੋਲ ਜਿਵੇਂ ਕਿ ਸ਼੍ਰੇਣੀਆਂ ਵਿੱਚ ਕਈ ਤਰਾਂ ਦੇ ਉਤਪਾਦਾਂ ਦਾ ਪ੍ਰਬੰਧ ਹੈ। ਤੁਹਾਨੂੰ ਕਿਸੇ ਵੀ ਉਚਿਤ ਵਰਗ ਵਿੱਚ ਸਬੰਧਿਤ ਉਤਪਾਦ ਦੀ ਭਾਲ ਕਰ ਸਕਦੇ ਹੋ ਜਾਂ ਤੁਸੀਂ ਸਰਚ ਵਿਸ਼ੇਸ਼ਤਾ ਨੂੰ ਵਰਤ ਕੇ ਕੋਈ ਖਾਸ ਆਈਟਮ ਲੱਭ ਸਕਦੇ ਹੋ। ਉਦਾਹਰਣ ਵਜੋਂ ਜੇਕਰ ਤੁਸੀ ਇੱਕ ਡਿਜ਼ੀਟਲ ਕੈਮਰਾ ਖਰੀਦਣਾ ਚਾਹੁੰਦੇ ਹੋ ਤਾਂ ਤੁਸੀ ਸਰਚ ਬਾਕਸ ਵਿੱਚ ਡਿਜ਼ੀਟਲ ਕੈਮਰਾ ਟਾਈਪ ਕਰ ਸਕਦੇ ਹੋ ਅਤੇ ਸਰਚ ਰਿਜਲਟ ਵਿੰਡੋ ਵਿੱਚੋਂ ਇੱਕ ਮਾਡਲ ਚੁਣੋ। ਉਤਪਾਦ ਦੀ ਤਸਵੀਰ ਉੱਤੇ ਕਲਿੱਕ ਕਰਕੇ ਤੁਸੀ ਆਪਣੀ ਪਸੰਦ ਦਾ ਮਾਡਲ ਚੁਣ ਸਕਦੇ ਹੋ। ਤੁਸੀ ਫਲਿੱਪ ਕਾਰਟ ਵਿੱਚ ਉਪਲੱਬਧ ਉਤਪਾਦਾਂ ਦਾ ਕੈਟਾਲੋਗ ਬ੍ਰਾਉਜ਼ ਕਰ ਸਕਦੇ ਹੋ, ਇੱਕ ਵਾਰ ਜਦੋਂ ਤੁਸੀ ਇੱਕ ਉਤਪਾਦ ਨੂੰ ਖਰੀਦਣ ਦਾ ਫੈਸਲਾ ਕਰ ਲਿਆ ਹੋਵੇ ਤਾਂ ਤੁਸੀ ਉਤਪਾਦ ਨੂੰ *"Buy this now"* ਆਪਸ਼ਨ ਦੀ ਵਰਤੋਂ ਕਰਕੇ ਖਰੀਦ ਸਕਦੇ ਹੋ। ਭੁਗਤਾਨ ਕਰਨ ਤੋਂ ਪਹਿਲਾਂ ਤੁਸੀ ਇੱਕ ਹੋਰ ਉਤਪਾਦ ਨੂੰ ਚੁਣ ਸਕਦੇ ਹੋ। ਤੁਹਾਡੇ ਸ਼ਾਪਿੰਗ ਕਾਰਟ ਵਿੱਚ ਸ਼ਾਮਲ ਉਤਪਾਦ ਪੁਰਾਣੇ ਭੁਗਤਾਨ ਦੀ ਸਮੀਖਿਆ ਲਈ ਉਪਲੱਬਧ ਹੋ ਜਾਵੇਗਾ।




Figure 26

ਆਨਲਾਈਨ ਭੁਗਤਾਨ ਲਈ ਫਲਿੱਪ ਕਾਰਟ ਕਈ ਤਰਾਂ ਦੇ ਢੰਗਾਂ ਦੀ ਆਗਿਆ ਦਿੰਦਾ ਹੈ । ਤੁਸੀ ਭੁਗਤਾਨ ਨੂੰ ਪੂਰਾ ਕਰਨ ਲਈ credit card, debit card, Net Banking, Cash on Delivery ਜਾਂ e-gift voucher ਦੀ ਵਰਤੋਂ ਕਰ ਸਕਦੇ ਹੋ । ਜਿਵੇਂ ਲੋੜੀਂਦੀ ਹੈ ਉਸੇ ਤਰਾਂ ਜਿਕਰ ਕੀਤੇ ਗਏ ਫੀਲਡ ਤੁਹਾਨੂੰ ਸਹੀ ਜਾਣਕਾਰੀ ਭਰਨ ਦੀ ਲੋੜ ਹੈ ਅਤੇ "Pay to initiate the payment" ਉੱਤੇ ਕਲਿੱਕ ਕਰੋ । ਚੁਣੇ ਗਏ ਢੰਗ ਉੱਤੇ ਨਿਰਭਰ, ਵਾਧੂ ਵਿੰਡੋ ਡਿਸਪਲੇ ਹੋ ਸਕਦੀ ਹੈ ਅਤੇ ਆਨਲਾਈਨ ਟਰਾਂਸੈਕਸ਼ਨ ਨੂੰ ਪੂਰਾ ਕਰਨ ਦਾ ਢੰਗ ਬਦਲ ਸਕਦਾ ਹੈ ।

ਕੁਝ ਵਿਕਰੇਤਾ (ਵੈਬ-ਸਾਈਟਾਂ) ਭੁਗਤਾਨ ਨੂੰ ਕਿਸ਼ਤਾਂ ਵਿੱਚ ਕਰਨ ਦੀ ਪੇਸ਼ਕਸ਼ ਵੀ ਦਿੰਦੇ ਹਨ ਇਸ ਲਈ ਇਹ ਕਰਨਾ ਗਾਹਕ ਲਈ ਇੱਕ ਸੁਵਿਧਾਜਨਕ ਆਪਸ਼ਨ ਹੈ । ਭੁਗਤਾਨ ਦੀ ਕਾਰਵਾਈ ਅਤੇ ਅਮਲ ਉੱਤੇ ਜਾਣਕਾਰੀ ਲਈ ਵੈੱਬਸਾਈਟ ਨੂੰ ਭੁਗਤਾਨ ਦੀ ਮਿਆਦ ਨੂੰ ਵੇਖੋ ਭੁਗਤਾਨ ਢੰਗ ਅਤੇ ਅਭਿਆਸ ਉੱਤੇ ਵੈੱਬਸਾਈਟ ਭੁਗਤਾਨ ਦੀ ਜਾਣਕਾਰੀ ਲਈ ਸ਼ਰਤਾਂ ਨੂੰ ਵੇਖੋ ।

ਰੇਲ ਟਿਕਟਾਂ ਬੁੱਕ ਕਰਵਾਉਣ ਲਈ ਆਨਲਾਈਨ ਟਰਾਂਸੈਕਸ਼ਨ (Online Transaction for Booking Rail Tickets)

ਇਸ ਅਭਿਆਸ ਵਿੱਚ ਤੁਸੀ ਸਿੱਖੋਗੇ ਕਿ ਕਿਵੇ IRCTC ਦੀ ਵਰਤੋਂ ਕਰਕੇ ਟਰੇਨ ਦੀਆਂ ਟਿਕਟਾਂ ਦੀ ਬੁਕਿੰਗ ਕੀਤੀ ਜਾਂਦੀ ਹੈ ।

ਇੰਡੀਅਨ ਰੇਲਵੇ ਕੇਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (IRCTC) ਇੱਕ ਆਨਲਾਈਨ ਪੋਰਟਲ ਹੈ ਜੋ ਕਿ ਯਾਤਰਾ ਟਿਕਟਾਂ ਬੁੱਕ ਕਰਵਾਉਣ ਲਈ ਵਰਤਿਆ ਜਾ ਸਕਦਾ ਹੈ।

IRCTC ਨਾਲ ਕੰਮ ਕਰਨ ਲਈ ਤੁਹਾਨੂੰ ਇੱਕ ਵੈੱਬ ਬ੍ਰਾਉਜ਼ਰ ਅਤੇ ਇੱਕ ਐਕਟਿਵ ਇੰਟਰਨੈੱਟ ਕੁਨੈਕਸ਼ਨ ਦੀ ਜਰੂਰਤ ਹੈ

- ਕਿਸੇ ਵੀ ਬ੍ਰਾਉਜ਼ਰ ਜਿਵੇਂ ਕਿ Firefox, Chrome ਜਾਂ Internet Explorer ਨੂੰ ਖੋਲੋ ।
- ਐਡਰੈੱਸਬਾਰ www.irctc.co.in ਵਿੱਚ ਟਾਈਪ ਕਰੋ ਅਤੇ ਐਂਟਰ ਦਬਾਓ ।

ਇੱਕ ਵੈੱਬ ਪੇਜ ਹੇਠਾਂ ਅਨੁਸਾਰ ਦਿਖਾਈ ਦੇਵੇਗਾ




**Figure 27**

IRCTC ਦੀ ਵਰਤੋਂ ਨਾਲ ਟਰਾਂਸੈਕਸ਼ਨ ਕਰਨ ਲਈ ਤੁਹਾਨ IRCTC ਅਕਾਊਂਟ ਨਾਲ ਸਾਈਨ-ਅਪ (sign up) ਕਰਨ ਦੀ ਲੋੜ ਹੈ ।

- ਵੈਬ ਪੇਜ ਦੇ ਸਭ ਤੋਂ ਉਪਰਲੇ ਪਾਸੇ “Signup “ ਲਿੰਕ ਨੂੰ ਲੱਭੋ ਅਤੇ ਉੱਤੇ ਕਲਿੱਕ ਕਰੋ। IRCTC ਨਾਲ ਸਾਈਨ-ਅਪ ਕਰਨ ਲਈ ਇੱਕ ਵਿੰਡੋ ਹੇਠਾਂ ਅਨੁਸਾਰ ਦਿਖਾਈ ਦੇਵੇਗੀ
- ਹੇਠਾਂ ਅਨੁਸਾਰ IRCTC ਨਾਲ ਸਾਈਨ-ਅਪ ਕਰਨ ਲਈ ਤੁਹਾਨੂੰ ਵੈੱਬ ਪੇਜ ਉੱਤੇ ਰੀਡਾਇਰੈਕਟ ਕੀਤਾ ਜਾਵੇਗਾ। ਰਜਿਸਟਰੇਸ਼ਨ ਨੂੰ ਪੂਰਾ ਕਰਨ ਲਈ ਜਾਣਕਾਰੀ ਭਰਨ ਵਾਸਤੇ ਆਨਸਕਰੀਨ ਢੰਗਾਂ ਦੀ ਪਾਲਣਾ ਕਰੋ।




ਇੱਕ ਵਾਰ ਜਦੋਂ ਤੁਸੀ IRCTC ਉੱਤੇ ਲੋਗਆਨ ਹੋ ਜਾਂਦੇ ਹੋ ਤਾਂ ਤੁਸੀ ਵੈੱਬਸਾਈਟ ਨੂੰ ਟਿਕਟਾਂ ਬੁੱਕ ਕਰਨ ਲਈ ਵਰਤ ਸਕਦੇ ਹੋ। ਹੁਣ ਤੱਕ ਤੁਸੀ ਕਾਫੀ ਜਾਣੂ ਹੋ ਕਿ ਹਰੇਕ ਫੀਲਡ ਕੀ ਦਿਖਾਉਂਦਾ ਹੈ। ਅੱਗੇ ਵਧੋ ਅਤੇ ਜਾਣਕਾਰੀ ਭਰੋ।ਜੋ ਫੀਲਡ ਸਿਤਾਰੇ (×) ਨਾਲ ਮਾਰਕ ਕੀਤੇ ਹਨ ਉਹ ਲਾਜ਼ਮੀ ਹਨ।




**Figure 29**

ਜਦੋਂ ਤੁਸੀ “ Find Trains” ਉੱਤੇ ਕਲਿੱਕ ਕਰਦੇ ਹੋ, ਉਪਲੱਬਧ ਟਰੇਨਾਂ ਦੀ ਸੂਚੀ ਟਿਕਟ ਉਪਲੱਬਧਤਾ ਦੇ ਨਾਲ ਦਿਖਾਈ ਦੇਵੇਗੀ (ਤਸਵੀਰ ਹੇਠਾਂ ਹੈ)




**Figure 30**

ਤੁਸੀ ਦਿਨਾਂ ਦੇ ਅਨੁਸਾਰ ਕ੍ਰਮਬੱਧ ਉਪਲੱਬਧ ਟਿਕਟਾਂ ਦੀ ਸਥਿਤੀ ਵੇਖ ਸਕਦੇ ਹੋ (ਉੱਪਰ ਦਿਖਾਇਆ ਗਿਆ ਹੈ)। ਇੱਕ ਵਾਰ ਜਦੋਂ ਤੁਸੀ ਮਿਤੀ ਪੱਕੀ ਕਰ ਦਿੱਤੀ ਜੋ ਕਿ ਯਾਤਰਾ ਲਈ ਸੁਵਿਧਾਜਨਕ ਹੈ ਤਾਂ ਤੁਸੀ ਟਿਕਟ ਨੂੰ ਬੁੱਕ ਕਰਵਾਉਣ ਲਈ ਵੈਬਸਾਈਟ ਵਿੱਚ ਦਿਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਕੇ ਅੱਗੇ ਵਧ ਸਕਦੇ ਹੋ ।

ਜਦੋਂ ਤੁਸੀ ਟਿਕਟ ਬੁੱਕ ਕਰਦੇ ਹੋ ਤਾਂ ਇੱਕ ਇਲੈਕਟ੍ਰਾਨਿਕ ਟਿਕਟ ਦੀ ਕਾਪੀ ਸਕਰੀਨ ਉੱਤੇ ਦਿਖਾਈ ਦੇਵੇਗੀ। ਇਸਦੇ ਨਾਲ ਹੀ ਰਜਿਸਟਰੇਸ਼ਨ ਦੌਰਾਨ ਦਿੱਤੇ ਗਏ ਈਮੇਲ ਪਤੇ ਉਤੇ ਟਿਕਟ ਮੇਲ ਕਰ ਦਿੱਤੀ ਜਾਵੇਗੀ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | Junglee (www.junglee.com), Yatra (www.yatra.com) ਨਾਲ ਰਜਿਸਟਰ ਹੋਵੋ ਅਤੇ ਆਨਲਾਈਨ ਟਰਾਂਸੈਕਸ਼ਨ ਦਾ ਅਭਿਆਸ ਕਰੋ। |

## ਮੁਲਾਂਕਣ (ASSESSMENT)

ਹੇਠਾਂ ਜੁਆਬ ਦਿਓ

1. ਆਨਲਾਈਨ ਟਰਾਂਜੈਕਸ਼ਨ ਦਾ ਮਕਸਦ ਸਮਝਾਓ ।
2. ਕਿਸੇ 5 ਵੈਬਸਾਈਟਾਂ ਦੀ ਸੂਚੀ ਬਣਾਓ ਜੋ ਆਨਲਾਈਨ ਟਰਾਂਜੈਕਸ਼ਨ ਦੀ ਆਗਿਆ ਦਿੰਦੀਆਂ ਹਨ ।

# ਸੈਸ਼ਨ 8 : ਇੰਟਰਨੈਟ ਸੁਰੱਖਿਆ (Internet Security)

## ਸਬੰਧਤ ਜਾਣਕਾਰੀ

ਇੰਟਰਨੈੱਟ ਸੁਰੱਖਿਆ ਖਾਸ ਤੌਰ ਉੱਤੇ ਇੰਟਰਨੈੱਟ ਨਾਲ ਸਬੰਧਤ ਕੰਪਿਊਟਰ ਸੁਰੱਖਿਆ ਦੀ ਇੱਕ ਸ਼ਾਖਾ ਹੈ, ਵਿੱਚ ਅਕਸਰ ਬ੍ਰਾਊਜ਼ਰ ਸੁਰੱਖਿਆ ਸ਼ਾਮਲ ਹੁੰਦੀ ਹੈ ਪਰ ਇਸ ਵਿੱਚ ਨੈਟਵਰਕ ਸੁਰੱਖਿਆ ਵੀ ਹੁੰਦੀ ਹੈ । ਇੰਟਰਨੈੱਟ ਉਤੇ ਹਮਲੇ ਤੋਂ ਉਲਟ ਵਰਤਣ ਲਈ ਇਸ ਦਾ ਉਦੇਸ਼ ਨਿਯਮ ਅਤੇ ਉਪਾਅ ਸਥਾਪਿਤ ਕਰਨਾ ਹੈ । ਇੰਟਰਨੈੱਟ ਅਸੁਰੱਖਿਅਤ ਚੈਨਲ ਨੂੰ ਇੱਕ ਪ੍ਰਮੁੱਖ ਉੱਚ ਜੋਖਮ ਘੁਸਪੈਠ ਜਾਂ ਧੋਖਾਧੜੀ ਜਿਵੇਂ ਕਿ ਫਿਸ਼ਿੰਗ ਜਾਣਕਾਰੀ ਦੇ ਆਦਾਨ ਪ੍ਰਦਾਨ ਲਈ ਦਿਖਾਉਂਦਾ ਹੈ । ਇਹ ਸੈਸ਼ਨ ਤੁਹਾਨੂੰ ਇੰਟਰਨੈੱਟ ਸੁਰੱਖਿਆ ਧਾਰਨਾ ਦੀ ਜਾਣ-ਪਹਿਚਾਣ ਕਰਵਾਉਂਦਾ ਹੈ ਅਤੇ ਦੱਸਦਾ ਹੈ ਕਿ ਕਿਵੇਂ ਆਨਲਾਈਨ ਅਤੇ ਨੈਟਵਰਕ ਟਰਾਂਜੈਕਸ਼ਨਾਂ ਨੂੰ ਸੁਰੱਖਿਅਤ ਕਰਨਾ ਹੈ ।

ਹਾਲਾਂਕਿ ਇੰਟਰਨੈੱਟ ਕੀਮਤੀ ਜਾਣਕਾਰੀ ਅਤੇ ਮਨੋਰੰਜਨ ਮੁਹੱਈਆ ਕਰਦਾ ਹੈ, ਕਈ ਆਨਲਾਈਨ ਖਤਰਿਆਂ ਕਰਕੇ ਇਹ ਤੁਹਾਡੇ ਕੰਪਿਊਟਰ ਨੂੰ ਅਸੁਰੱਖਿਅਤ ਛੱਡ ਸਕਦਾ ਹੈ । ਤੁਹਾਨੂੰ ਇਹ ਯਕੀਨ ਬਣਾਉਣ ਦੀ ਨਲੋੜ ਹੈ ਕਿ ਤੁਹਾਡੇ ਯੂਜਰ ਨਾਮ, ਪਾਸਵਰਡ, ਕਰੈਡਿਟ ਕਾਰਡ ਜਾਂ ਆਨਲਾਈਨ ਬੈਕਿੰਗ ਜਾਣਕਾਰੀ ਸੁਰੱਖਿਅਤ ਹੈ ਜਿਵੇਂ ਕਿ ਇਹ ਟਰੈਕ ਕੀਤੇ ਅਤੇ ਅਣਅਧਿਕਾਰਿਤ ਯੂਜਰਾਂ ਦੁਆਰਾ ਵਰਤੇ ਜਾ ਸਕਦੇ ਹਨ । ਕੁਝ ਵੈਬਸਾਈਟਾਂ ਕੰਪਿਊਟਰ ਉੱਤੇ ਬਿਨਾ ਯੂਜ਼ਰ ਦੀ ਸਹਿਮਤੀ ਤੋਂ ਮਾਲਵੇਅਰ (Malware) ਨੂੰ ਇੰਸਟਾਲ ਵੀ ਕਰ ਸਕਦੀਆਂ ਹਨ ਜਿਸ ਨਾਲ ਕੰਪਿਊਟਰ ਛੱਡਣਾ ਖਰਾਬ ਜਾਂ ਅਸੁਰੱਖਿਅਤ ਹੈ ।

ਆਨਲਾਈਨ ਖਤਰੇ ਜਿਵੇਂ ਕਿ Phishing, email spoofing, chat spoofing ਆਦਿ ਯੂਜ਼ਰ ਨੂੰ ਸਮਝੌਤਾ ਕਰਨ ਦੀ ਸੰਭਾਵਨਾਵਾਂ ਨੂੰ ਵਧਾ ਸਕਦੇ ਹਨ । ਸਭ ਤੋਂ ਵਧੀਆਂ ਅਮਲਾਂ ਜਿਵੇਂ Antivirus Software, Antispyware Software, Firewalls, strong passwords ਆਦਿ ਨੂੰ ਵਰਤ ਕੇ ਤੁਸੀ ਜੋਖਮ ਨੂੰ ਘਟਾ ਸਕਦੇ ਹੋ, ਇਸਦੇ ਨਾਲ ਹੀ ਵਧੀਆ ਅਮਲਾਂ ਦੀ ਜਾਗਰੂਕਤਾ ਫੈਲਾਉਣਾ ।

### ਸੁਰੱਖਿਆਂ ਲਈ ਵਧੀਆ ਅਮਲ

ਮਜ਼ਬੂਤ ਪਾਸਵਰਡ ਵਰਤੋ, ਅਲਫਾਨਿਉਮੈਰਿਕ ਅਤੇ ਖਾਸ ਕਰੈਕਟਰਾਂ ਦਾ ਸੁਮੇਲ ਇੱਕ ਪਾਸਵਰਡ ਬਣਾਉਣ ਲਈ ਵਰਤਿਆ ਜਾ ਸਕਦਾ ਹੈ ਜੋ ਕਿ ਦੂਜੇ ਯੂਜ਼ਰਾਂ ਦੁਆਰਾ ਕਰੈਕ ਕਰਨਾ ਜਾਂ ਪਤਾ ਲਾਉਣਾ ਐਨਾ ਸੌਖਾ ਨਹੀਂ ਹੁੰਦਾ ਹੈ । ਪਾਸਵਰਡ ਇੱਦਾਂ ਨਾ ਰੱਖੋ ਜਿਵੇਂ ਤੁਹਾਡਾ ਮਨਭਾਉਂਦਾ ਰੰਗ, ਦੋਸਤ ਜਾਂ ਰਿਸ਼ਤੇਦਾਰ ਦਾ ਨਾਮ, ਬਾਈਕ ਦਾ ਨੰਬਰ, ਮੋਬਾਇਲ ਨੰਬਰ ਜਾਂ ਕੋਈ ਇਕੱਲਾ ਜਾਂ ਮਿਲਾ ਕੇ ਆਪਸ਼ਨ । ਜੇ ਇਕ ਯੂਜ਼ਰ ਤੁਹਾਨੂੰ ਨਿੱਜੀ ਤੌਰ ਉੱਤੇ ਜਾਣਦਾ ਹੈ ਤਾਂ ਇਹਨਾਂ ਪਾਸਵਰਡਾਂ ਦਾ ਅਨੁਮਾਨ ਲਗਾਉਣਾ ਅਸਾਨ ਹੈ । ਘੱਟੋ ਘੱਟ 2 ਜਾਂ 3 ਹਫਤੇ ਬਾਅਦ ਅਕਸਰ ਆਪਣਾ ਪਾਸਵਰਡ ਬਦਲੋ ਤਾਂ ਜੋ ਤੁਹਾਡੇ ਅਕਾਉਂਟ ਦੀ ਜਾਣਕਾਰੀ ਸੁਰੱਖਿਅਤ ਰਹੇ ।

ਮਜ਼ਬੂਤ ਪਾਸਵਰਡ ਦੀ ਵਰਤੋਂ ਸੁਰੱਖਿਆ ਉਲੰਘਣਾ ਜੋਖਮ ਨੂੰ ਘੱਟ ਕਰ ਸਕਦੀ ਹੈ, ਪਾਸਵਰਡ ਕਿੰਨਾ ਪ੍ਰਭਾਵਸ਼ਾਲੀ ਹੈ ਇਹ ਸਾਫਟਵੇਅਰ ਦੇ ਸੁਰੱਖਿਆ ਮੈਕਾਨਿਜ਼ਮ ਅਤੇ ਇੱਕ ਮਜ਼ਬੂਤ ਪਾਸਵਰਡ ਬਣਾਉਣ ਲਈ ਯੂਜ਼ਰ ਦੀ ਸ਼ਮੂਲੀਅਤ ਉੱਤੇ ਨਿਰਭਰ ਕਰਦਾ ਹੈ । ਬਹੁਤ ਸਾਰੀਆਂ ਵੈਬਸਾਈਟਾਂ ਪਾਸਵਰਡ ਦੀ ਪ੍ਰਭਾਵਸ਼ਾਲੀਨਤਾ ਦੀ ਜਾਂਚ ਕਰਦੀਆਂ ਹਨ, ਜਦੋਂ ਇੱਕ ਯੂਜ਼ਰ ਪਹਿਲੀ ਵਾਰ ਰਜਿਸਟਰ ਕਰਦਾ ਹੈ ਜਾਂ ਉਹ ਪਾਸਵਰਡ ਬਦਲਦੇ ਹਨ।ਉਦਾਹਰਣ ਲਈ, ਜਦੋਂ ਤੁਸੀ ਜੀਮੇਲ ਲਈ ਰਜਿਸਟਰ ਕਰਦੇ ਹੋ ਤਾਂ ਤੁਸੀ ਨੋਟ ਕਰ ਸਕਦੇ ਹੋ ਕਿ ਇੱਕ ਪਾਸਵਰਡ ਮੀਟਰ ਪਾਸਵਰਡ ਦੀ ਤਾਕਤ ਨੂੰ ਦਿਖਾਉਂਦਾ ਹੈ ਜਿਵੇਂ ਕਿ ਹੇਠਾਂ ਦਿਖਾਇਆ ਗਿਆ ਹੈ ।




**Figure 31**

ਮਜ਼ਬੂਤ ਪਾਸਵਰਡ ਨੂੰ ਮੈਨੇਜ ਕਰਨ ਲਈ ਹੇਠਾਂ ਆਮ ਦਿਸ਼ਾ ਨਿਰਦੇਸ਼ ਹਨ

- ਜੇਕਰ ਇਜ਼ਾਜਤ ਹੈ ਤਾਂ ਪਾਸਵਰਡ ਦੀ ਲੰਬਾਈ ਘੱਟੋ-ਘੱਟ 1-14 ਕਰੈਕਟਰਾਂ ਤੱਕ ਰੱਖੋ ।
- ਦੁਹਰਾਉਣ ਵਾਲਿਆਂ ਤੋਂ, ਡਿਕਸ਼ਿਨਰੀ ਸ਼ਬਦਾਂ, ਅੱਖਰਾਂ ਜਾਂ ਅੰਕ ਕ੍ਰਮ, ਯੂਜ਼ਰ ਨਾਮ, ਰਿਸ਼ਤੇਦਾਰ ਜਾਂ ਪਾਲਤੂ ਨਾਮ ਆਦਿ ਤੋਂ ਪਰਹੇਜ਼ ਕਰੋ ।
- ਜੇਕਰ ਆਗਿਆ ਹੈ ਤਾਂ ਨੰਬਰ ਅਤੇ ਚਿੰਨਾਂ ਨੂੰ ਪਾਸਵਰਡ ਵਿੱਚ ਸ਼ਾਮਲ ਕਰਨਾ ।
- ਕੈਪੀਟਲ (capital) ਅਤੇ ਲੋਅਰਕੇਸ (lowercase) ਅੱਖਰਾਂ ਦੀ ਵਰਤੋਂ ਕਰੋ ।
- ਇੱਕੋ ਪਾਸਵਰਡ ਨੂੰ ਮਲਟੀਪਲ ਸਾਈਟਾਂ ਅਤੇ ਮਕਸਦਾਂ ਲਈ ਵਰਤਣ ਤੋਂ ਪਰਹੇਜ ਕਰੋ ।
- ਉਸ ਚੀਜ ਤੋਂ ਗੁਰੇਜ ਕਰੋ ਜੋ ਆਮ ਲੋਕ ਜਾਂ ਨਾਲ ਕੰਮ ਕਰਨ ਵਾਲੇ ਜਾਣਦੇ ਹਨ ਜਿਵੇਂ ਤੁਹਾਡੀ ਬਹੁਤ ਪਸੰਦ ਅਤੇ ਨਾ-ਪਸੰਦ ।
- ਜੇਕਰ ਸੰਭਵ ਹੈ ਤਾਂ ਬੇਤਰਤੀਬੇ ਪਾਸਵਰਡ ਜਨਰੇਟਰ (random password generators) ਨੂੰ ਵਰਤੋ ।

**ਮਜ਼ਬੂਤ ਪਾਸਵਰਡ ਦੀ ਉਦਾਹਰਣ : u1vX: , 4Hd{]$**

ਤੁਸੀ www.strongpasswordgenerator.com ਵੈੱਬਸਾਈਟ ਨੂੰ ਵੀ ਵਿਜ਼ਿਟ ਕਰ ਸਕਦੇ ਹੋ ਜੋ ਕਿ ਮਜ਼ਬੂਤ ਬੇਤਰਤੀਬੇ ਪਾਸਵਰਡ ਬਣਾ ਸਕਦੀ ਹੈ। www.strongpasswordgenerator.com ਦੀ ਵਰਤੋਂ ਨਾਲ ਮਜ਼ਬੂਤ ਪਾਸਵਰਡ ਬਣਾਉਣ ਲਈ ਹੇਠਾਂ ਅਨੁਸਾਰ ਕਰੋ:

- ਕੋਈ ਵੀ ਵੈੱਬ ਬ੍ਰਾਊਜ਼ਰ ਖੋਲੋ । ਐਡਰੈੱਸ ਬਾਰ ਵਿੱਚ www.strongpasswordgenerator.com ਟਾਈਪ ਕਰੋ ਅਤੇ ਐਂਟਰ ਦਬਾਓ।
- " Generate password " ਉੱਤੇ ਕਲਿੱਕ ਕਰੋ । ਨੋਟ ਕਰੋ " your new password " ਦੇ ਹੇਠਾਂ ਪਾਸਵਰਡ ਦਿਖਾਈ ਦਿੰਦਾ ਹੈ ।

**ਆਪਣੇ ਡਾਟੇ ਦਾ ਬੈਕਅਪ ਲਓ (Backup your data):** ਆਪਣੇ ਨਿੱਜੀ ਡਾਟੇ ਦੀ ਕਾਪੀ ਹਮੇਸ਼ਾ ਕਿਸੇ ਹੋਰ ਮੀਡੀਆ ਜਿਵੇਂ ਕੰਪੈਕਟ ਡਿਸਕ (ਸੀ.ਡੀ.), ਪੈਨ ਡਰਾਈਵ ਆਦਿ ਵਿੱਚ ਰੱਖੋ । ਜੇਕਰ ਡਾਟੇ ਦਾ ਨੁਕਸਾਨ ਹੁੰਦਾ ਹੈ ਤਾਂ ਇਹ ਇਹੋ ਜਿਹੇ ਹਲਾਤਾਂ ਵਿੱਚ ਸਹਾਇਕ ਹੋ ਸਕਦਾ ਹੈ । ਡਾਟੇ ਨੂੰ ਅਣਅਧਿਕਾਰਤ ਯੂਜ਼ਰਾਂ ਦੀ ਪਹੁੰਚ ਤੋਂ ਦੂਰ ਰੱਖੋ ।

ਆਪਣੇ ਡਾਟੇ ਨੂੰ ਅਣਅਧਿਕਾਰਤ ਯੂਜ਼ਰਾਂ ਤੋਂ ਸੁਰੱਖਿਅਤ ਰੱਖਣ ਲਈ ਇਨਕ੍ਰੀਪਸ਼ਨ ਸਾਫਟਵੇਅਰ (ਆਮ ਤੌਰ ਉੱਤੇ ਆਪਰੇਟਿੰਗ ਸਿਸਟਮ ਦੇ ਵਿੱਚ ਉਪਲੱਬਧ ਹੁੰਦੇ ਹਨ) ਵਰਤੋ । ਜੇਕਰ ਆਪਰੇਟਿੰਗ ਸਿਸਟਮ ਦੇ ਵਿੱਚ ਇਨਕ੍ਰੀਪਸ਼ਨ ਸਾਫਟਵੇਅਰ ਉਪਲੱਬਧ ਨਹੀਂ ਹੈ ਤਾਂ ਤੀਜੀ ਧਿਰ ਸਾਫਟਵੇਅਰ(3rd party softwarev) ਦੀ ਵਰਤੋਂ ਕਰੋ ।

ਆਪਣੇ ਯੂਜ਼ਰ ਨਾਮ ਅਤੇ ਪਾਸਵਰਡ ਨੂੰ ਨਿੱਜੀ ਰੱਖਦੇ ਹੋਏ : ਆਪਣੇ ਯੂਜਰ ਨਾਮ ਅਤੇ ਪਾਸਵਰਡ ਨੂੰ ਉਸ ਕੰਪਿਊਟਰ ਉੱਤੇ ਨਾ ਸੇਵ ਕਰੋ ਜੋ ਸਾਂਝੀ ਮਾਹੌਲ ਉੱਤੇ ਜਿਵੇਂ ਇੰਟਰਨੈੱਟ ਕੈਫੇ ਵਿੱਚ ਵਰਤਿਆ ਜਾਂਦਾ ਹੈ । ਬ੍ਰਾਊਜ਼ਰ ਤੁਹਾਡੇ ਨਿੱਜੀ ਡਾਟੇ ਨੂੰ ਲੋਕਲ ਕੰਪਿਊਟਰ ਉੱਤੇ ਸੇਵ ਕਰ ਸਕਦੇ ਹਨ ਜੋ ਕਿ ਉਸੇ ਕੰਪਿਊਟਰ ਨੂੰ ਵਰਤ ਕੇ ਦੂਜੇ ਯੂਜਰਾਂ ਦੁਆਰਾ ਵਰਤਿਆ ਜਾ ਸਕਦਾ ਹੈ।

**ਵੈੱਬਸਾਈਟ ਨਾਲ ਰਜਿਸਟਰੇਸ਼ਨ:** ਜਦੋਂ ਵੀ ਤੁਸੀ ਵੈਬਸਾਈਟ ਨਾਲ ਰਜਿਸਟਰ ਹੁੰਦੇ ਹੋ ਤਾਂ ਗੋਪਨੀਅਤ ਵਾਲੀ ਸਟੇਟਮੈਂਟ ਜਾਂ ਨੀਤੀ ਨੂੰ ਪੜ੍ਹੋ, ਸਟੇਟਮੈਂਟ ਜਾਂ ਨੀਤੀ ਵਿੱਚ ਇਹ ਜਾਣਕਾਰੀ ਹੋਵੇਗੀ ਕਿ ਵੈਬਸਾਈਟ ਨਿੱਜੀ ਡਾਟੇ ਨੂੰ ਕਿਵੇਂ ਵਰਤਦੀ ਹੈ ।

**ਨਿੱਜੀ ਜਾਣਕਾਰੀ ਨੂੰ ਸਾਂਝਾ ਨਾ ਕਰੋ :** ਵੈੱਬਸਾਈਟ ਉੱਤੇ ਤੁਹਾਨੂੰ ਫਾਰਮ ਭਰਨ ਲਈ ਕੁਝ ਫੀਲਡ ਜਿਵੇਂ name, gender, age, email address, school ਆਦਿ ਭਰਨ ਦੀ ਲੋੜ ਹੈ । ਇਹੋ ਜਿਹੇ ਫਾਰਮ ਭਰਨ ਵੇਲੇ ਸਾਵਧਾਨ ਰਹੋ, ਖੋਜ ਅਤੇ ਪੜਤਾਲ ਕਰੋ ਜੇ ਇਹ ਵੈੱਬਸਾਈਟ ਵਿਸ਼ਵਾਸ਼ਯੋਗ ਹੈ । ਤੁਹਾਡਾ ਈਮੇਲ ਪਤਾ ਕਿਸੇ ਅਣਅਧਿਕਾਰਤ ਯੂਜ਼ਰ ਦੁਆਰਾ ਤੁਹਾਨੂੰ ਫਰਜੀ ਜਾਂ ਅਣਲੋੜੀਂਦੀ ਈਮੇਲ ਭੇਜਣ ਲਈ ਵਰਤਿਆ ਜਾ ਸਕਦਾ ਹੈ । ਕਿਸੇ ਵੀ ਵੈੱਬਸਾਈਟ ਉੱਤੇ ਜਾਣਕਾਰੀ ਦੇਣ ਤੋਂ ਪਹਿਲਾਂ ਦੋ ਜਾਂ ਤਿੰਨ ਵਾਰੀ ਸੋਚੋ ਅਤੇ ਇਹ ਫੈਸਲਾ ਕਰੋ ਕਿ ਇਹ ਅਸਲ ਵਿੱਚ ਜਰੂਰੀ ਹੈ ।

**ਸੁਰੱਖਿਅਤ ਲੈਣ-ਦੇਣ :** ਜੇਕਰ ਤੁਸੀ ਆਨਲਾਈਨ ਖਰੀਦਾਰੀ ਜਾਂ ਲੈਣ-ਦੇਣ ਦੀ ਵਰਤੋਂ ਕਰ ਰਹੇ ਹੋ ਤਾਂ ਵੈੱਬਸਾਈਟਾਂ ਤੁਹਾਡਾ ਕਰੈਡਿਟ ਕਾਰਡ ਜਾਂ ਆਨਲਾਈਨ ਬੈਂਕਿੰਗ ਦੀ ਨਿੱਜੀ ਜਾਣਕਾਰੀ ਜਿਵੇਂ ਕਿ ਤੁਹਾਡਾ ਕਰੈਡਿਟ ਕਾਰਡ ਨੰਬਰ, ਅਕਾਊਂਟ ਜਾਣਕਾਰੀ ਆਦਿ ਵੀ ਸੇਵ ਕਰਦੀਆਂ ਹਨ । ਇਹ ਜਾਣਕਾਰੀ ਟਰੈਕ ਕੀਤੀ ਜਾ ਸਕਦੀ ਹੈ ਅਤੇ ਅਣਅਧਿਕਾਰਤ ਯੂਜ਼ਰ ਜਿਹਨਾਂ ਨੂੰ ਆਮ ਤੌਰ ਉੱਤੇ ਹੈਕਰ ਕਿਹਾ ਜਾਂਦਾ ਹੈ ਵੱਲੋਂ ਗਲਤ ਵਰਤੋਂ ਲਈ ਵਰਤੀ ਜਾ ਸਕਦੀ ਹੈ ।

ਦੁਬਾਰਾ ਯਕੀਨ ਕਰੋ ਕਿ ਕੀ ਵੈੱਬਸਾਈਟ ਪ੍ਰਮਾਨਿਤ ਹੈ ਅਤੇ ਆਨਲਾਈਨ ਲੈਣ ਦੇਣ ਨੂੰ ਬਣਾਈ ਰੱਖਣ ਲਈ ਸੁਰੱਖਿਅਤ ਅਮਲਾਂ ਦੀ ਵਰਤੋਂ ਕਰਦੀ ਹੈ । ਕਿਉਂਕਿ ਜਾਣਕਾਰੀ ਜਿਵੇਂ ਕਿ ਕਰੈਡਿਟ ਕਾਰਡ ਡਿਟੇਲ ਜਾਂ ਨਿੱਜੀ ਜਾਣਕਾਰੀ ਨੈਟਵਰਕ ਉੱਤੇ ਭੇਜੀ ਗਈ ਹੈ, ਇਹ ਹਮੇਸ਼ਾ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਇਹੋ ਜਿਹੀ ਟਰਾਂਜੈਕਸ਼ਨਾਂ ਲਈ ਸਿਰਫ ਸੁਰੱਖਿਅਤ ਵੈੱਬਸਾਈਟਾ ਨੂੰ ਹੀ ਵਰਤੋ।ਪੜਤਾਲ ਕਰੋ ਜੇ ਵੈੱਬਸਾਈਟ ਸੁਰੱਖਿਅਤ ਟਰਾਂਜੈਕਸ਼ਨ ਨੂੰ ਵਰਤਦੀ ਹੈ, ਆਮ ਤੌਰ ਉੱਤੇ ਇਹ ਡਿਜ਼ੀਟਲ ਸਟਰਟੀਫਿਕੇਟ ਦੁਆਰਾ ਵੈੱਬ ਬਰਾਊਜ਼ਰ ਦੇ ਐਡਰੈੱਸ ਬਾਰ ਵਿੱਚ ਇੱਕ ਸੁਨਿਹਰੀ ਲਾਕ (golden lock) ਦੇ ਰੂਪ ਵਿੱਚ ਦਿਖਾਇਆ ਜਾਂਦਾ ਹੈ।

**ਐਂਟੀਵਾਈਰਸ ਅਤੇ ਐਂਟੀਸਪਾਈਵੇਅਰ ਸਾਫਟਵੇਅਰ ਵਰਤੋਂ :** ਕੰਪਿਊਟਰ ਸਾਫਟਵੇਅਰ ਹਮਲੇ ਤੋਂ ਗ੍ਰਸਤ ਹੈ ਜੋ ਕਿ ਮਾਲਵੇਅਰ ਦੇ ਵਜੋਂ ਜਾਣਿਆ ਜਾਂਦਾ ਹੈ ਜੋ ਤੁਹਾਡੇ ਕੰਪਿਊਟਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ । ਮਾਲਵੇਅਰ ਬ੍ਰਾਊਜ਼ਿੰਗ ਵਿਵਹਾਰ ਨੂੰ ਟਰੈਕ ਕਰਦਾ ਹੈ ਜਾਂ ਤੁਹਾਡੇ ਕੰਪਿਊਟਰ ਤੋਂ ਨਿੱਜੀ ਜਾਣਕਾਰੀ ਪ੍ਰਸਾਰਿਤ ਕਰਦਾ ਹੈ । ਪ੍ਰੋਗਰਾਮ ਜਿਵੇਂ *keyloggers* ਤੁਹਾਡੇ ਕੰਪਿਊਟਰ ਇੰਸਟਾਲ ਹੋਣਾ ਚਾਹੀਦਾ ਹੈ, ਅਣਅਧਿਕਾਰਤ ਯੂਜ਼ਰ ਦੁਆਰਾ ਹਰੇਕ ਕੀਅ ਜੋ ਕੀਬੋਰਡ ਉੱਤੇ ਪ੍ਰੈਸ ਕੀਤੀ ਗਈ ਹੈ ਦਾ ਟਰੈਕ ਅਤੇ ਪ੍ਰਸਾਰਿਤ ਕਰਨ ਲਈ । ਐਂਟੀਵਾਈਰਸ ਅਤੇ ਐਂਟੀਸਪਾਈਵੇਅਰ ਪ੍ਰੋਗਰਾਮ ਮਾਲਵੇਅਰ ਸਾਫਟਵੇਅਰ ਦੁਆਰਾ ਕੀਤਾ ਕੋਈ ਵੀ ਬਦਲਾਵ ਤੁਹਾਡੇ ਕੰਪਿਊਟਰ ਦੀ ਰੀਅਲ-ਟਾਈਮ ਸੁਰੱਖਿਆ ਦੀ ਨਿਗਰਾਨੀ ਨੂੰ ਪੇਸ਼ ਕਰਦਾ ਹੈ। ਆਪਣੇ ਐਂਟੀਵਾਈਰਸ ਅਤੇ ਐਂਟੀਸਪਾਈਵੇਅਰ ਸਾਫਟਵੇਅਰ ਨੂੰ ਹਮੇਸਾ ਅਪਡੇਟ ਕਰਕੇ ਰੱਖੋ । ਇਹ ਤੁਹਾਡੇ ਕੰਪਿਊਟਰ ਨੂੰ ਹਾਲ ਹੀ ਦੇ ਖਤਰਿਆਂ ਤੋਂ ਬਚਾਉਣ ਵਿੱਚ ਮਦਦ ਕਰ ਸਕਦਾ ਹੈ ।

ਅਣਜਾਣ ਯੂਜ਼ਰਾਂ ਤੋਂ ਪ੍ਰਾਪਤ ਮੇਲ ਦਾ ਜੁਆਬ ਇਕ ਦਮ ਨਾ ਦੇਵੋ, ਇਹ ਮੇਲ ਫਰਜੀ ਹੋ ਸਕਦੀ ਹੈ ਜੋ ਨਿੱਜੀ ਜਾਣਕਾਰੀ ਜਿਵੇਂ ਕਿ ਤੁਹਾਡੀ ਬੈਂਕ ਅਕਾਊਂਟ ਡਿਟੇਲ, ਘਰ ਦਾ ਪਤਾ ਆਦਿ ਇਕੱਠੀ ਕਰਨ ਦੀ ਕੋਸ਼ਿਸ਼ ਕਰਦੀ ਹੈ । ਕੁਝ ਮੇਲ ਤੁਹਾਨੂੰ ਨੌਕਰੀ ਦਾ ਵਾਅਦਾ ਜਾਂ ਲਾਟਰੀ ਦੇ ਨਤੀਜੇ ਦਾ ਐਲਾਨ ਕਰਨਗੀਆਂ ਜਿਸਦੇ ਬਦਲੇ ਯੂਜ਼ਰ ਨੂੰ ਸਮਝੌਤਾ ਕਰਨਾ ਪੈ ਸਕਦਾ ਹੈ । ਅਤੇ ਕੁਝ ਕੇਸਾਂ ਵਿੱਚ ਵਾਈਰਸ ਜਾਂ ਸਕਰਿਪਟਾਂ ਜੋ ਖਤਰਨਾਕ ਹਨ ਮੇਲ ਉੱਤੇ ਅਟੈਕ ਕਰ ਸਕਦੀਆਂ ਹਨ; ਅਣਜਾਣ ਸਾਧਨਾਂ ਤੋਂ ਪ੍ਰਾਪਤ ਅਟੈਚਮੈਂਟ ਨੂੰ ਕਦੇ ਨਾ ਖੋਲੋ ।

**ਬ੍ਰਾਊਜ਼ਰ ਕੁਕੀਜ਼ ਨੂੰ ਅਕਸਰ ਸਾਫ ਕਰੋ :** ਕੁਕੀਜ਼ ਪ੍ਰੋਗਰਾਮ ਹਨ ਜੋ ਕਿ ਲੋਕਲ ਕੰਪਿਊਟਰ ਉੱਤੇ ਜਦੋਂ ਤਸੀ ਵੈਬਸਾਈਟ ਨੂੰ ਵਿਜ਼ਿਟ ਕਰਦੇ ਹੋ ਤਾਂ ਉਦੋਂ ਬਣਾਏ ਜਾਂਦੇ ਹਨ । ਹਾਲਾਂਕਿ ਕੂਕੀਜ਼ ਦਾ ਮਤਲਬ ਡਾਟਾ ਸੰਭਾਲਣ ਹੈ ਕਿਰਿਆਵਾਂ ਜੋ ਤੁਹਾਡੀ ਪਹਿਲੀ ਵਿਜ਼ਿਟ ਦੌਰਾਨ ਕੀਤੀਆਂ ਗਈਆਂ ਹਨ ਜਿਵੇਂ ਕਿ ਲੋਗਆਨ ਡਿਟੇਲ, ਸ਼ਾਪਿੰਗ ਕਾਰਟ ਦੀ ਜਾਣਕਾਰੀ, ਵੈੱਬਸਾਈਟ ਵਿੱਚ ਵਿਜ਼ਿਟ ਕੀਤੇ ਪੇਜ ਆਦਿ । ਇਹ ਕੁਝ ਅਣਅਧਿਕਾਰਤ ਯੂਜਰਾਂ ਦੁਆਰਾ ਟਰੈਕ ਕੀਤਾ ਜਾ ਸਕਦਾ ਹੈ ਅਤੇ ਸੰਭਵ ਹੈ ਕਿ ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਬਣਾਉਣ ਲਈ ।

ਆਪਰੇਟਿੰਗ ਸਿਸਟਮ ਅਤੇ ਸਾਫਟਵੇਅਰ ਨੂੰ ਅਪਡੇਟ ਰੱਖੋ । ਹਾਲਾਂਕਿ ਆਪਰੇਟਿੰਗ ਸਿਸਟਮ ਤਿਆਰ, ਟੈਸਟ ਅਤੇ ਡਿਸਟਰੀਬਿਊਟ ਕੀਤੇ ਗਏ ਹਨ, ਕਈ ਵਾਰ ਇਹਨਾਂ ਵਿੱਚ ਸੁਰੱਖਿਆ ਕਮੀਆਂ ਰਹਿ ਜਾਂਦੀਆਂ ਹਨ ਜਿਹਨਾਂ ਦਾ ਹੈਕਰ ਲਾਭ ਲੈ ਸਕਦੇ ਹਨ, ਹੈਕਰ ਜਾਣਕਾਰੀ ਨੂੰ ਇਕੱਠੀ ਅਤੇ ਹੈਕ ਕਰ ਸਕਦੇ ਹਨ ਜਾਂ ਇੱਥੋਂ ਤੱਕ ਕਿ ਪੂਰੇ ਕੰਪਿਊਟਰ ਨੂੰ ਤਬਾਹ ਕਰ ਸਕਦੇ ਹਨ।ਆਮ ਤੌਰ ਉੱਤੇ ਬਹੁਤੇ ਵਿਕਰੇਤਾ ਯੂਜ਼ਰ ਨੂੰ ਜਦੋਂ ਕਿਤੇ ਕੋਈ ਸੁਰੱਖਿਆ ਕਮੀ ਪਾਈ ਜਾਂਦੀ ਹੈ ਤਾਂ ਸੂਚਿਤ ਕਰਦੇ ਹਨ ਅਤੇ ਉਸ ਖਾਸ ਮੁੱਦੇ ਨੂੰ ਐਡਰੈੱਸ ਕਰਨ ਲਈ ਇੱਕ ਅਪਡੇਟ ਉਪਲੱਬਧ ਹੁੰਦਾ ਹੈ । ਤੁਸੀ ਸਬੰਧਤ ਵੈਂਡਰ (ਵਿਕਰੇਤਾ) ਦੀ ਵੈੱਬਸਾਈਟ ਨੂੰ ਵੀ ਵਿਜ਼ਿਟ ਕਰ ਸਕਦੇ ਹੋ ਕਿ ਜੇਕਰ ਕੋਈ ਅਪਡੇਟ ਉਪਲੱਬਧ ਹੈ, ਸੁਰੱਖਿਆਂ ਛੇਦਾਂ ਤੋਂ ਅਜ਼ਾਦੀ ਲਈ, ਡਾਊਨਲੋਡ ਕਰੋ ਅਤੇ ਆਪਣੇ ਆਪਰੇਟਿੰਗ ਸਿਸਟਮ ਅਤੇ ਸਾਫਟਵੇਅਰ ਐਪਲੀਕੇਸ਼ਨ ਨੂੰ ਅਪਟੂ-ਡੇਟ (ਆਧੁਨਿਕ) ਰੱਖੋ ।

**ਇੰਸਟਾਲ ਫਾਇਰਵਾਲਸ :** ਫਾਇਰਵਾਲਸ ਹਾਰਡਵੇਅਰ ਅਤੇ ਸਾਫਟਵੇਅਰ ਹੋ ਸਕਦੇ ਹਨ ਅਤੇ ਕੰਪਿਊਟਰ ਅਤੇ ਨੈੱਟਵਰਕ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਈ ਹੋ ਸਕਦੇ ਹਨ । ਫਾਇਰਵਾਲਸ ਨੈਟਵਰਕ ਟਰੈਫਿਕ ਦਾ ਵਿਸ਼ਲੇਸ਼ਣ ਅਤੇ ਇਹ ਨਿਰਧਾਰਿਤ ਕਰਦੀ ਹੈ ਕਿ ਕੀ ਟਰੈਫਿਕ ਨੂੰ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਜਾਂ ਨਹੀਂ । ਜਿਆਦਾਤਰ ਕੇਸਾਂ ਵਿੱਚ ਆਪਰੇਟਿੰਗ ਸਿਸਟਮ ਜਿਵੇਂ ਕਿ Linux , Windows ਜਾਂ Mac ਵਿੱਚ ਫਾਇਰਵਾਲਸ ਸਾਫਟਵੇਅਰ ਆਪਰੇਟਿੰਗ ਸਿਸਟਮ ਦੇ ਇੱਕ ਭਾਗ ਵਜੋਂ ਸ਼ਾਮਲ ਹੁੰਦੀ ਹੈ, ਇਸ ਤਰਾਂ ਇਹ ਕੰਪਿਊਟਰ ਨੂੰ ਸੁਰੱਖਿਅਤ ਰੱਖਦੀ ਹੈ ।

ਬਹੁਤ ਹੀ ਘੱਟ ਕੇਸਾਂ ਵਿੱਚ ਤੁਹਾਨੂੰ ਅਲੱਗ ਸੁਰੱਖਿਆ ਲਈ ਆਪਣੀ ਫਾਇਰਵਾਲ ਨੂੰ ਕੰਨਫਿਗਰ ਕਰਨ ਦੀ ਜਰੂਰਤ ਹੁੰਦੀ ਹੈ ।

ਅਣਜਾਣ ਸਾਧਨਾਂ ਤੋਂ ਕਦੇ ਸਾਫਟਵੇਅਰ ਇੰਸਟਾਲ ਨਾ ਕਰੋ ਜਿਵੇਂ ਕਿ ਉਹ ਵਿਸ਼ਵਾਸ਼ਯੋਗ ਨਹੀ ਹੋ ਸਕਦੇ ਹਨ । ਸਿਰਫ ਚੰਗੀ ਤਰਾਂ ਜਾਣੂ ਜਾਂ ਪ੍ਰਸਿੱਧ ਵੈੱਬਸਾਈਟਾਂ ਤੋਂ ਹੀ ਡਾਊਨਲੋਡ ਕਰੋ । ਸੋਰਸ ਦੀ ਡਾਊਨਲੋਡ ਕਰਨ ਤੋਂ ਪਹਿਲਾਂ ਇੰਟਰਨੈੱਟ ਉੱਤੇ ਖੋਜ ਕਰਕੇ ਜਾਂ ਦੂਜੇ ਯੂਜ਼ਰਾਂ ਤੋਂ ਦਿੱਤੀਆਂ ਟਿੱਪਣੀਆਂ ਦੀ ਪੜਤਾਲ ਕਰੋ ਕਿ ਕੀ ਇਹ ਕਾਨੂੰਨੀ ਹੈ । ਸਾਫਟਵੇਅਰ ਨੂੰ ਡਾਊਨਲੋਡ ਅਤੇ ਇੰਸਟਾਲ ਕਰਨ ਤੋਂ ਪਹਿਲਾਂ ਸਾਫਟਵੇਅਰ ਦਾ ਸੁਭਾਅ ਅਤੇ ਮਕਸਦ ਸਮਝੋ ।

**ਅਣ-ਲੋੜੀਂਦੇ ਅਤੇ ਅਣਜਾਣ ਸਾਫਟਵੇਅਰ ਐਪਲੀਕੇਸ਼ਨਾਂ ਨੂੰ ਹਟਾਓ** : ਜਦੋਂ ਤੁਸੀ ਕਿਸੇ ਵੈੱਬਸਾਈਟ ਨੂੰ ਵਿਜ਼ਿਟ ਕੀਤਾ ਹੋਣਾ ਹੈ ਤਾਂ ਇਹ ਤੁਹਾਡੀ ਜਾਣਕਾਰੀ ਤੋਂ ਬਿਨਾ ਇਨਸਟਾਲ ਹੋ ਗਏ ਹੋ ਸਕਦੇ ਹਨ । ਅਣ-ਲੋੜੀਂਦੇ ਸਾਫਟਵੇਅਰ ਇੰਸਟਾਲ ਹੋ ਸਕਦੇ ਹਨ ਕਿਉਂਕਿ ਉਹ ਜਰੂਰੀ ਸਾਫਟਵੇਅਰਾਂ ਨਾਲ ਆਏ ਹੋਏ ਹੋ ਸਕਦੇ ਹਨ ।

ਕੁਝ ਪ੍ਰੋਗਰਾਮ ਜਿਵੇਂ ਟੂਲਬਾਰ ਬੰਡਲ ਸਾਫਟਵੇਅਰ ਦੇ ਨਾਲ ਆਮ ਤੌਰ ਉੱਤੇ ਇੰਸਟਾਲ ਹੋ ਜਾਂਦੇ ਹਨ ਜੋ ਉਹ ਤੁਹਾਡੀ ਸਹਿਮਤੀ ਤੋਂ ਬਿਨਾ ਨਿੱਜੀ ਜਾਣਕਾਰੀ ਭੇਜਣ ਲਈ ਪ੍ਰੋਗਾਮ ਕੀਤੇ ਹੁੰਦੇ ਹਨ।

**ਬ੍ਰਾਉਜ਼ਰਸ ਵਿੱਚ ਸਟੋਰ ਡਾਟੇ ਨੂੰ ਸਾਫ ਕਰੋ :** ਵੈੱਬ ਬ੍ਰਾਊਜ਼ਰਾਂ ਵਿੱਚ ਵੈੱਬਸਾਈਟ ਵਿੱਚ ਵਰਤੇ ਗਏ ਪਾਸਵਰਡ ਨੂੰ ਸਟੋਰ ਕਰਨ ਲਈ ਪਹਿਲਾਂ ਹੀ ਪਾਸਵਰਡ ਪ੍ਰਬੰਧ ਬਣਾਇਆ ਹੁੰਦਾ ਹੈ । ਜਦੋਂ ਯੂਜ਼ਰ ਵੈੱਬਸਾਈਟ ਉੱਤੇ ਲਾਗਆਨ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਵੈੱਬ ਬ੍ਰਾਊਜ਼ਰ ਅਕਸਰ ਯੂਜ਼ਰ ਨਾਮ ਅਤੇ ਪਾਸਵਰਡ ਨੂੰ ਸੇਵ ਕਰਨ ਲਈ ਪੁੱਛਦੇ ਹਨ ।

ਇਹ ਸੁਵਿਧਾ ਯੂਜ਼ਰਾਂ ਨੂੰ ਪੇਸ਼ ਕੀਤੀ ਜਾਂਦੀ ਹੈ ਤਾਂ ਜੋ ਉਹ ਯੂਜ਼ਰ ਨਾਮ ਅਤੇ ਪਾਸਵਰਡ ਨੂੰ ਟਾਈਪ ਕੀਤੇ ਬਿਨਾ ਉਹਨਾਂ ਵੱਲੋਂ ਅਕਸਰ ਵਰਤੀ ਗਈ ਵੈੱਬਸਾਈਟ ਨੂੰ ਲਾਗਆਨ ਕਰ ਸਕਣ । ਫਿਰ ਵੀ ਖਾਸ ਤੌਰ ਉੱਤੇ ਜਨਤਕ ਜਾਂ ਸਾਂਝੇ ਕੰਪਿਊਟਰਾਂ ਉੱਤੇ ਵੈੱਬ ਬ੍ਰਾਊਜ਼ਰ ਵਿੱਚ ਸਟੋਰ ਡਾਟਾ ਛੱਡਣ ਦੀ ਸਲਾਹ ਨਹੀਂ ਦਿਤੀ ਜਾਂਦੀ ਹੈ ।

ਵੈੱਬ ਬ੍ਰਾਊਜ਼ਰ ਜਿਵੇਂ ਮੋਜ਼ੀਲਾ ਫਾਇਰਫਾਕਸ (Mozilla Firefox) ਵਿੱਚੋਂ ਨਿੱਜੀ ਡਾਟਾ ਸਾਫ ਕਰਨ ਲਈ, ਬ੍ਰਾਊਜ਼ਰ ਨੂੰ ਚਲਾਓ:

- Tools ਮੀਨੂੰ ਉੱਤੇ ਕਲਿੱਕ ਕਰੋ। Options ਉੱਤੇ ਕਲਿੱਕ ਕਰੋ ।
- Security ਟੈਬ ਉੱਤੇ ਕਲਿੱਕ ਕਰੋ । ਹੇਠਲੀ ਵਿੰਡੋ ਦਿਖਾਈ ਦੇਵੇਗੀ :




**Figure 32**

ਨੋਟ ਕਰੋ ਕਿ " *Passwords* " ਸੈਕਸ਼ਨ ਦੇ ਹੇਠਾਂ "*Remember password for sites*" ਚੈਕ (ਟਿੱਕ) ਹੋਣਾ ਚਾਹੀਦਾ ਹੈ । ਇਸ ਦਾ ਮਤਲਬ ਹੈ ਕਿ ਬ੍ਰਾਉਜ਼ਰ ਨੂੰ ਇਸ ਤਰਾਂ ਕਨਫਿਗਰ ਕੀਤਾ ਹੈ ਕਿ ਉਹ ਆਪਣੇ ਆਪ ਵੈਬਸਾਈਟਾਂ ਦੇ ਪਾਸਵਰਡ ਸੇਵ ਕਰੇ । ਤੁਸੀ"*Remember password for sites*" ਆਪਸ਼ਨ ਨੂੰ ਅਨਚੈਕ ਕਰ ਸਕਦੇ ਹੋ ਜੇਕਰ ਤੁਸੀ ਪਾਸਵਰਡ ਸੇਵ ਕਰਨ ਨੂੰ ਤਰਜੀਹ ਨਹੀਂ ਦਿੰਦੇ ।

ਮੋਜ਼ਿਲਾ ਫਾਇਰ ਫੋਕਸ (Mozilla Firefox ) ਇਹ ਡਾਟਾ ਸਟੋਰ ਕਰ ਸਕਦਾ ਹੈ ਜਿਵੇਂ , cookies, visited websites ਜਾਂ webpages data, browsing history ਆਦਿ । ਇਸ ਸਟੋਰ ਕੀਤੇ ਹੋਏ ਡਾਟੇ ਨੂੰ ਸਾਫ ਕਰਨ ਲਈ *General tab*→ *Option* ਉੱਤੇ ਕਲਿੱਕ ਕਰੋ । ਹੇਠਲੀ ਵਿੰਡੋ ਨਜ਼ਰ ਆਏਗੀ :




**Figure 33**

*Privacy* <u>ਟੈਬ ਉੱਤੇ ਕਲਿੱਕ ਕਰੋ</u> । ਹੇਠਲੀ ਵਿੰਡੋ ਨਜ਼ਰ ਆਏਗੀ:



• ***History*** ਸੈਕਸ਼ਨ ਦੇ ਹੇਠਾਂ ***Firefox will:*** ਵਿੱਚੋਂ ਡਰਾਪ ਡਾਊਨ ਮੀਨੂੰ ਉੱਤੇ ਕਲਿੱਕ ਕਰੋ।




**Figure 34**

• ਡਰਾਪ ਡਾਊਨ ਵਿੱਚੋਂ "*Use custom settings for history* " ਨੂੰ ਚੁਣੋ । ਹੇਠਲੀ ਵਿੰਡੋ ਡਿਸਪਲੇ ਹੋਵੇਗੀ:




**Figure 34**

ਪ੍ਰੈਫਰੈਂਸਸ ਨੂੰ ਨੋਟ ਕਰੋ, ਫਾਈਰਫੋਕਸ (Firefox) ਬ੍ਰਾਊਜ਼ਿੰਗ ਅਤੇ ਡਾਊਨਲੋਡਿੰਗ ਹਿਸਟਰੀ, ਸਰਚ ਅਤੇ ਫੋਰਮ ਹਿਸਟਰੀ ਅਤੇ ਕੁਕੀਸ (cookies) ਨੂੰ ਯਾਦ ਰੱਖਣ ਲਈ ਕੰਨਫਿਗਰ ਹੋ ਗਿਆ ਹੈ । ਜੇਕਰ ਤੁਸੀ ਉੱਪਰ ਜਿਕਰ ਕੀਤੇ ਹੋਏ ਡਾਟਾ ਨੂੰ ਸਟੋਰ ਨਹੀਂ ਕਰਨਾ ਚਾਹੁੰਦੇ ਤਾਂ ਡਰਾਪ ਡਾਊਨ ਲਿਸਟ ਵਿੱਚੋਂ "Never remember history" ਉੱਤੇ ਕਲਿੱਕ ਕਰੋ । ਜੇਕਰ ਤੁਸੀ ਜਨਤਕ ਮਾਹੌਲ ਜਿਵੇਂ ਕਿ ਸਾਈਬਰ ਕੈਫੇ ਵਿੱਚ ਹੋ ਤਾਂ ਤੁਸੀ "*Clear all current history*" ਨੂੰ ਚੁਣ ਸਕਦੇ ਹੋ । ਇਸ ਆਪਸ਼ਨ ਨੂੰ ਚੁਣਨ ਉੱਤੇ ਹੇਠਲੀ ਵਿੰਡੋ ਦਿਖਾਈ ਦੇਵੇਗੀ:




**Figure 36**

- *“Clear Now“* ਉੱਤੇ ਕਲਿੱਕ ਕਰੋ ਅਤੇ ਫਿਰ *OK* ਉੱਤੇ ਕਲਿੱਕ ਕਰੋ । ਹੁਣ ਤੋਂ ਮੋਜ਼ਿਲਾ ਫਾਇਰ ਫਾਕਸ (Mozilla Firefox ) ਕੋਈ ਹਿਸਟਰੀ ਯਾਦ ਨਹੀਂ ਰੱਖੇਗਾ ਜਿਸ ਢੰਗ ਨਾਲ ਤੁਸੀ ਇਸ ਨੂੰ ਕੰਨਫਿਗਰਡ ਕੀਤਾ ਸੀ ।
- ਕਈ ਆਨਲਾਈਨ ਖਤਰੇ ਹਨ ਜਿਵੇਂ ਕਿ Phishing, email spoofing, chat spoofing, ਆਦਿ।
- ਤੁਸੀ ਸਭ ਤੋਂ ਵਧੀਆਂ Antivirus Software, Antispyware Software, Firewalls, strong passwords ਆਦਿ ਨੂੰ ਵਰਤ ਕੇ ਖਤਰੇ ਨੂੰ ਘਟਾ ਸਕਦੇ ਹੋ, ਇਸਦੇ ਨਾਲ ਵਧੀਆ ਅਮਲ ਦੀ ਜਾਗਰੂਕਤਾ ਨੂੰ ਫੈਲਾਉਣਾ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਤਸੀ ਮੋਜ਼ਿਲਾ ਫਾਇਰ ਫਾਕਸ (Mozilla Firefox ) ਨਾਲ ਕੰਮ ਕਰਨਾ ਸਿੱਖਿਆ ਹੈ । ਹੁਣ ਪਹਿਲਾਂ ਦੱਸੇ ਕੰਮਾਂ ਨੂੰ ਦੂਜੇ ਬ੍ਰਾਉਜ਼ਰਾਂ ਜਿਵੇਂ Internet Explorer, Google Chrome ਆਦਿ ਦਾ ਨਾਲ ਕਰੋ । ਢੰਗ ਲੱਭਣ ਲਈ ਹੈਲਪ ਫਾਇਲ ਜਾਂ ਆਨਲਾਈਨ ਹੈਲਪ ਦੀ ਵਰਤੋਂ ਕਰੋ । |

## ਮੁਲਾਂਕਣ (ASSESSMENT)

ਹੇਠਾਂ ਜੁਆਬ ਦਿਓ

1. ਇੰਟਰਨੈੱਟ ਸੁਰੱਖਿਆਂ ਦੇ ਉਦੇਸ਼ ਦਾ ਵਰਣਨ ਕਰੋ ।

2. ਵੱਖ-2 ਤਰਾਂ ਦੇ ਆਨਲਾਈਨ ਖਤਰਿਆਂ ਦਾ ਵਰਣਨ ਕਰੋ ।

# ਸੂਚਨਾ ਤਕਨਾਲੋਜ਼ੀ

(Information Technology)

ਐੱਨ.ਵੀ.ਈ.ਕਿਊ. ਐੱਫ ਲੈਵਲ 2 -ਸ਼੍ਰੇਣੀ 10 ਵੀਂ

IT203-NQ2012 **ਵਰਡ ਪ੍ਰੋਸੈਸਿੰਗ** (ਇੰਟਰਮੀਡੀਏਟ)

## ਵਿਦਿਆਰਥੀ ਕਾਰਜ ਪੁਸਤਕ









© ਪੀ.ਐਸ.ਐਸ. ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ, 2012

ਇਹ ਪ੍ਰਕਾਸ਼ਨ ਕਾਪੀਰਾਈਟ ਅਧੀਨ ਸੁਰੱਖਿਅਤ ਹੈ। ਲਿਖਤੀ ਆਗਿਆ ਤੋਂ ਬਿਨਾਂ ਇਸ ਪ੍ਰਕਾਸ਼ਨਾ ਦਾ ਪੁਨਰ-ਨਿਰਮਾਣ, ਅਨੁਕੂਲਣ ਅਤੇ ਕਿਸੇ ਵੀ ਕਿਸਮ ਦਾ ਸੰਚਾਰ ਵਰਜਿਤ ਹੈ।

# ਵਿਦਿਆਰਥੀ ਦੀ ਜਾਣਕਾਰੀ

ਵਿਦਿਆਰਥੀ ਦਾ ਨਾਮ : ________________

ਵਿਦਿਆਰਥੀ ਦਾ ਰੋਲ ਨੰ. : ________________

ਬੈਚ ਸ਼ੁਰੂ ਹੋਣ ਦੀ ਮਿਤੀ : ________________

# ਵਿਸ਼ਾ ਸੂਚੀ


| | | |
|---|---|---|
| ਧੰਨਵਾਦ | | 139 |
| ਭੂਮਿਕਾ (preface) | | 140 |
| ਤੁਹਾਡੀ ਕਾਰਜ ਪੁਸਤਕ ਬਾਰੇ (about your workbook) | | 142 |
| ਸੈਸ਼ਨ:1 | ਪੈਰਾਗ੍ਰਾਫ ਦੀ ਲੇਆਉਟ ਨੂੰ ਸੁਧਾਰਨਾ ( Modifying Layout of a Paragraph) | 143 |
| ਸੈਸ਼ਨ:2 | ਹੈਡਰ ਮੈਨੇਜ ਕਰਨਾ ( Managing Headers) | 147 |
| ਸੈਸ਼ਨ:3 | ਫੁਟਰ ਮੈਨੇਜ ਕਰਨਾ ( Managing Footers) | 150 |
| ਸੈਸ਼ਨ:4 | ਸਟਾਈਲਸ ਪ੍ਰਬੰਧ ਕਰਨਾ ( Managing Styles) | 152 |
| ਸੈਸ਼ਨ:5 | ਡਾਕੂਮੈਂਟ ਟੈਪਲੇਟ ( Document Template) | 154 |
| ਸੈਸ਼ਨ:6 | ਪੇਜ ਅਤੇ ਸੈਕਸ਼ਨ ਬਰੇਕ ਨਾਲ ਕੰਮ ਕਰਨਾ<br>( Working With Page and Section Breaks ) | 157 |
| ਸੈਸ਼ਨ:7 | ਕਰੈਕਟਰ ਫਾਰਮੈਟ ਅਪਲਾਈ ਕਰਨਾ ( Applying Character Formats) | 160 |
| ਸੈਸ਼ਨ:8 | ਗ੍ਰਾਫੀਕਲ ਆਬਜੈਕਟ ਅਤੇ ਇਲਸਟਰੇਸ਼ਨ ਦਾਖਲਾ ਕਰਨਾ<br>( Inserting Graphical Objects and Illustrations) | 164 |
| ਸੈਸ਼ਨ:9 | ਟੈਕਸਟ ਰੈਪਿੰਗ ( Text Wrapping) | 168 |
| ਸੈਸ਼ਨ:10 | ਆਬਜੈਕਟ ਦਾਖਲ ਕਰਨਾ (Inserting Objects) | 171 |
| ਸੈਸ਼ਨ:11 | ਸ਼ੇਪ, ਚਿੰਨ ਅਤੇ ਖਾਸ ਕਰੈਕਟਰ ਦਾਖਲ ਕਰਨਾ<br>( Inserting Shapes, Symbols and Special Characters) | 173 |

# ਆਭਾਰ ਅਤੇ ਧੰਨਵਾਦ


**ਹੇਠ ਲਿਖੇ ਸਹਿਯੋਗੀਆਂ ਨੇ ਸਮੱਗਰੀ ਉਪਲੱਬਧ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ:**

1. ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (CBSE) ਨੇ ਪੰਡਿਤ ਸੁੰਦਰਲਾਲ ਸ਼ਰਮਾ ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ (PSSCIVE) ਦੇ ਨਾਲ ਕੰਪਿਊਟਰ ਅਤੇ ਆਈ.ਟੀ. ਬੇਸਿਕ (IT Basic) ਦਾ ਟੈਕਸਟ ਅਤੇ ਅਭਿਆਸ ਮੁਹੱਈਆ ਕਰਵਾਉਣ ਲਈ । ਇਸ ਟੀਮ ਦੇ ਵਿੱਚ ਡਾ. ਓਮ ਵਿਕਾਸ (ਕਨਵੀਨਰ) ਦੇ ਨਾਲ ਡਾ. ਵਿਨੇ ਸਵਾਰੂਪ ਮਲਹੋਤਰਾ (ਸਹਾਇਕ ਕਨਵੀਨਰ), ਕੁਮਾਰੀ ਗੁਰਪ੍ਰੀਤ ਕੌਰ, ਸ਼੍ਰੀ ਮਾਨ ਮੁਕੇਸ਼ ਕੁਮਾਰ ਅਤੇ ਸ਼੍ਰੀ ਮਾਨ ਰਿਤੂਰਾਜ ਤਮਰਾਕਰ ਸ਼ਾਮਿਲ ਸਨ ।

2) ਅਸੈਂਚਰ ਇੰਡੀਆ ਦਾ ਕਾਰਪੋਰੇਟ ਸਿਟੀਜ਼ਨਸ਼ਿਪ ਪ੍ਰੋਗਰਾਮ (skill for life), ਅਸੈਂਚਰ ਨੇ ਜੋ ਕੰਟੈਂਟ ਕਮਿਸ਼ਨਡ ਅਤੇ ਤਿਆਰ ਕੀਤਾ ਹੈ ਉਹ ਮੁਹੱਈਆ ਕਰਵਾਇਆ ਅਤੇ ਇਸ ਮਟੀਰੀਅਲ ਦੇ ਲਈ ਉਹਨਾਂ ਦੇ ਲਾਗੂ ਕਰਨ ਵਾਲੇ ਸਹਿਯੋਗੀ (Dr. Reddy's Foundation and Quest Alliance) ਨੂੰ ਵੀ ਵਰਤਣ ਦਿੱਤਾ ।

3) CBSE/PSSCIVE ਦੇ ਕੰਟੈਂਟ ਨੂੰ ਜੋੜਨ ਲਈ ਮਾਈਕਰੋਸਾਫਟ ਦੇ ਫਰੀ ਡਿਜੀਟਲ ਲਿਟਰੇਸੀ ਪ੍ਰੋਗਰਾਮ ਈ- ਲਰਨਿੰਗ (e-learning) ਪੈਕੇਜ ਦੀ ਵਰਤੋ ਕੀਤੀ ਗਈ ਹੈ।

4) ਇਸ ਪਾਠਕ੍ਰਮ ਅਤੇ ਸਮੱਗਰੀ ਨੂੰ ਡਿਜਾਇਨ ਕਰਨ ਅਤੇ ਬਣਾਉਣ ਲਈ ਵਧਵਨੀ ਫਾਊਂਡੇਸ਼ਨ ਦੀ ਟੀਮ ਜੁੜੀ ਹੋਈ ਸੀ ਜਿਸ ਵਿੱਚ ਕੁਮਾਰੀ ਦਰਸ਼ਿਕਾ ਸੰਘਾਈ, ਕੁਮਾਰੀ ਸੋਨੀਆ ਕੱਕਰ, ਸ਼੍ਰੀ ਮਾਨ ਅਜੇ ਗੋਇਲ ਅਤੇ ਸ਼੍ਰੀ ਮਾਨ ਅਸਟਿਨ ਥਾਮਸ ਸ਼ਾਮਿਲ ਸਨ।

5) ਇਸ ਦੇ ਨਾਲ ਹੀ ਕਈ ਜਨਤਕ ਡੋਮੇਨ ਸਰੋਤ ਸਾਰੇ ਮੋਡੀਊਲ ਵਿੱਚ ਸਮੱਗਰੀ ਅਤੇ ਉਦਾਹਰਣ ਬਣਾਉਣ ਲਈ ਵਰਤੇ ਗਏ ਹਨ।ਇਹਨਾਂ ਸਾਰੇ ਸਰੋਤਾਂ ਦਾ ਯੋਗਦਾਨ ਧੰਨਵਾਦ ਸਹਿਤ ਸਵੀਕਾਰ ਕੀਤਾ ਤੇ ਮੰਨਿਆ ਗਿਆ ਹੈ।

# ਭੂਮਿਕਾ

ਨੈਸ਼ਨਲ ਕਰੀਕੁਲਮ ਫਰੇਮਵਰਕ 2005 ਇਹ ਸਿਫਾਰਿਸ਼ ਕਰਦਾ ਹੈ ਕਿ ਬੱਚਿਆਂ ਦਾ ਜੀਵਨ ਜੋ ਕਿ ਸਕੂਲ ਵਿੱਚ ਹੈ ਉਸ ਨੂੰ ਸਕੂਲ ਤੋਂ ਬਾਹਰ ਦੇ ਜੀਵਨ ਨਾਲ ਜਰੂਰ ਜੋੜਨਾ ਚਾਹੀਦਾ ਹੈ। ਇਹ ਸਿਧਾਂਤ ਕਿਤਾਬਾਂ ਤੋਂ ਸਿੱਖਣ ਦੀ ਵਿਰਾਸਤ ਨੂੰ ਛੱਡਦਾ ਹੈ ਜੋ ਕਿ ਸਾਡੇ ਸਿਸਟਮ ਨੂੰ ਅਕਾਰ ਦੇ ਰਿਹਾ ਹੈ ਅਤੇ ਸਕੂਲ, ਘਰ, ਭਾਈਚਾਰੇ ਅਤੇ ਕੰਮ ਦੇ ਸਥਾਨ ਦੇ ਵਿਚਕਾਰ ਇੱਕ ਪਾੜੇ ਦਾ ਕਾਰਨ ਬਣਦੀ ਹੈ।

**ਵਰਡ ਪ੍ਰੋਸੈਸਿੰਗ (ਇੰਟਰਮੀਡੀਏਟ) "Word Processing (Intermediate)"** ਉੱਤੇ ਅਧਾਰਿਤ ਵਿਦਿਆਰਥੀ ਵਰਕਬੁੱਕ ਯੋਗਤਾ ਪੈਕੇਜ ਦਾ ਇੱਕ ਹਿੱਸਾ ਹੈ ਜੋ ਕਿ ਨੈਸ਼ਨਲ ਐਜੂਕੇਸ਼ਨ ਕੁਆਲੀਫਿਕੇਸ਼ਨ ਫਰੇਮਵਰਕ (**NVEQF**) ਨੂੰ ਲਾਗੂ ਕਰਨ ਲਈ ਬਣਾਇਆ ਗਿਆ ਹੈ। ਇਹ ਮਨਿਸਟਰੀ ਆਫ ਹਿਊਮੈਨ ਰਿਸੋਰਸ ਡਿਵੈਲਪਮੈਂਟ (MHRD) ਦੀ ਇੱਕ ਪਹਿਲ ਹੈ, ਕੌਮੀ ਮਾਨਤਾ ਪ੍ਰਾਪਤ ਵਿੱਦਿਆਕ ਪ੍ਰਣਾਲੀ ਜਿਸ ਵਿੱਚ ਸਕੂਲ, ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ ਇੰਸਟੀਚਿਊਸ਼ਨ, ਟੈਕਨੀਕਲ ਐਜੂਕੇਸ਼ਨ ਇੰਸਟੀਚਿਊਸ਼ਨ ਕਾਲਜ਼ ਅਤੇ ਯੂਨੀਵਰਸੀਟੀਆਂ ਸ਼ਾਮਲ ਹਨ, ਲਈ ਭਾਰਤ ਸਰਕਾਰ ਦੁਆਰਾ ਆਮ ਸਿਧਾਂਤ ਅਤੇ ਦਿਸ਼ਾ ਨਿਰਦੇਸ਼ ਸੈਟ ਕਰਨਾ, ਇਹ ਅਨੁਮਾਨ ਹੈ ਕਿ **NVEQF** ਯੋਗਤਾ, ਅੰਤਰ ਖੇਤਰੀ ਸਿੱਖਿਆ, ਵਿਦਿਆਰਥੀ ਕੇਂਦਰਿਤ ਸਿੱਖਿਆ ਵਿੱਚ ਪਾਰਦਰਸ਼ਤਾ ਨੂੰ ਵਧਾਏਗਾ ਅਤੇ ਵੱਖ-ਵੱਖ ਯੋਗਤਾਵਾਂ ਦੇ ਵਿਚਕਾਰ ਸਿਖਿਆਰਥੀ ਦੀ ਗਤੀਸ਼ੀਲਤਾ ਨੂੰ ਸੁਵਿਧਾਜਨਕ ਕਰਦਾ ਹੈ, ਇਸ ਤਰਾਂ ਇਹ ਲੰਮੇ ਸਮੇਂ ਤੱਕ ਸਿੱਖਣ ਨੂੰ ਉਤਸ਼ਾਹਿਤ ਕਰਦਾ ਹੈ।

ਇਹ ਵਿਦਿਆਰਥੀ ਵਰਕਬੁੱਕ ਜੋ ਕਿ ਵਿਦਿਆਰਥੀਆਂ ਲਈ ਵੋਕੇਸ਼ਨਲ ਯੋਗਤਾ ਪੈਕੇਜ ਦੇ ਇੱਕ ਭਾਗ ਨੂੰ ਬਣਾਉਂਦੀ ਹੈ, ਮਾਹਿਰਾਂ ਦੇ ਗਰੁੱਪ ਵੱਲੋਂ ਉਹਨਾਂ ਵਿਦਿਆਰਥੀਆਂ ਲਈ ਬਣਾਈ ਗਈ ਸੀ , ਜਿਹਨਾਂ ਨੇ ਨੌਵੀਂ ਜਾਂ ਇਸਦੇ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੈ। ਆਈ.ਟੀ./ਆਈ.ਟੀ.ਈ.ਐਸ. ਸਕਿੱਲ ਡਿਵੈਲਪਮੈਂਟ ਕੌਂਸਿਲ (**IT-ITeS Skill Development Council**) ਜੋ ਕਿ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਤੋਂ ਮਾਨਤਾ ਪ੍ਰਾਪਤ ਹੈ, ਨੇ **IT-ITeS** ਇੰਡਸਟਰੀ ਦੇ ਲਈ ਨੈਸ਼ਨਲ ਆਕੂਪੇਸ਼ਨਲ ਸਟੈਂਡਰਡਜ਼ (National Occupation Standards (NOS)) ਨੂੰ ਵਿਕਸਿਤ ਕੀਤਾ ਹੈ। ਨੈਸ਼ਨਲ ਆਕੂਪੇਸ਼ਨਲ ਸਟੈਂਡਰਡਜ਼ (NOS) ਇੱਕ ਕੰਪੀਟੈਂਸੀ ਸਟੈਂਡਅਰਡਜ਼ ਦਾ ਸੈੱਟ ਹੈ ਅਤੇ ਕੰਮ ਕਰਨ ਵਾਲੀ ਥਾਂ ਉੱਤੇ ਠੀਕ ਤਰਾਂ ਕੰਮ ਕਰਨ ਲਈ ਜਰੂਰੀ ਸਕਿੱਲ ਅਤੇ ਗਿਆਨ ਦਾ ਮੁਲਾਂਕਣ ਕਰਨ ਲਈ ਇਸ ਨੂੰ ਦਿਸ਼ਾ ਨਿਰਦੇਸ਼ ਆਈ.ਟੀ. ਇੰਡਸਟਰੀ ਦੇ ਪ੍ਰਤੀਨਿਧ ਦੁਆਰਾ ਦਿੱਤੇ ਜਾਂਦੇ ਹਨ।

ਪੰਡਿਤ ਸੁੰਦਰ ਲਾਲ ਸ਼ਰਮਾ ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ (PSSCIVE), ਨੈਸ਼ਨਲ ਕਾਉਂਸਿਲ ਆਫ ਐਜੂਕੇਸ਼ਨਲ ਰੀਸਰਚ ਐਂਡ ਟਰੇਨਿੰਗ( NCERT) ਦਾ ਇੱਕ ਸੰਘਟਕ ਹੈ ਨੇ ਵਧਵਨੀ ਫਾਉਂਡੇਸ਼ਨ ਦੇ ਸਬੰਧ ਨਾਲ ਮਾਡੂਲਰ ਪਾਠਕ੍ਰਮ ਅਤੇ ਲਰਨਿੰਗ ਮਟੀਰੀਅਲ IT/ITes ਸੈਕਟਰ ਦੇ ਵਿੱਚ ਵੋਕੇਸ਼ਨਲ ਕੁਆਲੀਫਿਕੇਸ਼ਨ ਪੈਕੇਜ ਲਈ NVEQ ਦੇ ਲਈ ਲੈਵਲ 1 ਤੋਂ 4 (ਯੂਨਿਟਸ) ਵਿਕਸਿਤ ਕੀਤਾ ਹੈ। ਲੈਵਲ 1 ਕਲਾਸ 9ਵੀਂ ਦੇ ਬਰਾਬਰ ਹੈ। ਐਨ.ਓ.ਐਸ (NOS) ਉੱਤੇ ਅਧਾਰਿਤ ਕਿੱਤਾ ਮੂਲ ਕੁਸ਼ਲਤਾਵਾਂ (ਗਿਆਨ,ਮੁਹਾਰਤ ਅਤੇ ਕਾਬਲੀਅਤ) ਲਰਨਿੰਗ ਮਡਿਊਲ (ਯੂਨਿਟਸ) ਅਤੇ ਕਰੀਕੁਲਾ ਦੇ ਵਿਕਾਸ ਲਈ ਪਹਿਚਾਣੇ ਗਏ ਸਨ।

ਇਹ ਵਿਦਿਆਰਥੀ ਵਰਕਬੁੱਕ ਰੱਟੇ ਦੇ ਨਾਲ ਸਿੱਖਣ ਨੂੰ ਨਿਰਉਸ਼ਾਹਿਤ ਕਰਦੀ ਹੈ ਅਤੇ ਕੋਰਸ ਨੂੰ ਆਫਰ ਕਰਨ ਵਿੱਚ ਜਰੂਰੀ ਲਚਕਤਾ ਲਿਆਉਣ ਲਈ,ਵੱਖ-ਵੱਖ ਵਿਸ਼ੇ ਦੇ ਖੇਤਰਾਂ ਦੇ ਵਿਚਕਾਰ ਤਿੱਖੀ ਸੀਮਾ ਨੂੰ ਤੋੜਨ ਲਈ ਜਰੂਰੀ ਹੈ।ਕਿਤਾਬ ਇਹ ਵਧਾਉਣ ਦੀ ਕੋਸ਼ਿਸ਼ ਕਰਦੀ ਹੈ, ਉੱਚ ਤਰਜੀਹ ਦੇਕੇ ਅਤੇ ਸੋਚਣ ਬਾਰੇ ਮੌਕਾ ਦੇਕੇ ਅਤੇ ਹੈਰਾਨੀ ਨਾਲ, ਛੋਟੇ-ਛੋਟੇ ਗਰੁੱਪਾਂ ਦੇ ਵਿੱਚ ਚਰਚਾ ਅਤੇ ਕਿਰਿਆਵਾਂ ਦੇ ਲਈ ਹੱਥ ਦੇ ਤਜਰਬੇ ਦੀ ਲੋੜ ਹੈ।ਅਸੀਂ ਉਮੀਦ ਕਰਦੇ ਹਾਂ ਕਿ ਇਹ ਉਪਾਅ ਜਿਸ ਦਾ ਸਿੱਖਿਆ ਦੀ ਨੈਸ਼ਨਲ ਨੀਤੀ (1986) ਦੇ ਵਿੱਚ ਜਿਕਰ ਹੈ ਸਾਨੂੰ ਵਿਦਿਆਰਥੀ ਕੇਂਦਰਿਤ ਸਿੱਖਿਆ ਪ੍ਰਣਾਲੀ ਦੀ ਦਿਸ਼ਾ ਦੇ ਵਿੱਚ ਹੋਰ ਕਾਫੀ ਅੱਗੇ ਲੈ ਜਾਣਗੇ।

ਇਸ ਯਤਨ ਦੀ ਸਫਲਤਾ ਸਕੂਲ ਪ੍ਰਿੰਸੀਪਲ ਅਤੇ ਅਧਿਆਪਕ ਦੇ ਕਦਮਾਂ ਉੱਤੇ ਨਿਰਭਰ ਕਰਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਨੂੰ ਪ੍ਰਗਟ ਕਰਨ ਅਤੇ ਕਲਪਨਾਵਾਂ ਦਾ ਪਿੱਛਾ ਕਰਨ ਲਈ ਅਤੇ ਆਨ-ਦਾ-ਜੌਬ ਕਿਰਿਆਵਾਂ ਅਤੇ ਪ੍ਰਸ਼ਨਾਂ ਦੇ ਲਈ ਉਤਸ਼ਾਹਿਤ ਕਰਨ ।

ਹੁਨਰ ਵਿਕਾਸ ਅਭਿਆਸ ਵਿੱਚ ਸਿਖਿਆਰਥੀ ਦੀ ਸ਼ਮੂਲੀਅਤ ਅਤੇ ਮੁੱਲਾਂ ਨੂੰ ਸ਼ਾਮਿਲ ਕਰਨਾ ਅਤੇ ਰਚਨਾਤਮਕਤਾ ਸੰਭਵ ਹੈ ਜੇਕਰ ਅਸੀਂ ਬੱਚੇ ਨੂੰ ਹਿੱਸਾ ਲੈਣ ਵਾਲੇ ਵਾਂਗੂੰ ਸਿੱਖਣ ਦੇ ਵਿੱਚ ਸ਼ਾਮਲ ਕਰਦੇ ਹਾਂ ਨਾ ਕਿ ਜਾਣਕਾਰੀ ਪ੍ਰਾਪਤ ਕਰਨ ਵਾਲੇ ਵਾਂਗੂੰ । ਇਹ ਉਦੇਸ਼ ਸਕੂਲ ਦੀ ਰੁਟੀਨ ਦੇ ਵਿੱਚ ਅਤੇ ਕੰਮ ਕਾਜ ਦੇ ਢੰਗ ਦੇ ਵਿੱਚ ਕਾਫੀ ਤਬਦੀਲੀ ਕਰਦੇ ਹਨ । ਕੰਮ ਨੂੰ ਲਾਗੂ ਕਰਨ ਵਿੱਚ ਕਠੋਰਤਾ ਨੂੰ ਬਰਕਰਾਰ ਰੱਖਣ ਲਈ ਰੋਜਾਨਾ ਦੇ ਟਾਈਮ ਟੇਬਲ ਵਿੱਚ ਲਚਕੀਲਾਪਣ ਜਰੂਰੀ ਹੋਵੇਗਾ ਅਤੇ ਪੜਾਉਣ ਅਤੇ ਸਿਖਾਉਣ ਲਈ ਪੜਾਈ ਦੇ ਜਰੂਰੀ ਦਿਨਾਂ ਦੇ ਵਿੱਚ ਵਾਧਾ ਕਰਨਾ ਪਵੇਗਾ ।

# ਤੁਹਾਡੀ ਕਾਰਜ ਪੁਸਤਕ ਬਾਰੇ

ਇਹ ਕਿਤਾਬ **IT203-NQ2012: ਵਰਡ ਪ੍ਰੋਸੈਸਿੰਗ (ਇੰਟਰਮੀਡੀਏਟ)** ਦੇ ਯੂਨਿਟ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਦੇ ਲਈ ਹੈ। ਤੁਹਾਨੂੰ ਕਿਤਾਬ ਕਲਾਸ ਰੂਮ, ਕੰਮ ਕਰਨ ਦੇ ਸਥਾਨ ਉੱਤੇ ਜਾਂ ਤੁਹਾਡੇ ਆਪਣੇ ਸਮੇਂ ਵਿੱਚ ਤੁਹਾਡੇ ਅਧਿਆਪਕ ਜਾਂ ਟਰੇਨਰ ਦੀ ਦੇਖ ਰੇਖ ਹੇਠ ਵਰਕਬੁੱਕ ਦੁਆਰਾ ਕੰਮ ਕਰਨਾ ਚਾਹੀਦਾ ਹੈ।

ਇਸ ਕਿਤਾਬ ਦੇ ਵਿੱਚ ਸੈਸ਼ਨ ਹਨ ਜੋ ਕਿ ਤੁਹਾਨੂੰ ਯੋਗਤਾ ਦੇ ਯੂਨਿਟ ਦੇ ਵੱਖ-ਵੱਖ ਪਹਿਲੂ ਉੱਤੇ ਢੁੱਕਵਾਂ ਗਿਆਨ ਅਤੇ ਸਕਿੱਲ (soft and hard) ਪ੍ਰਾਪਤ ਕਰਨ ਵਿੱਚ ਮਦਦ ਕਰਨਗੇ। ਹਰੇਕ ਸੈਸ਼ਨ ਕਾਫੀ ਛੋਟਾ ਹੈ ਅਤੇ ਬੜੀ ਅਸਾਨੀ ਨਾਲ ਤੁਹਾਡੇ ਦੁਆਰਾ ਅਗਲੇ ਸੈਸ਼ਨ ਉੱਤੇ ਜਾਣ ਤੋਂ ਪਹਿਲਾਂ ਅਸਾਨੀ ਨਾਲ ਨਿਪਟਾਇਆ ਅਤੇ ਹਜ਼ਮ ਕੀਤਾ ਜਾ ਸਕਦਾ ਹੈ। ਤੁਹਾਡੇ ਲਈ ਟੈਕਸਟ ਨੂੰ ਲਾਈਵ ਅਤੇ ਇੰਟਰੈਕਟਿਵ ਬਣਾਉਣ ਵਾਸਤੇ ਅਤੇ ਵਿਜ਼ੂਅਲ ਅਪੀਲ ਨੂੰ ਲਿਆਉਣ ਲਈ ਐਨੀਮੇਟਡ ਤਸਵੀਰਾਂ ਅਤੇ ਫੋਟੋਆਂ ਨੂੰ ਸ਼ਾਮਲ ਕੀਤਾ ਗਿਆ ਹੈ। ਤੁਸੀ ਆਪਣੀ ਕਲਪਨਾ ਨੂੰ ਵਰਤਦੇ ਹੋਏ ਜਾਂ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਆਪਣੀ ਉਦਾਹਰਣ ਆਪ ਬਣਾਉਣ ਦੀ ਕੋਸ਼ਿਸ਼ ਵੀ ਕਰ ਸਕਦੇ ਹੋ। ਆਓ ਹੁਣ ਵੇਖੀਏ ਕਿ ਇਸ ਸੈਸ਼ਨ ਵਿੱਚ ਕਿਹੜੇ ਸੈਕਸ਼ਨ ਤੁਹਾਡੇ ਲਈ ਹਨ:

### ਸੈਕਸ਼ਨ 1: ਜਾਣ-ਪਹਿਚਾਣ

ਇਹ ਸੈਕਸ਼ਨ, ਯੂਨਿਟ ਦੇ ਵਿਸ਼ੇ ਨਾਲ ਤੁਹਾਡੀ ਜਾਣ-ਪਹਿਚਾਣ ਕਰਵਾਉਂਦਾ ਹੈ।ਇਹ ਤੁਹਾਨੂੰ ਇਹ ਵੀ ਦੱਸਦਾ ਹੈ ਕਿ ਯੂਨਿਟ ਦੇ ਵਿੱਚ ਸ਼ਾਮਲ ਹੋਰ ਸੈਸ਼ਨਾਂ ਦੇ ਵਿੱਚ ਤੁਸੀ ਕੀ ਸਿੱਖੋਗੇ।

### ਸੈਕਸ਼ਨ 2: ਸੰਬੰਧਿਤ ਜਾਣਕਾਰੀ

ਇਹ ਸੈਕਸ਼ਨ ਤੁਹਾਨੂੰ ਸੈਸ਼ਨ ਦੇ ਵਿੱਚ ਸ਼ਾਮਲ ਵਿਸ਼ਿਆਂ ਦੇ ਉੱਤੇ ਢੁੱਕਵੀਂ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

ਇਸ ਸੈਕਸ਼ਨ ਦੇ ਵਿੱਚ ਜੋ ਗਿਆਨ ਵਿਕਸਿਤ ਹੋਇਆ ਹੈ ਉਹ ਤੁਹਾਨੂੰ ਕੁਝ ਨਿਸ਼ਚਿਤ ਕਿਰਿਆਵਾਂ ਕਰਨ ਦੇ ਲਈ ਯੋਗ ਬਣਾਏਗਾ। ਅਭਿਆਸ ਨੂੰ ਪੂਰਾ ਕਰਨ ਤੋਂ ਪਹਿਲਾਂ ਵਿਸ਼ੇ ਦੇ ਵੱਖ ਵੱਖ ਪੱਖਾਂ ਉੱਤੇ ਸਮਝ ਵਿਕਸਿਤ ਕਰਨ ਲਈ ਤੁਹਾਨੂੰ ਜਾਣਕਾਰੀ ਨੂੰ ਚੰਗੀ ਤਰਾਂ ਪੜਨਾ ਚਾਹੀਦਾ ਹੈ।

### ਸੈਕਸ਼ਨ 3: ਅਭਿਆਸ

ਹਰੇਕ ਸੈਸ਼ਨ ਦੇ ਵਿੱਚ ਅਭਿਆਸ ਹੈ ਜੋ ਕਿ ਤੁਹਾਨੂੰ ਸਮੇਂ ਉੱਤੇ ਪੂਰੀ ਕਰਨੀ ਚਾਹੀਦੀ ਹੈ। ਤੁਸੀ ਕਲਾਸ ਰੂਮ, ਘਰ ਜਾਂ ਕੰਮ ਦੇ ਸਥਾਨ ਉੱਤੇ ਕਿਰਿਆਵਾਂ ਨੂੰ ਕਰੋਗੇ। ਇਸ ਸੈਕਸ਼ਨ ਦੇ ਵਿੱਚ ਸ਼ਾਮਲ ਕਿਰਿਆਵਾਂ ਜੋ ਕਿ ਕੰਮ ਦੇ ਸਥਾਨ ਉੱਤੇ ਕੰਮ ਕਰਨ ਵਿੱਚ ਤੁਹਾਨੂੰ ਕੰਪੀਟੈਂਟ ਬਣਨ ਦੇ ਲਈ ਜਰੂਰੀ ਹਨ ਤੁਹਾਡੇ ਗਿਆਨ, ਸਕਿੱਲ ਅਤੇ ਸੁਭਾਅ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਨਗੀਆਂ।

ਕਿਰਿਆਵਾਂ ਤੁਹਾਡੇ ਅਧਿਆਪਕ ਜਾਂ ਟਰੇਨਰ ਦੀ ਦੇਖਰੇਖ ਹੇਠ ਹੋਣੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਕੰਮ ਪੂਰਾ ਕਰਨ ਦੇ ਵਿੱਚ ਜਾਣਕਾਰੀ ਦੇਵੇਗਾ ਅਤੇ ਤੁਹਾਡੀ ਪਰਫਾਰਮੈਂਸ ਨੂੰ ਸੁਧਾਰਨ ਲਈ ਫੀਡਬੈਕ ਵੀ ਮੁਹੱਈਆ ਕਰਵਾਏਗਾ। ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਨਾਲ ਗੱਲ ਕਰਕੇ ਇੱਕ ਟਾਈਮ ਟੇਬਲ ਤਿਆਰ ਕਰੋ ਅਤੇ ਸਖ਼ਤੀ ਨਾਲ ਨਿਰਧਾਰਤ ਨਿਯਮ ਜਾਂ ਮਿਆਰ ਦੀ ਪਾਲਣਾ ਕਰੋ। ਜੋ ਤੁਹਾਨੂੰ ਸਮਝ ਨਹੀਂ ਆਉਂਦਾ ਉਸਦੀ ਵਿਆਖਿਆ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਨੂੰ ਪੁੱਛਣ ਲਈ ਜਕੋ ਨਾ [

### ਸੈਕਸ਼ਨ 4: ਅਸੈਸਮੈਂਟ

ਇਸ ਸੈਕਸ਼ਨ ਵਿੱਚ ਸ਼ਾਮਲ ਰੀਵਿਊ (review) ਪ੍ਰਸ਼ਨ ਤੁਹਾਡੀ ਪ੍ਰੋਗਰੈੱਸ ਨੂੰ ਚੈੱਕ ਕਰਨ ਲਈ ਤੁਹਾਡੀ ਮਦਦ ਕਰਨਗੇ। ਅਗਲੇ ਸੈਸ਼ਨ ਉੱਤੇ ਜਾਣ ਤੋਂ ਪਹਿਲਾਂ ਤੁਸੀ ਸਾਰੇ ਪ੍ਰਸ਼ਨਾਂ ਦੇ ਜੁਆਬ ਦੇਣ ਦੇ ਜਰੂਰ ਯੋਗ ਹੋਣੇ ਚਾਹੀਦੇ ਹੋ।

## ਸੈਸ਼ਨ 1: ਪੈਰਾਗ੍ਰਾਫ ਦੀ ਲੇਆਉਟ ਨੂੰ ਸੁਧਾਰਨਾ (MODIFYING LAYOUT OF A PARAGRAPH)

### ਸਬੰਧਤ ਜਾਣਕਾਰੀ

ਤਸੀ ਵਰਡ ਪ੍ਰੋਸੈਸਿੰਗ ਦੀ ਮੁੱਢਲੀ ਜਾਣਕਾਰੀ ਪਹਿਲਾਂ ਹੀ ਸਿੱਖ ਚੁੱਕੇ ਹੋ। ਹੁਣ ਮੰਨ ਲਓ ਕਿ ਇੱਕ ਇਹੋ ਜਿਹੀ ਸਥਿਤੀ ਹੈ ਕਿ ਤੁਸੀ ਇੱਕ ਲੰਮਾ ਲੇਖ ਲਿਖਦੇ ਹੋ ਜੋ ਕਿ ਕਈ ਸਫਿਆਂ ਦਾ ਹੈ ਅਤੇ ਤੁਹਾਨੂੰ ਇਹ ਅਸਾਨ ਬਣਾਉਣ ਦੀ ਜਰੂਰਤ ਹੈ ਤਾਂ ਜੋ ਪੜਨ ਵਾਲਾ ਇਸਨੂੰ ਅਸਾਨੀ ਨਾਲ ਪੜ ਸਕੇ। ਹੇਠ ਦਿਤੀ ਉਦਾਹਰਣ ਵੱਲ ਵੇਖੋ:

What is Culture and Gender Sensitization? Culture in simple terms refers to our values, the way we speak, behave, think, dress, religious beliefs, the music we like, our interactions, and the food we eat. Diversity is a commitment to recognizing and appreciating the variety of characteristics that make individuals unique in an atmosphere that promotes and celebrates individual and collective achievement. Many people mistakenly use such phrases as “Indian culture,” “white/black culture,” or “Western/Eastern culture,” to describe a particular culture but these people fail to acknowledge the presence of cultural diversity, or the presence of multiple cultures and cultural differences within a society. In reality, many different cultural groups exist today in India and most developing and developed countries. Diversity in the workforce means employing people without discrimination on the basis of gender, age and ethnic or racial background. Since globalization is the current overwhelming trend in business, diversity in the workplace is a better accepted and applied concept now more than ever. There are different kinds of diversity that one encounters at the workplace. These include diversity of gender, age, psychology, education, language and culture

ਕੀ ਉਪਰ ਦਿੱਤੀ ਸਮੱਗਰੀ (content) ਪੜ੍ਹਨ ਵਿੱਚ ਆਸਾਨ ਹੈ ? ਹੁਣ ਹੇਠਾਂ ਫਾਰਮੈਟ ਕੀਤੇ ਸੈਂਪਲ ਨੂੰ ਵੇਖੋ

What is Culture and Gender Sensitization?

Culture in simple terms refers to our values, the way we speak, behave, think, dress, religious beliefs, the music we like, our interactions, and the food we eat. Diversity is a commitment to recognizing and appreciating the variety of characteristics that make individuals unique in an atmosphere that promotes and celebrates individual and collective achievement.

Many people mistakenly use such phrases as “Indian culture,” “white/black culture,” or “Western/Eastern culture,” to describe a particular culture but these people fail to acknowledge the presence of cultural diversity, or the presence of multiple cultures and cultural differences within a society. In reality, many different cultural groups exist today in India and most developing and developed countries.

Diversity in the workforce means employing people without discrimination on the basis of gender, age and ethnic or racial background. Since globalization is the current overwhelming trend in business, diversity in the workplace is a better accepted and applied concept now more than ever. There are different kinds of diversity that one encounters at the workplace. These include diversity of gender, age, psychology, education, language and culture.

ਪੈਰਾਗ੍ਰਾਫ ਦੀ ਵਰਤੋਂ ਕਰਕੇ ਤੁਸੀ ਲਗਾਤਾਰ ਟੈਕਸਟ ਨੂੰ ਇੱਕ ਜਾਂ ਵੱਧ ਵਾਕਾਂ ਵਿੱਚ ਤੋੜ ਸਕਦੇ ਹੋ । ਇਸ ਢੰਗ ਨਾਲ ਇਹ ਪੜ੍ਹਨ ਵਾਲੇ ਲਈ ਕੰਟੈਂਟ ਨੂੰ ਸਮਝਣਾ ਅਤੇ ਅਨੰਦ ਲੈਣਾ ਬਹੁਤ ਅਸਾਨ ਹੈ । ਇਸ ਅਭਿਆਸ ਵਿੱਚ ਤੁਸੀ ਪੈਰਾਗ੍ਰਾਫ ਅਤੇ ਲੇਆਊਟਸ ਨਾਲ ਕੰਮ ਕਰਨਾ ਸਿੱਖੋਗੇ ।

ਕੀ ਤੁਸੀ ਪ੍ਰੋਫੈਸ਼ਨਲ (ਪੇਸ਼ੇਵਰ) ਦਿੱਖਣ ਵਾਲਾ ਬਾਇਓਡਾਟਾ (resume) ਬਣਾਉਣ ਦੀ ਕੋਸ਼ਿਸ਼ ਕੀਤੀ ਹੈ ? ਇਕ ਬਾਇਓਡਾਟਾ ਨਾਲ ਕੰਮ ਕਰਨ ਵੇਲੇ ਜੋ ਮਹੱਤਵਪੂਰਣ ਹਿੱਸਾ ਹੈ ਉਹ ਹੈ ਅਲਾਈਨਮੈਂਟ ਦੀ ਸ਼ਮੂਲਿਅਤ।

ਦੋਨੋ ਪੇਸ਼ੇਵਰ ਦਿੱਖ ਅਤੇ ਐਕਸੈਸੀਬਿਲਿਟੀ ਦੇ ਕਾਰਨ ਇਹ ਬਾਇਓਡਾਟੇ ਦੇ ਸਮਾਨ ਭਾਗ ਲਈ ਕੰਨਵੈਂਸ਼ਨਲ ਹੈ ਕਿ ਉਸੇ ਹੀ ਵਰਟੀਕਲ ਐਕਸਿਸ ਦੇ ਨਾਲ ਸਭ ਨੂੰ ਲਾਈਨ ਵਿੱਚ ਲਾਉਣਾ । ਇਸ ਲਈ ਸਾਰੇ ਬੁਲਿਟ ਪੁਆਇੰਟਸ ਅਲਾਈਨ ਕੀਤੇ ਗਏ ਹਨ, ਅਤੇ ਇਹ ਹੈਡਰ ਅਤੇ ਸੈਕਸ਼ਨਸ ਹਨ । ਤੁਸੀ ਇਹੋ ਜਿਹੇ ਹਾਲਾਤਾਂ ਵਿੱਚ ਆ ਸਕਦੇ ਹੋ ਕਿ ਜਿੱਥੇ ਕੁਝ ਬੁਲਿਟਸ ਲਾਈਨ ਅਪ ਨਹੀਂ ਹਨ ਜਾਂ ਜਿੱਥੇ ਕਾਫੀ ਕਈ ਖਾਲੀ ਥਾਂਵਾ (empty spaces) ਹਨ ਜੋ ਐਡਿਟਿੰਗ ਅਤੇ ਦੁਹਰਾਉਣ ਨੂੰ ਗੁੰਝਲਦਾਰ ਬਣਾਉਂਦੀਆਂ ਹਨ । ਇਸ ਲਈ ਹੁਣ ਤੁਹਾਨੂੰ ਕੀ ਕਰਨਾ ਚਾਹੀਦਾ ਹੈ ?

1. ਵਰਡ ਪ੍ਰੋਸੈਸਰ ਵਿੱਚ ਇੱਕ ਨਵਾਂ ਡਾਕੂਮੈਂਟ ਖੋਲੋ । ਰਿਬਨ ਉੱਤੇ "***Page Layout*** " ਟੈਬ ਉੱਤੇ ਕਲਿੱਕ ਕਰੋ।

2. "***Paragraph***" ਗਰੁੱਪ ਦੇ ਹੇਠਾਂ ਆਈਕਨ ਉੱਤੇ ਕਲਿੱਕ ਕਰੋ । ਜਿਵੇਂ ਕਿ ਹੇਠਾਂ ਦਿਖਾਇਆ ਗਿਆ ਹੈ:



Figure 1

3. "***Paragraph***" ਡਾਇਆਲਾਗ ਬਾਕਸ ਦਿਖਾਈ ਦਿੰਦਾ ਹੈ । ਤੁਸੀ ਆਟੋਮੈਟਿਕ ਅਲਾਈਨਮੈਂਟ, ਸਪੇਸਿੰਗ ਆਦਿ ਲਈ ਆਪਸ਼ਨ ਵੇਖ ਸਕਦੇ ਹੋ ਜੋ ਕਿ ਤੁਸੀ ਅੰਤ ਦੇ ਵਿੱਚ ਅਲਾਈਨਮੈਂਟ ਕਰਨ ਦੀ ਬਜਾਇ ਆਪਣੇ ਆਪ ਡਾਕੂਮੈਂਟ ਕੰਪੋਜ਼ਿੰਗ ਦਾ ਸੈਟਅਪ ਕਰਨ ਵੇਲੇ ਸੈੱਟ ਕਰ ਸਕਦੇ ਹੋ ।

4. "**Tabs..**" ਬਟਨ ਉੱਤੇ ਕਲਿੱਕ ਕਰੋ । ਟੈਬ ਡਾਇਆਲਾਗ ਬਾਕਸ ਦਿਖਾਈ ਦਿੰਦਾ ਹੈ ।

5. "**Tab stop position**" ਬਾਕਸ ਦੇ ਵਿੱਚ ਟੈਬ ਸਟਾਪ ਪੋਜ਼ੀਸਨ ਦਾ ਜਿਕਰ ਕਰਕੇ ਤੁਸੀ ਟੈਬ ਸਟਾਪ ਪੋਜ਼ੀਸਨ ਨੂੰ ਸੈਟ ਕਰ ਸਕਦੇ ਹੋ।ਟੈਬ ਸਟਾਪ ਪੋਜ਼ੀਸਨ ਦਾ ਜਿਕਰ ਕਰਨ ਤੋਂ ਬਾਅਦ "**Set**" ਬਟਨ 'ਤੇ ਕਲਿੱਕ ਕਰੋ।"**Tabs**" ਵਿੰਡੋ ਦਿਖਾਈ ਦਿੰਦੀ ਹੈ।

ਨੋਟ: "***Default tab stops***" ਦੇ ਹੇਠਾਂ ਨਵੀਂ ਵੈਲਯੂ ਦਾ ਜਿਕਰ ਕਰਕੇ ਤੁਸੀ ਡਿਫਾਲਟ ਵੈਲਯੂ (0.5") ਤੋਂ ਸ਼ੁਰੂਆਤੀ ਟੈਬ ਸਟਾਪ ਪੋਜ਼ੀਸ਼ਨ ਵੈਲਯੂ ਵੀ ਸੈੱਟ ਕਰ ਸਕਦੇ ਹੋ । ਯੂਨਿਟ ਦੇ ਨਾਲ ਨਾਲ (ਜਿਵੇਂ 7cm ਆਦਿ) ਵੈਲਯੂ ਨਿਰਧਾਰਿਤ ਕਰਕੇ ਤੁਸੀ ਉਸ ਵੈਲਯੂ ਦਾ ਜਿਕਰ ਕਰ ਸਕਦੇ ਹੋ ਜਿਥੇ ਟੈਬ ਰੁੱਕਦੀ ਹੈ।

6. "***OK***" ਉੱਤੇ ਕਲਿੱਕ ਕਰੋ । 2 ਉੱਤੇ ਡਾਕੂਮੈਂਟ ਦੀ ਰੂਲਰ ਐਲ ਸ਼ੇਪ (L) ਚਿੰਨ ਨਾਲ ਨਿਸ਼ਾਨਿਤ ਕੀਤੀ ਜਾਵੇਗੀ, ਮਤਲਬ ਟੈਬ ਸਟਾਪ ਪੋਜ਼ੀਸਨ ਉਸ ਪੋਜ਼ੀਸ਼ਨ ਉੱਤੇ ਸੈਟ ਕੀਤੀ ਗਈ ਹੈ । ਹੁਣ ਜਦੋਂ ਤੁਸੀ ਟੈਬ ਕੀਅ ਦਬਾਉਂਦੇ ਹੋ ਤਾਂ ਕਰਸਰ ਆਪਣੇ ਆਪ ਸ਼ੁਰੂਆਤੀ ਟੈਬ ਪੋਜ਼ੀਸ਼ਨ ਤੋਂ ਅਗਲੀ ਟੈਬ ਸਟਾਪ ਪੋਜ਼ੀਸ਼ਨ ਉੱਤੇ ਜੰਪ ਕਰ ਜਾਵੇਗਾ । ਅਤੇ ਇਹ ਤੁਹਾਡੀ ਮੁਸ਼ਕਿਲ ਨੂੰ ਹੱਲ ਵੀ ਕਰਦਾ ਹੈ !




**Figure 2**

ਨੋਟ : ਰੂਲਰ ਉਤੇ ਲੋੜੀਂਦੇ ਪੁਆਇੰਟ ਉੱਤੇ ਕਲਿੱਕ ਕਰਕੇ ਵੀ ਤੁਸੀ ਟੈਬ ਸਟਾਪ ਪੋਜ਼ੀਸ਼ਨ ਨੂੰ ਸੈਟ ਕਰ ਸਕਦੇ ਹੋ ।

ਹੁਣ ਇੱਕ ਨਵਾਂ ਡਾਕੂਮੈਂਟ ਖੋਲੋ, ਕੁਝ ਟੈਕਸਟ ਟਾਈਪ ਕਰੋ ਅਤੇ ਐਂਟਰ ਦਬਾਓ । ਨੋਟ ਕਰੋ ਕਿ ਲਗਾਤਾਰ ਟੈਕਸਟ ਆਪਣੇ ਆਪ ਪੈਰਾਗ੍ਰਾਫ ਦੀ ਤਰਾਂ ਫਾਰਮੈਟ ਹੋ ਗਿਆ ਹੈ, ਉਸ ਸਾਈਜ਼ ਨਾਲ ਜਿਸਦਾ ਤੁਸੀ **"Tabs Dialog box"** ਵਿੱਚ ਜਿਕਰ ਕੀਤਾ ਹੈ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ :

| ਲੜੀ ਨੰ. | ਕਿਰਿਆਵਾਂ |
|---|---|
| 1 | ਹੇਠਾਂ ਦਿਤੀ ਡਿਟੇਲ ਬਣਾਓ (ਟੈਬ ਦਾ ਵੇਰਵਾ ਤੁਹਾਡੇ ਲਈ ਸੰਕੇਤ ਦੇ ਤੌਰ ਉੱਤੇ ਦਿੱਤਾ ਗਿਆ ਹੈ) |



| | |
|---|---|
| 2. | ਵਰਡ ਪ੍ਰੋਸੈਸਰ ਦੀ ਵਰਤੋਂ ਕਰਕੇ ਇਸ ਬੁੱਕ ਦੇ ਇੱਕ ਪੇਜ “ ਟੇਬਲ ਆਫ ਕੰਟੈਂਟ ” ਨੂੰ ਬਣਾਓ । ਇਸ ਡਾਕੂਮੈਂਟ ਨੂੰ TOC_{your name} ਦੇ ਨਾਮ ਨਾਲ ਸੇਵ ਕਰੋ । ਤੁਸੀ ਇਸ ਨੂੰ ਅਗਲੀ ਅਭਿਆਸ ਵਿੱਚ ਵਰਤੋਗੇ। |

## ਮੁਲਾਂਕਣ (ASSESSMENT)

### ਖਾਲ਼ੀ ਥਾਵਾਂ ਭਰੋ

1. ______ਦੀ ਵਰਤੋਂ ਲਗਾਤਾਰ ਟੈਕਸਟ ਨੂੰ ਇੱਕ ਜਾਂ ਜਿਆਦਾ ਵਾਕਾਂ ਵਿੱਚ ਤੋੜਨ ਲਈ ਕੀਤੀ ਜਾ ਸਕਦੀ ਹੈ।
2. ਪੈਰਾਗ੍ਰਾਫ ਗਰੁੱਪ _________ਦੇ ਹੇਠਾਂ ਉਪਲੱਬਧ ਹੈ।
3. ਡਿਫਾਲਟ ਟੈਬ ਸਟਾਪ ਪੋਜੀਸ਼ਨ _________ ਹੈ ।

## ਸੈਸ਼ਨ 2: ਹੈਡਰ ਮੈਨੇਜ ਕਰਨਾ ( Managing Headers)

ਹੈਡਰ ਉਹ ਟੈਕਟਸ ਜਾਂ ਤਸਵੀਰਾਂ ਹਨ ਜੋ ਪੇਜ ਦੇ ਸਭ ਤੋਂ ਉਪਰ ਸ਼ਾਮਲ ਕੀਤੀਆਂ ਜਾਂਦੀਆਂ ਹਨ। ਇਸ ਵਿੱਚ ਆਮ ਤੌਰ ਉੱਤੇ ਮਹੱਤਵਪੂਰਨ ਜਾਣਕਾਰੀ ਹੁੰਦੀ ਹੈ ਜਿਵੇਂ ਕਿ ਕੰਪਨੀ ਜਾਂ ਡਿਪਾਰਟਮੈਂਟ ਦਾ ਨਾਮ, ਲੋਗੋ, ਪੇਜ ਨੰਬਰ, ਲੇਖਕ ਦਾ ਨਾਮ ਆਦਿ। ਇਹ ਕੰਮ ਤੋਂ ਜਾਂ ਅਸਲ ਡਾਕੂਮੈਂਟ ਖੇਤਰ ਤੋਂ ਅਲੱਗ ਹੁੰਦਾ ਹੈ।

ਹੇਠਾਂ ਦਿਤੀ ਉਦਾਹਰਣ ਵੱਲ ਵੇਖੋ:




**Figure 3**

ਉਪਰਲੇ ਡਾਕੂਮੈਂਟ ਵਿੱਚ ਹੈਡਰ ਨੂੰ ਨੋਟ ਕਰੋ; ਟਾਈਟਲ "Application From, June 2012" ਇਸ ਡਾਕੂਮੈਂਟ ਦੇ ਸਾਰੇ ਪੇਜਾਂ ਵਿੱਚ ਸ਼ਾਮਿਲ ਕੀਤਾ ਜਾਵੇਗਾ।

ਇਸ ਅਭਿਆਸ ਵਿੱਚ ਤੁਸੀ ਡਾਕੂਮੈਂਟ ਵਿੱਚ ਹੈਡਰ ਸ਼ਾਮਲ ਕਰਨਾ ਸਿੱਖੋਗੇ।

ਹੈਡਰ ਨਾਲ ਕੰਮ ਕਰਨ ਅਤੇ ਸਮਝਣ ਲਈ ਵਰਡ ਪ੍ਰੋਸੈਸਰ ਵਿੱਚ ਇੱਕ ਨਵਾਂ ਡਾਕੂਮੈਂਟ ਖੋਲੋ।

1. ***Ribbon*** ਉੱਤੇ ***Insert*** ਟੈਬ ਉੱਤੇ ਕਲਿੱਕ ਕਰੋ।

2. ***Header & Footer*** ਗਰੁੱਪ ਵਿੱਚ ***Header*** ਆਪਸ਼ਨ ਉੱਤੇ ਕਲਿੱਕ ਕਰੋ। ਜਿਵੇਂ ਕਿ ਹੇਠਾਂ ਦਿਖਾਇਆ ਗਿਆ ਹੈ।




Figure 4

3ਇੱਕ ਡਰਾਪ ਡਾਊਨ ਲਿਸਟ ਦਿਖਾਈ ਦਿੰਦੀ ਹੈ ਜੋ ਕਿ ਪਹਿਲਾਂ ਹੀ ਪ੍ਰਭਾਸ਼ਿਤ ਹੈਡਰ ਆਪਸ਼ਨਾ ਦੀ ਸੂਚੀ ਹੈ।(ਤਸਵੀਰ ਹੇਠਾਂ)



Figure 5

ਹੁਣ ਲਿਸਟ ਵਿੱਚੋਂ ਕਿਸੇ ਪਹਿਲਾਂ ਪ੍ਰਭਾਸ਼ਿਤ ਆਪਸ਼ਨ ਨੂੰ ਦਾਖਲ ਕਰਨ ਦੀ ਕੋਸ਼ਿਸ਼ ਕਰੋ ਅਤੇ ਡਾਕੂਮੈਂਟ ਦੇ ਹੈਡਰ ਏਰੀਆ ਵਿੱਚ ਬਦਲਾਵ ਨੂੰ ਵੇਖੋ ।

ਤੁਸੀ ਹੈਡਰ ਏਰੀਆ ਵਿੱਚ ਕਿਸੇ ਵੀ ਥਾਂ ਉੱਤੇ "*Page Number*" ਦੇ ਹੇਠਾਂ ਅਲਾਈਨਮੈਂਟ ਨੂੰ ਚੁਣ ਕੇ **ਪੇਜ ਨੰਬਰ** ਦਾਖਲ ਕਰ ਸਕਦੇ ਹੋ। "*Page Number*" ਆਪਸ਼ਨ ਦੇ ਹੇਠਾਂ "*Format Page Numbers...*" 'ਤੇ ਕਲਿੱਕ ਕਰਕੇ ਤੁਸੀ ਪੇਜ ਨੰਬਰ ਦਾ ਨੰਬਰ ਫਾਰਮੈਟ ਵੀ ਬਦਲ ਸਕਦੇ ਹੋ। "*Page Number Format*" ਡਾਇਅਲਾਗ ਬਾਕਸ ਹੇਠਾਂ ਅਨੁਸਾਰ ਦਿਸਦਾ ਹੈ :




Figure 6

"*Insert*" ਗਰੁੱਪ ਦੇ ਹੇਠਾਂ ਉਪਲੱਬਧ "*Date & Time* " ਆਪਸ਼ਨ ਨੂੰ ਕਲਿੱਕ ਕਰਕੇ ਤੁਸੀ ਮਿਤੀ ਅਤੇ ਸਮਾਂ ਵੀ ਦਾਖਲ ਕਰ ਸਕਦੇ ਹੋ । ਤੁਸੀ ਡੇਟ ਅਤੇ ਟਾਈਮ ਦੇ ਲਈ ਉਪਲੱਬਧ ਫਾਰਮੈਟ ਵਿੱਚੋਂ ਕੋਈ ਫਾਰਮੈਟ ਚੁਣ ਸਕਦੇ ਹੋ । ਤੁਸੀ ਹੈਡਰ ਦੇ ਵਿੱਚ ਕਲਿੱਪ ਆਰਟ ਜਾਂ ਕੋਈ ਤਸਵੀਰ ਵੀ ਦਾਖਲ ਕਰ ਸਕਦੇ ਹੋ । ਇਹ ਆਪਸ਼ਨ ਇਹੋ ਜਿਹੇ ਹਾਲਾਤਾਂ ਵਿੱਚ ਸਹਾਇਕ ਹੋ ਸਕਦੀ ਹੈ ਜਦੋਂ ਤੁਹਾਨੂੰ ਕੰਪਨੀ ਜਾਂ ਇੱਕ ਇਵੈਂਟ ਦਾ ਲੋਗੋ ਦਾਖਲ ਕਰਨ ਦੀ ਲੋੜ ਹੁੰਦੀ ਹੈ ।

“***Insert***” ਗਰੁੱਪ ਦੇ ਹੇਠਾਂ “***Picture***” ਅਤੇ “***Clip Art*** ” ਆਪਸ਼ਨ ਦੀ ਵਰਤੋਂ ਕਰਕੇ ਇੱਕ ਤਸਵੀਰ ਜਾਂ ਕਲਿੱਪ ਆਰਟ ਦਾਖਲ ਕਰਨ ਦੀ ਕੋਸ਼ਿਸ਼ ਕਰੋ । ਡਾਕੂਮੈਂਟ ਵਿੱਚ ਆਏ ਬਦਲਾਵ ਨੂੰ ਵੇਖੋ :

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| **ਲੜੀ ਨੰ.** | **ਕਿਰਿਆਵਾਂ** |
|---|---|
| 1. | ਪਿਛਲੀ ਅਭਿਆਸ ਵਿੱਚ ਸੇਵ ਕੀਤੀ ਗਈ ਫਾਈਲ (TOC_{your name}) ਨੂੰ ਖੋਲੋ।ਖੱਬੇ ਪਾਸੇ ਆਪਣੇ ਸਕੂਲ ਦੇ ਨਾਮ ਨਾਲ ਹੈਡਰ ਸੈਕਸ਼ਨ ਦੇ ਵਿੱਚ ਸੈਂਟਰ ਵਿੱਚ ਢੁੱਕਵਾਂ ਨਾਮ ਦਿਓ ।ਇੰਟਰਨੈੱਟ ਤੋਂ ਇੱਕ ਲੋਗੋ ਡਾਊਨਲੋਡ ਕਰੋ ਜਾਂ ਸੱਜੇ ਪਾਸੇ ਉਤੋਂ ਇੱਕ ਤਸਵੀਰ ਵਰਤੋ (Insert→Picture) ਫਾਈਲ ਨੂੰ ਸੇਵ ਕਰੋ। |

## ਮੁਲਾਂਕਣ (ASSESSMENT)

**ਖਾਲੀ ਥਾਂਵਾਂ ਭਰੋ**

1) ______ਦੀ ਵਰਤੋਂ ਹਰੇਕ ਪੇਜ ਵਿੱਚ ਸਭ ਤੋਂ ਉੱਪਰ ਜਾਣਕਾਰੀ ਨੂੰ ਆਪਣੇ ਆਪ ਦਾਖਲ ਕਰਨ ਲਈ ਕੀਤੀ ਜਾ ਸਕਦੀ ਹੈ ।

2) **ਇਨਸਰਟ ਟੈਬ** ਦੇ ਵਿੱਚ ______ਗਰੁੱਪ ਦੇ ਹੇਠਾਂ **ਹੈਡਰ** ਆਪਸ਼ਨ ਉਪਲੱਬਧ ਹੈ।

**ਹੇਠਾਂ ਜੁਆਬ ਦਿਓ**

1. ਕਿਸੇ 5 ਆਟੀਮਾਂ ਦੀ ਸੂਚੀ ਬਣਾਓ ਜੋ ਹੈਡਰ ਏਰੀਆ ਦੇ ਵਿੱਚ ਜੋੜੀਆਂ ਜਾ ਸਕਦੀਆਂ ਹਨ ।

# ਸੈਸ਼ਨ 3: ਫੂਟਰ ਮੈਨੇਜ ਕਰਨਾ (Managing Footers)

## ਸਬੰਧਤ ਜਾਣਕਾਰੀ

ਫੂਟਰ ਉਹ ਟੈਕਸਟ ਜਾਂ ਤਸਵੀਰ ਹੈ ਜੋ ਪੇਜ ਦੇ ਸਭ ਤੋਂ ਹੇਠਲੇ ਭਾਗ ਵਿੱਚ ਸ਼ਾਮਲ ਕੀਤੀ ਜਾਂਦੀ ਹੈ ਅਤੇ ਡਾਕੂਮੈਂਟ ਦੇ ਸਾਰੇ ਪੇਜਾਂ ਵਿੱਚ ਦੁਹਰਾਈ ਜਾ ਸਕਦੀ ਹੈ । ਪੇਜ ਵਿੱਚ ਫੂਟਰ ਨੂੰ ਲਾਉਣ ਦਾ ਢੰਗ ਹੈਡਰ ਨੂੰ ਲਾਉਣ ਵਰਗਾ ਹੀ ਹੈ।

ਉਦਾਹਰਣ ਲਈ, ਜੇਕਰ ਤੁਸੀ ਇੱਕ ਟੈਕਸਟ ਬੁੱਕ ਬਣਾਉਣਾ ਚਾਹੁੰਦੇ ਹੋ, ਤਾਂ ਤੁਸੀ ਟੈਕਸਟ ਬੁੱਕ ਦਾ ਨਾਮ ਹੈਡਰ ਦੀ ਵਰਤੋਂ ਕਰਕੇ ਸ਼ਾਮਲ ਕਰ ਸਕਦੇ ਹੋ ਅਤੇ ਪੇਜ ਨੰਬਰ ਦਾਖਲ ਕਰਨ ਲਈ ਫੂਟਰ ਆਪਸ਼ਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਡਾਕੂਮੈਂਟ ਦੀ ਦਿੱਖ ਨੂੰ ਸਾਫ ਅਤੇ ਸੰਗਠਿਤ ਬਣਾਉਂਦਾ ਹੈ ।

ਡਾਕੂਮੈਂਟ ਵਿੱਚ ਫੂਟਰ (footer) ਦਾਖਲ ਕਰਨ ਲਈ, ਵਰਡ ਪ੍ਰੋਸੈੱਸਰ ਵਿੱਚ ਇਕ ਨਵਾਂ ਡਾਕੂਮੈਂਟ ਖੋਲੋ

1. “*Ribbon*” ਤੋਂ ***Insert*** ਟੈਬ ਉੱਤੇ ਕਲਿੱਕ ਕਰੋ ।

2. “***Header & Footer***” ਗਰੁੱਪ ਵਿੱਚੋਂ “***Footer***” ਆਪਸ਼ਨ ਨੂੰ ਚੁਣੋ । ਜਿਵੇਂ ਹੇਠਾਂ ਦਿਖਾਇਆ ਹੈ




Figure 7

3. ਇੱਕ ਡਰਾਪ ਡਾਊਨ ਲਿਸਟ ਦਿਸਦੀ ਹੈ ਜੋ ਪਹਿਲਾਂ ਤੋਂ ਪ੍ਰਭਾਸ਼ਿਤ ਫੂਟਰ ਆਪਸ਼ਨਾਂ ਦੀ ਸੂਚੀ ਦਾ ਸਮੂਹ ਹੈ ।

4. ਹੁਣ ਫੂਟਰ ਏਰੀਆ ਦੇ ਵਿੱਚ ਮਿਤੀ ਅਤੇ ਸਮਾਂ, ਪੇਜ ਨੰਬਰ, ਤਸਵੀਰ ਅਤੇ ਕਲਿੱਪ ਆਰਟ ਦਾਖਲ ਕਰਨ ਦੀ ਕੋਸ਼ਿਸ਼ ਕਰੋ ਅਤੇ ਬਦਲਾਵ ਨੂੰ ਵੇਖੋ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | “Influence of Gandhiji on Youth Today” ਉੱਤੇ ਇੱਕ ਪੇਜ ਦਾ ਆਰਟੀਕਲ ਬਣਾਓ । ਗਾਂਧੀ ਜੀ ਦੀ ਇੱਕ ਤਸਵੀਰ ਦਾਖਲ ਕਰੋ ਅਤੇ ਹੈਡਰ ਵਿੱਚ ਟਾਈਟਲ ਦਾਖਲ ਕਰੋ।ਫੂਟਰ ਵਿੱਚ ਆਪਣਾ ਨਾਮ,ਕਲਾਸ ਅਤੇ ਮਿਤੀ ਦਾਖਲ ਕਰੋ।ਇਸ ਨੂੰ Gandhiji_{your Name} ਦੇ ਨਾਮ ਨਾਲ ਸੇਵ ਕਰੋ । ਪ੍ਰਿੰਟ ਕਰੋ ਇਸ ਆਰਟੀਕਲ ਨੂੰ ਆਪਣੇ ਸੁਵੀਧਾਵਾਂ ਦੇਣ ਵਾਲੇ ਨੂੰ ਮੁਲਾਂਕਣ ਲਈ ਜਮਾਂ ਕਰੋ । ਤੁਸੀ ਇਸੇ ਤਰਾਂ “Google docs ” ਉੱਤੇ ਵੀ ਕੋਸ਼ਿਸ਼ ਕਰ ਸਕਦੇ ਹੋ । |

## ਮੁਲਾਂਕਣ (ASSESSMENT )

**ਖਾਲੀ ਥਾਂਵਾਂ ਭਰੋ**

1. ____________ਆਪਣੇ ਆਪ ਹਰੇਕ ਸਫ਼ੇ ਦੇ ਉਤੇ ਸਭ ਤੋਂ ਹੇਠਾਂ ਜਾਣਕਾਰੀ ਦਾਖਲ ਕਰਨ ਲਈ ਵਰਤਿਆ ਜਾਂਦਾ ਹੈ ।

2. ਫੂਟਰ ਆਪਸ਼ਨ **ਇਨਸਰਟ ਟੈਬ** ਵਿਚ ____________ਗਰੁੱਪ ਦੇ ਅਧੀਨ ਉਪਲੱਬਧ ਹੈ ।

## ਸੈਸ਼ਨ 4: ਸਟਾਈਲਜ਼ ਪ੍ਰਬੰਧ ਕਰਨਾ (MANAGING STYLES )

### ਸਬੰਧਤ ਜਾਣਕਾਰੀ

ਸਟਾਈਲਜ਼ ਜਾਂ ਸਟਾਈਲ ਸੈੱਟ ਪਹਿਲਾਂ ਹੀ ਪ੍ਰਭਾਸ਼ਿਤ ਜਾਂ ਕਸਟੋਮਾਈਜ਼ਡ ਆਪਸ਼ਨਾਂ ਦੀ ਵਰਤੋਂ ਘੱਟ ਤੋਂ ਘੱਟ ਯਤਨਾਂ ਨਾਲ ਵਧੀਆ ਦਿੱਖ ਵਾਲੇ ਪ੍ਰੋਫੈਸ਼ਨਲ ਡਾਕੂਮੈਂਟ ਨੂੰ ਬਣਾਉਣ ਲਈ ਕੀਤੀ ਜਾਂਦੀ ਹੈ। ਤੁਸੀ ਵਰਡ ਪ੍ਰੋਸੈੱਸਰ ਦੇ ਅੰਦਰ ਉਪਲੱਬਧ ਕਈ ਸਟਾਈਲਾਂ ਨੂੰ ਲੱਭ ਸਕਦੇ ਹੋ ਜੋ ਕਿ ਡਾਕੂਮੈਂਟ ਵਿੱਚ ਲਾਗੂ ਕੀਤੇ ਜਾ ਸਕਦੇ ਹਨ। ਇਸ ਅਭਿਆਸ ਵਿੱਚ ਸਟਾਈਲਾਂ ਨੂੰ ਅਪਲਾਈ ਅਤੇ ਮੈਨੇਜ ਕਰਨਾ ਸਿੱਖੋਗੇ।

ਸਟਾਈਲਾਂ ਨਾਲ ਕੰਮ ਕਰਨ ਲਈ, ਵਰਡ ਪ੍ਰੋਸੈੱਸਰ ਵਿੱਚ ਇੱਕ ਨਵਾਂ ਵਰਡ ਡਾਕੂਮੈਂਟ ਖੋਲੋ,

1. ਸਟਾਈਲਾਂ ਦੀ ਸੂਚੀ ਵੇਖਣ ਲਈ "***Home***" ਟੈਬ ਦੇ ਹੇਠਾਂ "***Style*** group"ਨੂੰ ਲੱਭੋ।(ਤਸਵੀਰ ਹੇਠਾਂ)




Figure 8

2 . ਜੇਕਰ ਤੁਸੀ ਉਪਲੱਬਧ ਸਟਾਈਲ ਸੈਟਸ (style sets ) ਦੀ ਸੂਚੀ ਨੂੰ ਵੇਖਣਾ ਚਾਹੁੰਦੇ ਹੋ ਤਾਂ "**Change Styles**" ਆਪਸ਼ਨ ਦੇ ਹੇਠਾਂ "***Style Set***" ਉੱਤੇ ਕਲਿੱਕ ਕਰੋ। ਵੱਖ-2 ਸਟਾਈਲਾਂ ਨਾਲ ਇੱਕ ਡਰਾਪ-ਡਾਊਨ ਦਿਖਾਈ ਦੇਵੇਗੀ। (ਤਸਵੀਰ ਹੇਠਾਂ)




Figure 9

ਦਿੱਤੇ ਗਏ ਸਟਾਈਲਾਂ ਵਿੱਚੋਂ ਕਲਿੱਕ ਕਰਕੇ ਕਿਸੇ ਸਟਾਈਲ ਨੂੰ ਚੁਣੋ। ਪੂਰਾ ਡਾਕੂਮੈਂਟ ਨਿਰਧਾਰਿਤ ਕੀਤੇ ਗਏ ਫੌਂਟ ਜਾਂ ਰੰਗ ਦੇ ਮੁਤਾਬਿਕ ਆਪਣੇ ਆਪ ਬਦਲ ਜਾਵੇਗਾ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਪਿਛਲੇ ਸੈਸ਼ਨ ਵਿੱਚ ਜੋ ਆਰਟੀਕਲ “Influence of Gandhi ji on Youth Today” ਬਣਾਇਆ ਸੀ ਉਸਨੂੰ ਖੋਲੋ ਅਤੇ ਡਾਕੂਮੈਂਟ ਦੇ ਅਲੱਗ-ਅਲੱਗ ਸੈਕਸ਼ਨਾਂ ਉੱਤੇ elegant,formal fancy ਅਤੇy manuscript ਸਟਾਈਲ ਸੈਟਸ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰੋ । ਅਤੇ ਬਦਲਾਵ ਨੂੰ ਵੇਖੋ । |

## ਮੁਲਾਂਕਣ (ASSESSMENT )

### ਖਾਲੀ ਥਾਂਵਾਂ ਭਰੋ

1. ਘੱਟ ਤੋਂ ਘੱਟ ਯਤਨਾਂ ਨਾਲ ਵਧੀਆ ਦਿੱਖ ਵਾਲੇ ਪ੍ਰੋਫੈਸ਼ਨਲ ਡਾਕੂਮੈਂਟ ਨੂੰ ਬਣਾਉਣ ਲਈ ਕਸਟੋਮਾਈਜ਼ਡ ਆਪਸ਼ਨਾਂ _________ਹਨ ।

2. ਤੁਸੀ ਹੋਮ ਟੈਬ ਦੇ ਹੇਠਾਂ _________ਗਰੁੱਪ ਦੀ ਵਰਤੋਂ ਕਰਕੇ ਸਟਾਈਲ ਬਦਲ ਸਕਦੇ ਹੋ ।

## ਸੈਸ਼ਨ 5: ਡਾਕੂਮੈਂਟ ਟੈਂਪਲੇਟ ( Document Template)

### ਸਬੰਧਤ ਜਾਣਕਾਰੀ

ਟੈਂਪਲੇਟ ਅਤੇ ਡਾਕੂਮੈਂਟ ਟੈਂਪਲੈਟ, ਖਾਲੀ ਡਾਕੂਮੈਂਟ ਨੂੰ ਭਰਨ ਲਈ ਨਮੂਨੇ ਦਾ ਹਵਾਲਾ ਦਿੰਦੇ ਹਨ ਜੋ ਕਿ ਸਮਾਂ ਬਚਾਉਣ ਵਿੱਚ ਸਹਾਇਕ ਹੋ ਸਕਦੇ ਹਨ। ਆਮ ਤੌਰ ਉੱਤੇ ਟੈਂਪਲੇਟਸ ਕਸਟੋਮਾਈਜ਼ਡ ਡਾਕੂਮੈਂਟ ਹੁੰਦੇ ਹਨ ਜਿਹਨਾਂ ਕੋਲ ਨਮੂਨਾ ਸਮੱਗਰੀ (sample content), ਥੀਮ (themes) ਆਦਿ ਹੋ ਸਕਦੇ ਹਨ।ਉਦਾਹਰਣ ਲਈ ਜੇਕਰ ਤੁਸੀ ਬਾਇਓਡਾਟਾ ਬਣਾਉਣਾ ਚਾਹੁੰਦੇ ਹੋ ਤਾਂ ਤੁਸੀ ਰਜ਼ਿਊਮ ਟੈਂਪਲੇਟ ਨੂੰ ਵਰਤ ਸਕਦੇ ਹੋ ਅਤੇ ਸਿਰਫ ਉਸ ਸੈਕਸ਼ਨ ਨੂੰ ਬਦਲੋ ਜਿਸ ਜਿਸ ਵਿੱਚ ਬਦਲਾਵ ਦੀ ਜਰੂਰਤ ਹੈ।

ਇਸ ਅਭਿਆਸ ਵਿੱਚ ਤੁਸੀ ਡਾਕੂਮੈਂਟ ਟੈਂਪਲੈਟ  ਨਾਲ ਕੰਮ ਕਰਨਾ ਸਿੱਖੋਗੇ।

ਤੁਹਾਡੇ ਵਰਡ ਪ੍ਰੋਸੈੱਸਰ ਵਿੱਚ ਉਪਲੱਬਧ ਸੈਂਪਲ ਟੈਂਪਲੇਟਸ ਨੂੰ ਵੇਖਣ ਲਈ

1. ***" File → New "*** ਉੱਤੇ ਕਲਿੱਕ ਕਰੋ। ਤੁਹਾਨੂੰ ਅਲੱਗ-2 ਕਿਸਮ ਦੇ ਟੈਂਪਲੇਟਸ ਵਿਖਾਏ ਜਾਣਗੇ। (ਤਸਵੀਰ ਹੇਠਾਂ ) ਉਦਾਹਰਣ ਲਈ ਜੇਕਰ ਤੁਸੀ ਇੱਕ ਪੱਤਰ ਬਣਾਉਣਾ ਚਾਹੁੰਦੇ ਹੋ ਤਾਂ ਤੁਸੀ "***Office.com Templates***" ਸੈਕਸ਼ਨ ਦੇ ਹੇਠਾਂ "***Letters***"  ਆਪਸ਼ਨ ਚੁਣ ਸਕਦੇ ਹੋ।

ਮੰਨ ਲਓ ਤੁਹਾਨੂੰ ਹੁਣੇ ਹੋਏ ਮੁਕਾਬਲੇ ਦੇ ਸਰਟੀਫਿਕੇਟ ਬਣਾਉਣ ਦੀ ਜਰੂਰਤ ਹੈ ਤਾਂ ਤੁਸੀ "***Certificates***" ਆਪਸ਼ਨ ਚੁਣ ਸਕਦੇ ਹੋ। ਤੁਹਾਨੂੰ ਸਰਟੀਫਿਕੇਟ ਟੈਂਪਲੇਟਸ ਦੀ ਸੂਚੀ ਦਿਖਾਈ ਜਾਵੇਗੀ।




**Figure 10**

ਹੁਣ ਇਸ ਉੱਤੇ ਡਬਲ ਕਲਿੱਕ ਕਰਕੇ ਕਿਸੇ ਵੀ ਟੈਂਪਲੇਟ ਨੂੰ ਚੁਣੋ।

ਇੱਕ ਸਰਟੀਫਿਕੇਟ ਵਿੰਡੋ ਹੇਠਾਂ ਅਨੁਸਾਰ ਦਿਸਦੀ ਹੈ।ਹੁਣ ਤੁਸੀ ਇਸ ਟੈਂਪਲੇਟ ਨੂੰ ਵਰਤ ਸਕਦੇ ਹੋ ਅਤੇ ਕੰਟੈਂਟ ਨੂੰ ਸਕੂਲ ਦੇ ਨਾਮ, ਵਿਦਿਆਰਥੀ ਦੇ ਨਾਮ ਆਦਿ ਨੂੰ ਬਦਲ ਕੇ ਕਸਟੋਮਾਈਜ਼ ਕਰ ਸਕਦੇ ਹੋ




Figure 11

ਤੁਸੀ ਵੈਬਸਾਈਟਾਂ ਤੋਂ ਦੂਜੀ ਕਿਸਮ ਦੇ ਟੈਂਪਲੇਟ ਡਾਊਨਲੋਡ ਵੀ ਕਰ ਸਕਦੇ ਹੋ। ਕੁਝ ਵੈੱਬਸਾਈਟਾਂ ਜੋ ਮੁਫਤ ਵਿੱਚ ਟੈਂਪਲੇਟਸ ਦੀ ਪੇਸ਼ਕਸ਼ ਕਰ ਦੀਆਂ ਹਨ ਉਹ ਇਹ ਹਨ:-

- office.microsoft.com/templates
- www.thepapermillstore.com
- openoffice.blogs.com/openoffice/templates/
- www.docstoc.com

ਤੁਸੀ ਖੋਜ, ਡਾਊਨਲੋਡ ਅਤੇ ਟੈਂਪਲਟ ਨੂੰ ਵਰਤਣ ਲਈ ਉੱਤੇ ਜਿਕਰ ਕੀਤੀਆਂ ਵੈੱਬਸਾਈਟਾਂ ਜੋ ਤੁਹਾਡੀ ਲੋੜ ਅਨੁਸਾਰ ਹਨ ਨੂੰ ਵਿਜ਼ਿਟ ਕਰ ਸਕਦੇ ਹੋ।

ਟੈਂਪਲੇਟ ਉੱਤੇ ਅਧਾਰਿਤ ਡਾਕੂਮੈਂਟ ਇੱਕ ਨਵਾਂ ਡਾਕੂਮੈਂਟ ਬਣਾਉਣ ਨਾਲ ਤੁਸੀ ਸਮਾਂ ਅਤੇ ਮਿਹਨਤ ਬਚਾ ਸਕਦੇ ਹੋ ਕਿਉਂਕਿ ਡਾਕੂਮੈਂਟ ਨੂੰ ਡਿਜ਼ਾਇਨ ਕਰਨ ਲਈ ਲੱਗਣ ਵਾਲਾ ਸਾਰਾ ਸਮਾਂ ਪਹਿਲਾਂ ਹੀ ਲੱਗ ਚੁੱਕਿਆ ਹੈ। ਤੁਸੀ ਉਹਨਾਂ ਟੈਂਪਲੇਟਸ ਨੂੰ ਵਰਤ ਸਕਦੇ ਹੋ ਜੋ ਵਰਡ-ਪ੍ਰੋਸੈਸਿੰਗ ਸਾਫਟਵੇਅਰ ਦੇ ਨਾਲ ਆਏ ਹਨ, ਜਾਂ ਦੂਜਿਆਂ ਦੁਆਰਾ ਬਣਾਏ ਟੈਂਪਲੇਟ ਨੂੰ ਡਾਊਨਲੋਡ ਕਰਕੇ, ਜਾਂ ਤੁਸੀ ਭਵਿੱਖ ਵਿੱਚ ਵਰਤੋਂ ਲਈ ਆਪਣੇ ਟੈਂਪਲੇਟਸ ਨੂੰ ਆਪ ਬਣਾ ਅਤੇ ਸੇਵ ਕਰ ਸਕਦੇ ਹੋ। ਸਭ ਤੋਂ ਪਹਿਲਾਂ ਤੁਹਾਨੂੰ ਇੱਕ ਡਾਕੂਮੈਂਟ ਬਣਾਉਣ ਦੀ ਲੋੜ ਹੈ ਜੋ ਟੈਂਪਲੇਟ ਦੀ ਤਰਾਂ ਕੰਮ ਕਰੇ।

ਨੋਟ: ਤੁਸੀ ਇੱਕ ਆਮ ਡਾਕੂਮੈਂਟ ਦੀ ਤਰਾਂ ਟੈਂਪਲੇਟ ਨੂੰ ਬਣਾਉਂਦੇ ਹੋ, ਪਰ ਜਾਦੂ ਵਾਲਾ ਸਟੈੱਪ ਇਹ ਕਿ ਤੁਸੀ ਇਸ ਨੂੰ ਕਿੱਥੇ ਸੇਵ ਕਰਦੇ ਹੋ। **File → Save As** ਉੱਤੇ ਕਲਿੱਕ ਕਰੋ ਅਤੇ ਟੈਂਪਲੇਟ ਦਾ ਨਾਮ ਦਿਓ। **"Save as type:"** ਡਰਾਪ ਡਾਊਨ ਲਿਸਟ ਵਿੱਚੋਂ " **Word Template"** ਨੂੰ ਚੁਣੋ।

ਨੋਟ ਕਰੋ ਕਿ ਇਥੇ ਇੱਕ *"Templates"* ਨਾਮ ਦਾ ਫੋਲਡਰ ਮਾਈਕਰੋ ਸਾਫਟ ਵਰਡ ਦ✷ ਵਿੱਚ ਹੈ। ਜੇਕਰ ਤੁਸੀ ਆਪਣੇ ਟੈਂਪਲੇਟ ਨੂੰ ਉਸ ਜਗਾਂ ਉੱਤੇ ਸੇਵ ਕਰਦੇ ਹੋ ਤਾਂ ਅਸੀਂ *"My templates"* ਕੈਟਾਗਿਰੀ ਦੇ ਵਿੱਚ ਟੈਂਪਲੇਟ ਨੂੰ ਵੇਖਣ ਯੋਗ ਹੋਵਾਂਗੇ।

ਇਸ ਲਈ ਉਸਨੂੰ ਚੁਣੋ ਅਤੇ ***"Save"*** ਉੱਤੇ ਕਲਿੱਕ ਕਰੋ।

ਹੁਣ ਟੈਂਪਲੇਟ ਨੂੰ ਵਰਤਣ ਲਈ **File→ New** ਉੱਤੇ ਕਲਿੱਕ ਕਰੋ। *"My templates"* ਉੱਤੇ ਜਾਓ ਅਤੇ ਜਿਵੇਂ ਹੀ ਤੁਸੀ ਸਕਰੋਲ ਡਾਊਨ ਕਰਦੇ ਹੋ ਤੁਸੀ ਫਾਈਲ {your name}Invoice ਟੈਂਪਲੇਟ ਜੋ ਤਸੀ ਹੁਣੇ ਬਣਾਇਆ ਹੈ ਨੂੰ ਵੇਖੋਗੇ।

ਉਸ ਨੂੰ ਚੁਣੋ ਅਤੇ ***OK*** ਉੱਤੇ ਕਲਿੱਕ ਕਰੋ।

ਨੋਟ ਕਰੋ ਕਿ ਇਹ ਇੱਕ ਨਵਾਂ ਡਾਕੂਮੈਂਟ ਹੈ ਅਤੇ ਇਹ ਟੈਂਪਲੇਟ ਨਹੀਂ ਹੈ। ਇਸ ਲਈ ਤੁਸੀ ਹੁਣੇ ਹੀ ਤੁਹਾਡੇ ਆਪਣੇ ਟੈਂਪਲੇਟ ਉੱਤੇ ਅਧਾਰਿਤ ਇੱਕ ਨਵਾਂ ਡਾਕੂਮੈਂਟ ਬਣਾਇਆ ਹੈ। ਹੁਣ ਜਦੋਂ ਤੁਸੀ ਇਸ ਡਾਕੂਮੈਂਟ ਨੂੰ ਸੇਵ ਕਰਦੇ ਹੋ ਤਾਂ ਇਹ ਆਮ **.docx** ਫਾਈਲ ਵਾਂਗ ਸੇਵ ਹੋ ਜਾਂਦਾ ਹੈ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਇੰਟਰਨੈੱਟ ਤੋਂ ਟੈਂਪਲੇਟ ਨੂੰ ਡਾਉਨਲੋਡ ਕਰੋ ਅਤੇ ਵਰਤੋ । |
| 2. | ਹੁਣ ਤੁਸੀ ਇਨਵੋਇਸ (invoice) ਦਾ ਟੈਂਪਲੇਟ ਬਣਾਉਗੇ । ਇਨਵੋਇਸ (invoice) ਸਿਰਫ ਇੱਕ ਡਾਕੂਮੈਂਟ ਦੀ ਕਿਸਮ ਹੈ, ਜਿਸ ਕੋਲ ਸੈੱਟ ਫਾਰਮੈਟ ਹੋਣ ਦੀ ਜਰੂਰਤ ਹੈ ਅਤੇ ਜੋ ਕਿ ਦੁਬਾਰਾ ਵਾਰ ਵਾਰ ਬਣਾਇਆ ਜਾਵੇਗਾ । ਫਾਈਲ ਨUM {your name} Invoice ਨਾਮ ਨਾਲ ਸੇਵ ਕਰੋ । |

**ਇਨਵੋਇਸ (invoice) ਨੂੰ ਕਿਵੇਂ ਬਣਾਇਆ ਜਾਂਦਾ ਹੈ ਉਤੇ ਸੰਕੇਤ:** ਤੁਸੀ ਇਨਵੋਇਸ ਨੂੰ ਮੁੱਖ 3 ਭਾਗਾਂ ਵਿੱਚ ਵੰਡ ਸਕਦੇ ਹੋ: ਹੈਡਰ, ਬਾਡੀ ਅਤੇ ਫੁਟਰ ।

ਇਨਵੋਇਸ ਦੇ ਹੈਡਰ ਵਿੱਚ ਤੁਹਾਡਾ ਲੈਟਰ ਹੈੱਡ ਹੋ ਸਕਦਾ ਹੈ : ( ਤੁਹਾਡਾ ਵਪਾਰਕ ਨਾਮ, ਪਤਾ, ਟੈਲੀਫੋਨ ਅਤੇ ਈਮੇਲ ਅਤੇ ਜੇਕਰ ਉਪਲੱਬਧ ਹੈ ਤਾਂ ਤੁਹਾਡਾ ਵੈੱਬ ਐਡਰੈੱਸ), ਸ਼ਬਦ "**Invoice**" ਜਾਂ "**Bill**" ਸਾਫ ਤੌਰ ਉੱਤੇ ਪੇਜ ਦੇ ਸਭ ਤੋਂ ਉਪਰ ਲਿਖੇ ਜਾਂਦੇ ਹਨ, ਇਕ ਇਨਵੋਇਸ ਨੰਬਰ (ਇਹ ਇੱਕ ਚੱਲ ਰਿਹਾ ਲੜੀ ਨੰਬਰ ਹੈ ਜੋ ਤੁਸੀ ਬਣਾਈ ਰੱਖਦੇ ਹੋ ਅਤੇ ਇਹ ਹਰੇਕ ਇਨਵੋਇਸ ਲਈ ਵੱਖਰਾ ਹੋਣਾ ਚਾਹੀਦਾ ਹੈ ), ਇੱਕ ਇਨਵੋਇਸ ਮਿਤੀ, ਤੁਹਾਡੀਆਂ ਭੁਗਤਾਨ ਸ਼ਰਤਾਂ ਜਾਂ ਕਿੰਨੀ ਜਲਦੀ ਤੁਹਾਨੂੰ ਭੁਗਤਾਨ ਕੀਤੇ ਜਾਣ ਦੀ ਆਸ ਹੈ । ਉਦਾਹਰਣ ਲਈ "COD", "Cash", "30 days" ਆਦਿ । ਤੁਹਾਡਾ ਗਾਹਕ ਜਾਂ ਕਲਾਇੰਟ ਨਾਮ ਅਤੇ ਐਡਰੈੱਸ , "**Our Ref#**" ਜਾਂ " Our Reference" ( ਇੱਥੇ ਤੁਸੀ ਆਪਣਾ ਕੁਟੇਸ਼ਨ ਨੰਬਰ ਭਰ ਸਕਦੇ ਹੋ ਜੇਕਰ ਤੁਸੀ ਇਨਵੋਇਸ ਤੋਂ ਪਹਿਲਾਂ ਕੁਟੇਸ਼ਨ ਜਾਰੀ ਕੀਤੀ ਹੈ । ) "**Your Ref#**"ਜਾਂ " Customer Ref "(ਤੁਹਾਡੇ ਗਾਹਕ ਦੁਆਰਾ ਜੇਕਰ ਤੁਹਾਨੂੰ ਖਰੀਦਣ ਦੇ ਆਰਡਰ ਜਾਂ ਕੰਮ ਦੇ ਆਰਡ ਦਿੱਤੇ ਸਨ, ਇੱਥੇ ਤੁਹਾਨੂੰ PO ਜਾਂ WO number ਨੰਬਰ ਭਰਨਾ ਚਾਹੀਦਾ ਹੈ ਤਾਂ ਜੋ ਗਾਹਕ ਤੁਹਾਡੀ ਇਨਵੋਇਸ ਨੂੰ ਆਪਣੇ ਖੁਦ ਦੇ ਪੇਪਰ ਵਰਕ ਨਾਲ ਮਿਲਾ ਸਕੇ ।

ਇਨਵੋਇਸ ਬਾਡੀ (invoice body) ਦੇ ਵਿੱਚ ਮਾਲ ਦਾ ਵੇਰਵਾ ਜੋ ਤੁਸੀ ਸਪਲਾਈ ਕਰ ਰਹੇ ਹੋ ਉਸ ਦੀ ਮਾਤਰਾ, ਮਾਪ ਦੀ ਇਕਾਈ, ਮੁੱਲ ਪ੍ਰਤੀ ਯੂਨਿਟ, ਵੱਖਰੀ-ਵੱਖਰੀ ਵਸਤੂ ਲਈ ਕੁੱਲ ਰਕਮ, ਹੋ ਸਕਦਾ ਹੈ । ਸੇਵਾਵਾਂ ਦੇ ਮਾਮਲੇ ਵਿੱਚ ਤੁਹਾਡੇ ਕੰਮ ਦਾ ਸੰਖੇਪ ਦਾਇਰਾ ਅਤੇ ਹਰੇਕ ਆਈਟਮ ਲਈ ਰਕਮ । ਤੁਸੀ ਜਾਣਕਾਰੀ ਨੂੰ ਟੇਬਲ ਦੇ ਰੂਪ ਵਿੱਚ ਨਿਰਧਾਰਿਤ ਕਰ ਸਕਦੇ ਹੋ । ਤੁਸੀ ਇੱਕ ਟੈਂਪਲੇਟ ਬਣਾ ਰਹੇ ਹੋ, ਇਸ ਲਈ ਤੁਹਾਨੂੰ ਸਿਰਫ ਖਾਕਾ ਬਣਾਉਣ ਦੀ ਲੋੜ ਹੈ, ਵਧੇਰੇ ਜਾਣਕਾਰੀ ਉਦੋਂ ਭਰੀ ਜਾਵੇਗੀ ਜਦੋਂ ਤੁਸੀ ਟੈਂਪਲੇਟ ਨੂੰ ਵਰਤਦੇ ਹੋ ਅਤੇ ਮਲਟੀਪਲ ਚਲਾਨ (invoice) ਬਣਾਉਂਦੇ ਹੋ । ਚਲਾਨ (invoice) ਫੂਟਰ ਵਿੱਚ ਹਰੇਕ ਆਈਟਮ ਦੀ ਕੁੱਲ ਰਾਸ਼ੀ (**Total Amount** ) ਹੋ ਸਕਦੀ ਹੈ । ਭੁਗਤਾਨ ਦੀਆਂ ਹਦਾਇਤਾਂ (**Payment instructions**) (ਸਿਰਫ ਜੇਕਰ ਜਰੂਰੀ ਹੋਵੇ ! ਇਹ ਪ੍ਰਾਪਤ ਕਰਤਾ ਨੂੰ ਦੱਸਦਾ ਹੈ ਕਿ ਆਪਣੇ ਚੈਕ ਦਾ ਭੁਗਤਾਨ ਕਿਵੇਂ ਕਰਨਾ ਹੈ, ਕਿਸ ਨੂੰ ਐਡਰੈੱਸ ਕਰਕੇ ਕਰਨਾ ਹੈ ਆਦਿ । ਜੇਕਰ ਤੁਸੀ ਆਸ ਰੱਖਦੇ ਹੋ ਕਿ ਭੁਗਤਾਨ ਬੈਂਕ ਟਰਾਂਸਫਰ ਦੁਆਰਾ ਹੋਵੇ ਤਾਂ ਤੁਹਾਨੂੰ ਇੱਥੇ ਆਪਣਾ ਬੈਂਕ ਅਕਾਉਂਟ ਨੰਬਰ ਅਤੇ ਬਾਕੀ ਦੀ ਜਾਣਕਾਰੀ ਦੇਣੀ ਚਾਹੀਦੀ ਹੈ।) ਦੂਜੀ ਟਿੱਪਣੀਆਂ "**Other comments**" (ਡੀਲੀਵਰੀ ਹਦਾਇਤਾਂ, ਮਾਲ ਵਾਪਸ ਨੀਤੀ, ਬਕਾਇਆ ਭੁਗਤਾਨ ਨੀਤੀ ਆਦਿ।)

## ਮੁਲਾਂਕਣ (ASSESSMENT )

ਖਾਲੀ ਥਾਵਾਂ ਭਰੋ:

1. ਟੈਂਪਲੇਟ ਜਾਂ ਡਾਕੂਮੈਂਟ ਟੈਂਪਲੇਟ ________ਡਾਕੂਮੈਂਟ ਦਾ ਹਵਾਲਾ ਦਿੰਦੇ ਹਨ ।

2. _____ਉੱਤੇ ਅਧਾਰਿਤ ਇੱਕ ਨਵਾਂ ਡਾਕੂਮੈਂਟ ਬਣਾਉਣ ਨਾਲ ਤੁਸੀ _____ਬਚਾ ਸਕਦੇ ਹੋ ਕਿਉਂਕਿ _______

## ਸੈਸ਼ਨ 6: ਪੇਜ ਅਤੇ ਸੈਕਸ਼ਨ ਬਰੇਕ ਨਾਲ ਕੰਮ ਕਰਨਾ ( Working With Page and Section Breaks )

### ਸਬੰਧਤ ਜਾਣਕਾਰੀ

ਪੇਜ (Page) ਅਤੇ ਸੈਕਸ਼ਨ ਬਰੇਕ (Section breaks) ਦੀ ਵਰਤੋਂ ਇੱਕ ਡਾਕੂਮੈਂਟ ਨੂੰ ਸੈਕਸ਼ਨ ਵਿੱਚ ਅਲੱਗ ਕਰਨ ਲਈ ਕੀਤੀ ਜਾ ਸਕਦੀ ਹੈ । ਜੇਕਰ ਤੁਸੀ ਡਾਕੂਮੈਂਟ ਵਿੱਚ ਇੱਕ ਨਵਾਂ ਪੇਜ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਤੁਸੀ ਪੇਜ ਬਰੇਕ (Page Break) ਨੂੰ ਵਰਤ ਸਕਦੇ ਹੋ । ਇੱਕ ਡਾਕੂਮੈਂਟ ਵਿੱਚ ਇੱਕ ਸੈਕਸ਼ਨ ਅਲੱਗ ਕਰਨ ਲਈ ਤੁਸੀ ਸੈਕਸ਼ਨ ਬਰੇਕ (Section breaks) ਨੂੰ ਵਰਤ ਸਕਦੇ ਹੋ । ਉਦਾਹਰਣ ਲਈ ਤੁਸੀ ਇਕਹਿਰੇ ਕਾਲਮ ਪੇਜ ਦੀ ਲੇਆਊਟ ਨੂੰ ਦੋ ਕਾਲਮਾਂ ਦੀ ਤਰਾਂ ਸੈਟ ਕਰ ਸਕਦੇ ਹੋ । ਤੁਸੀ ਆਪਣੇ ਡਾਕੂਮੈਂਟ ਵਿੱਚ ਅਲੱਗ ਸੈਕਸ਼ਨ ਦੀ ਤਰਾਂ ਪਾਠ ਨੂੰ ਅਲੱਗ ਕਰ ਸਕਦੇ ਹੋ ਤਾਂ ਜੋ ਹਰੇਕ ਪੇਜ ਲਈ ਪੇਜ ਨੰਬਰਿੰਗ 1 ਤੋਂ ਸ਼ੁਰੂ ਹੋਵੇ। ਇੱਕ ਸੈਕਸ਼ਨ ਲਈ ਤੁਸੀ ਆਪਣੇ ਡਾਕੂਮੈਂਟ ਦਾ ਵੱਖਰਾ ਹੈਡਰ ਅਤੇ ਫੂਟਰ ਬਣਾ ਵੀ ਸਕਦੇ ਹੋ । ਉਦਾਹਰਣ ਲਈ ਜੇਕਰ ਤੁਸੀ ਇੱਕ ਟੈਕਸਟ ਬੁੱਕ ਬਣਾ ਰਹੇ ਹੋ ਅਤੇ ਤਾਂ ਤੁਸੀ ਡਿਜ਼ੀਟਲ ਲਿਟਰੇਸੀ, ਵਰਡ ਪ੍ਰੋਸੈਸਿੰਗ , ਸਪਰੈੱਡ ਸ਼ੀਟ ਆਦਿ ਲਈ ਅਲੱਗ-2 ਸੈਕਸ਼ਨ ਬਣਾ ਸਕਦੇ ਹੋ ।

ਬਰੇਕਸ (breaks) ਨਾਲ ਕੰਮ ਕਰਨ ਲਈ, ਵਰਡ ਪ੍ਰੋਸੈੱਸਰ ਵਿੱਚ ਇੱਕ ਨਵਾਂ ਡਾਕੂਮੈਂਟ ਖੋਲੋ ਅਤੇ ਕੁਝ ਕੰਟੈਂਟ ਟਾਈਪ ਕਰੋ । ਜੇਕਰ ਤੁਹਾਨੂੰ ਦੂਜਾ ਨਵਾਂ ਪੇਜ ਚਾਹੀਦਾ ਹੈ ਤਾਂ ***Page Layout*** ਟੈਬ ਵਿੱਚ ਪੇਜ ਬਰੇਕ (page break) ਆਪਸ਼ਨ ਨੂੰ ਚੁਣੋ ।

A. ਰਿਬਨ ਉੱਤੇ ***Page Layout*** ਉੱਤੇ ਕਲਿੱਕ ਕਰੋ ।

B. “***Page Setup*** “ ਗਰੁੱਪ ਵਿੱਚ “***Breaks***” ਆਪਸ਼ਨ ਉੱਤੇ ਕਲਿੱਕ ਕਰੋ । (ਤਸਵੀਰ ਹੇਠਾਂ ਹੈ)




Figure 12

C.) ਅਲੱਗ-2 ਕਿਸਮਾਂ ਦੀਆਂ ਬਰੇਕਸ (breaks) ਆਪਸ਼ਨਾਂ ਨਾਲ ਇੱਕ ਡਰਾਪ ਡਾਊਨ ਲਿਸਟ ਦਿਸਦੀ ਹੈ । ਹਰੇਕ ਕਿਸਮ ਦੀ ਪੇਜ ਅਤੇ ਸੈਕਸ਼ਨ ਬਰੇਕ ਲਈ ਵਿਆਖਿਆ ਦਿੱਤੀ ਗਈ ਹੈ ।

ਡਾਕੂਮੈਂਟ ਵਿੱਚ ਕਿਤੇ ਵੀ ਜ਼ਬਰਦਸਤੀ ਪੇਜ ਦਾ ਅੰਤ ਜਾਂ ਪੇਜ ਦੀ ਸ਼ੁਰੂਆਤ ਕਰਨ ਲਈ ਇੱਕ ਪੇਜ ਬਰੇਕ ਦਾਖਲ ਕੀਤੀ ਜਾ ਸਕਦੀ ਹੈ ।

ਇੱਕ ਨਵਾਂ ਪੇਜ ਬਣਾਉਣ ਲਈ ਤੁਸੀ ਐਂਟਰ ਬਟਨ ਦਬਾ ਕੇ ਰੱਖ ਸਕਦੇ ਹੋ ਅਤੇ ਕਰਸਰ ਇੱਕ ਲਾਈਨ ਤੋਂ ਦੂਜੀ ਲਾਈਨ ਵੱਲ ਜਾਂਦਾ ਹੈ ਜਦੋਂ ਤੱਕ ਇੱਕ ਨਵਾ ਪੇਜ ਸ਼ੁਰੂ ਨਹੀਂ ਹੋ ਜਾਂਦਾ । ਪਰ ਜੇਕਰ ਤੁਸੀ ਪੁਰਾਣੇ ਪੇਜ ਵਿੱਚ ਕੰਟੈਂਟ ਜੋੜਦੇ ਹੋ ਤਾਂ ਨਵੇਂ ਪੇਜ ਦਾ ਕੰਟੈਂਟ ਆਪਣੇ ਆਪ ਸ਼ਿਫਟ ਹੋ ਜਾਵੇਗਾ!

ਇਹੋ ਜਿਹੀ ਸਮੱਸਿਆ ਤੋਂ ਬਚਣ ਲਈ ਇੱਕ ਅਸਾਨ ਢੰਗ ਹੈ- ਪੇਜ ਬਰੇਕ ਨੂੰ ਵਰਤੋ ਅਤੇ ਇੱਕ ਨਵਾਂ ਪੇਜ ਸ਼ੁਰੂ ਕਰੋ । ਤੁਸੀ ਪੇਜ ਬਰੇਕ ਨੂੰ ਵੀ ਵਰਤ ਸਕਦੇ ਹੋ ਜਦੋਂ ਤੁਸੀ ਇਹ ਪੱਕਾ ਕਰਨਾ ਚਾਹੁੰਦੇ ਹੋ ਕਿ ਇਸ ਦੇ ਆਪਣੇ ਪੇਜ ਦੇ ਸਭ ਤੋਂ ਉਤੇ ਇੱਕ ਨਵਾਂ ਚੈਪਟਰ ਜਾਂ ਸਬ-ਹੈਡਿੰਗ ਆਪਣੇ ਆਪ ਸ਼ੁਰੂ ਹੋ ਜਾਵੇ ।




**Figure 13**

ਤੁਹਾਡੇ ਡਾਕੂਮੈਂਟ ਨੂੰ ਫਾਰਮੈਟ ਕਰਨ ਲਈ ਸੈਕਸ਼ਨ ਬਰੇਕ ਲਚਕੀਲਾਪਣ ਜੋੜਦੀ ਹੈ । ਇਹਨਾਂ ਦੀ ਵਰਤੋਂ ਨਾਲ ਤੁਸੀ ਅਲੱਗ-2 ਹੈਡਰ ਅਤੇ ਫੁਟਰ, ਅਲੱਗ-2 ਫੁੱਟ ਨੋਟ ਨੰਬਰਿੰਗ, ਕਾਲਮਾਂ ਦੀ ਲੇਆਉਟ ਬਦਲਣਾ, ਵੱਖ-2 ਪੇਜਾਂ ਲਈ ਪੇਜ ਦਾ ਬਾਰਡਰ ਬਦਲਣਾ ਅਤੇ ਕੁਝ ਡਾਕੂਮੈਂਟਾਂ ਵਿੱਚ ਤਾਂ ਇੱਥੋਂ ਤੱਕ ਕਿ ਉਸੇ ਡਾਕੂਮੈਂਟ ਵਿੱਚ ਪੇਜ ਦੀ ਲੇਆਉਟ ਵੀ ਬਦਲੀ ਜਾ ਸਕਦੀ ਹੈ । ਸੈਕਸ਼ਨ ਬਰੇਕ ਨੂੰ ਵਰਤਣਾ ਇੱਕ ਵੱਡੇ ਪੇਜ ਦੇ ਵਿੱਚ ਇੱਕ ਛੋਟਾ ਡਾਕੂਮੈਂਟ ਹੋਣ ਦੀ ਤਰਾਂ ਹੈ।

ਸੈਕਸ਼ਨ ਬਰੇਕ ਡਾਕੂਮੈਂਟ ਕੰਟੈਂਟ ਦੀ ਫਾਰਮੈਟਿੰਗ ਨੂੰ ਕੰਟਰੋਲ ਕਰਦੀ ਹੈ ਜੋ ਇਹਨੂੰ ਅੱਗੇ ਵਧਾਉਂਦਾ ਹੈ, ਜਦੋਂ ਤੱਕ ਇਹ ਦੂਜੀ ਸੈਕਸ਼ਨ ਬਰੇਕ ਉੱਤੇ ਨਹੀਂ ਪਹੁੰਚ ਜਾਂਦਾ । ਉਦਾਹਰਣ ਲਈ ਜੇਕਰ ਤੁਹਾਡੇ ਕੋਲ ਪੇਜ ਨੰਬਰ 3 ਅਤੇ ਪੇਜ ਨੰਬਰ 8 ਉੱਤੇ ਸੈਕਸ਼ਨ ਬਰੇਕ ਨਾਲ 10 ਪੇਜਾਂ ਦਾ ਡਾਕੂਮੈਂਟ ਹੈ ਤਾਂ 3 ਨੰਬਰ ਪੇਜ ਉੱਤੇ ਸੈਕਸ਼ਨ ਬਰੇਕ, ਪੇਜ 1, 2 ਅਤੇ 3 ਦੀ ਫਾਰਮੈਟਿੰਗ ਨੂੰ ਕੰਟਰੋਲ ਕਰਦੀ ਹੈ ਜਦੋਂ ਕਿ ਪੇਜ ਨੰਬਰ 8 ਉਤੇ ਸੈਕਸ਼ਨ ਬਰੇਕ ਪੇਜ 4 ਤੋਂ 8 ਤੱਕ ਫਾਰਮੈਟਿੰਗ ਨੂੰ ਕੰਟਰੋਲ ਕਰਦੀ ਹੈ ।

ਇਹ ਵੇਖਣ ਲਈ ਕਿ ਕਿੱਥੇ ਫਾਰਮੈਟਿੰਗ ਰੁੱਕਦੀ ਹੈ ਅਤੇ ਖਤਮ ਹੁੰਦੀ ਹੈ ਜਾਂ ਉਹਨਾਂ ਨੂੰ ਡੀਲੀਟ ਕਰਨ ਲਈ ਤੁਹਾਨੂੰ ਇਹ ਵੇਖਣ ਦੀ ਲੋੜ ਹੈ ਕਿ ਕਿੱਥੇ ਤੁਹਾਡੀ ਸੈਕਸ਼ਨ ਬਰੇਕ ਜਾਂ ਪੇਜ ਬਰੇਕ ਦਾਖਲ ਕੀਤੀ ਗਈ ਹੈ । ਸੈਕਸ਼ਨ/ਪੇਜ ਬਰੇਕ ਨੂੰ ਵੇਖਣ ਲਈ **“Paragraph”** ਸੈਕਸ਼ਨ ਦੇ ਵਿੱਚ **“Home ”** ਟੈਬ ਦੇ ਉੱਤੇ **“Show/Hide ”** ਬਟਨ ਉੱਤੇ ਕਲਿੱਕ ਕਰੋ । ਤੁਹਾਡੇ ਡਾਕੂਮੈਂਟ ਵਿੱਚ ਸੈਕਸ਼ਨ/ਪੇਜ ਬਰੇਕ ਦਿਖਾਏ ਜਾਂਦੇ ਹਨ ।

1. **Section/Page break** ਉੱਤੇ ਕਲਿੱਕ ਕਰੋ
2. ਆਪਣੇ ਕੀਬੋਰਡ ਤੋਂ ***“Delete”*** ਨੂੰ ਦਬਾਓ ਅਤੇ ਸੈਕਸ਼ਨ/ਪੇਜ ਬਰੇਕ ਹਟ ਜਾਂਦਾ ਹੈ।

ਕਦੇ ਵੀ ਤੁਹਾਨੂੰ ਸਿੰਗਲ ਪੇਜ ਵਿੱਚ ਪੇਜ ਬਾਰਡਰ ਸ਼ਾਮਲ ਕਰਨ ਦੀ ਲੋੜ ਹੋਵੇ ਜਾਂ ਲੈਂਡਸਕੇਪ ਓਰੀਐਂਟੇਸ਼ਨ ਵਿੱਚ ਇੱਕ ਟੇਬਲ ਪੋਰਟਟਰੇਟ ਓਰੀਐਂਟੇਸ਼ਨ ਦੇ ਵਿੱਚ ਬਾਕੀ ਡਾਕੂਮੈਂਟ ਨਾਲ, ਕੰਮ ਨੂੰ ਅਸਾਨ ਬਣਾਉਣ ਲਈ ਸੈਕਸ਼ਨ ਬਰੇਕ ਦੀ ਵਰਤੋਂ ਕਰੋ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਪੇਜ ਅਤੇ ਸ਼ੈਕਸ਼ਨ ਬ੍ਰੇਕ ਬਣਾਉ । |
| 2. | ਪੇਜ ਅਤੇ ਸ਼ੈਕਸ਼ਨ ਬ੍ਰੇਕ ਡੀਲੀਟ ਕਰੋ । |
| 3. | ਇੱਕ ਨਵਾਂ ਡਾਕੂਮੈਂਟ ਖੋਲੋ । ਆਪਣੇ ਪੇਜ ਨੂੰ ਦੋ ਕਾਲਮਾਂ ਵਿਚ ਵੰਡੋ। (Page Layout→Columns) ਅਖਬਾਰ ਵਿਚੋ ਇਕ ਲੇਖ ਲਓ ਅਤੇ ਇਸ ਵਿਚ ਭਰੋ । ਟੈਕਸਟ ਵਿੱਚ ਕਿਤੇ ਵੀ ਕਾਲਮ ਬਰੇਕ ਅਤੇ ਪੇਜ਼ ਬਰੇਕ ਨੂੰ ਵਰਤਣ ਦੀ ਕੋਸ਼ਿਸ ਕਰੋ । |
| 4. | ਇੱਕ ਨਵਾਂ ਡਾਕੂਮੈਂਟ ਖੋਲੋ । ਆਪਣੇ ਸਥਾਨਕ ਅਖਬਾਰ ਦਾ ਸਿਰਲੇਖ ਲਿਖੋ।ਸ਼ੈਕਸ਼ਨ ਬ੍ਰੇਕ ਨੂੰ ਵਰਤੋਂ ਅਤੇ ਅਗਲੇ ਸ਼ੈਕਸ਼ਨ ਨੂੰ ਕਾਲਮਾਂ ਵਿਚ ਵੰਡੋ ਅਤੇ ਇਸ ਵਿਚ ਇਕ ਲੇਖ ਭਰੋ । ਡਾਕੂਮੈਂਟ ਫਾਈਲ ਨੂੰ "Newspaper_{_{your name} " ਨਾਲ ਸੇਵ ਕਰੋ ਅਤੇ ਆਪਣਾ ਡਾਕੂਮੈਂਟ ਪ੍ਰਿੰਟ ਕਰੋ । |

## ਮੁਲਾਂਕਣ (ASSESSMENT)

### ਖਾਲੀ ਥਾਂਵਾਂ ਭਰੋ:

1. ________ ਅਤੇ ________ਬ੍ਰੇਕ ਇਕ ਡਾਕੂਮੈਂਟ ਨੂੰ ਸ਼ੈਕਸ਼ਨ ਵਿਚ ਵੰਡਣ ਲਈ ਵਰਤੇ ਜਾ ਸਕਦੇ ਹਨ ।
2. ਪੇਜ ਬ੍ਰੇਕ ਦੀ ਵਰਤੋਂ ਕਰਕੇ ਤੁਸੀ ਵੱਖ-ਵੱਖ ________ਬਣਾ ਸਕਦੇ ਹੋ ।
3. ਇਕ ਸ਼ੈਕਸ਼ਨ ਬ੍ਰੇਕ ਡਾਕੂਮੈਂਟ ਕੰਟੈਂਟ ਦੀ ________ ਕੰਟਰੋਲ ਕਰਦਾ ਹੈ ਜੋ ਇਹਨੂੰ ________ ਹੈ ਜਦੋਂ ਤੱਕ ਇਹ ਦੂਜੇ ਸੈਕਸ਼ਨ ਤੱਕ ਨਹੀਂ ਪਹੁੰਚਦਾ ।
4. ਸ਼ੈਕਸ਼ਨ/ਪੇਜ ਬ੍ਰੇਕ ਨੂੰ ਵੇਖਣ ਲਈ________ਬਟਨ ਉੱਤੇ ਕਲਿੱਕ ਕਰੋ ।

## ਸੈਸ਼ਨ 7: ਕਰੈਕਟਰ ਫਾਰਮੈਟ ਅਪਲਾਈ ਕਰਨਾ ( Applying Character Formats)

### ਸਬੰਧਤ ਜਾਣਕਾਰੀ

ਜੇਕਰ ਤੁਸੀ ਵਿਗਿਆਨਕ ਕੰਟੈਂਟ ਨਾਲ ਟੈਕਸਟ ਬੁੱਕ ਬਣਾ ਰਹੇ ਹੋ ਤਾਂ ਤੁਹਾਨੂੰ ਕੁਝ ਕਰੈਕਟਰਾਂ ਲਈ ਖਾਸ ਫਾਰਮੈਟਿੰਗ ਵਰਤਣ ਦੀ ਲੋੜ ਹੁੰਦੀ ਹੈ। ਕਰੈਕਟਰ ਫਾਰਮੈਟਿੰਗ ਇੱਕ ਕਰੈਕਟਰ ਜਾਂ ਸ਼ਬਦ ਉੱਤੇ ਅਪਲਾਈ ਕੀਤੀ ਜਾ ਸਕਦੀ ਹੈ। ਇਸ ਸੈਸ਼ਨ ਵਿੱਚ ਤੁਸੀ ਕਰੈਕਟਰ ਫਾਰਮੈਟਿੰਗ ਨੂੰ ਕਰਨ ਬਾਰੇ ਸਿੱਖੋਗੇ।

### ਕਰੈਕਟਰ ਫਾਰਮੈਟਿੰਗ ਨਾਲ ਕੰਮ ਕਰਨਾ (Working with Character Formatting )

> Water is a chemical substance with the chemical formula H2O. A water molecule contains one oxygen and two hydrogen atoms connected by covalent bonds. Water is a liquid at ambient conditions, but it often co-exists on Earth with its solid state, ice, and gaseous state (water vapor or steam). Water also exists in a liquid crystal state near hydrophilic surfaces. The density of water is 1,000 kg/m3.

ਕਰੈਕਟਰ ਫਾਰਮੈਟਿੰਗ ਨਾਲ ਕੰਮ ਕਰਨ ਲਈ :

A) ਵਰਡ ਪ੍ਰੋਸੈੱਸਰ ਵਿੱਚ ਇੱਕ ਨਵਾਂ ਡਾਕੂਮੈਂਟ ਖੋਲੋ ਅਤੇ ਹੇਠਾਂ ਦਿੱਤਾ ਪੈਰਾਗ੍ਰਾਫ ਟਾਈਪ ਕਰੋ:

ਹੁਣ ਬਦਲਾਵ ਕਰਨ ਲਈ ਤੁਹਾਨੂੰ ਕਰੈਕਟਰਸ ਨੂੰ ਹੇਠਾਂ ਦਿਖਾਏ ਅਨੁਸਾਰ ਫਾਰਮੈਟ ਕਰਨ ਦੀ ਲੋੜ ਹੈ। ਤੁਸੀ ਦੇਖੋਗੇ ਕਿ ਇਸ ਪੈਰਾਗ੍ਰਾਫ ਦੇ ਕੁਝ ਸ਼ਬਦ ਬੋਲਡ, ਕੁਝ ਇਟੈਲਿਕ, ਕੁਝ ਅੰਡਰਲਾਈਨ, ਕੁਝ ਰੰਗਦਾਰ ਅਤੇ ਕੁਝ ਦੀ ਜਗ੍ਹਾਂ ਵਿੱਚ ਬਦਲੀ ਹੋਈ ਹੈ (ਸੁਪਰਸਕਰਿਪਟ ਅਤੇ ਸਬ-ਸਕਰਿਪਟ)।

B). ਡਾਕੂਮੈਂਟ ਵਿੱਚ ਕੰਟੈਂਟ ਉੱਤੇ ਫਾਰਮੈਟਿੰਗ ਅਪਲਾਈ ਕਰਨ ਲਈ ਤੁਹਾਨੂੰ ਸਬੰਧਤ ਸ਼ਬਦ ਜਾਂ ਸ਼ਬਦਾਂ ਦੇ ਸਮੂਹ ਨੂੰ ਚੁਣਨਾ (select) ਚਾਹੀਦਾ ਹੈ।

ਇੱਕ ਕਰੈਕਟਰ ਜਾਂ ਸ਼ਬਦ ਨੂੰ ਬਦਲਣ ਲਈ ਹੇਠਲੀ ਆਪਸ਼ਨਾਂ ਦੀ ਵਰਤੋਂ ਕਰੋ :

**Font Face:** ਟੈਕਸਟ ਨੂੰ ਚੁਣਨ ਤੋਂ ਬਾਅਦ ਦਿੱਤੇ ਗਏ ਫੌਂਟਸ ਵਿੱਚੋਂ ਖਾਸ ਫੌਂਟ ਸਟਾਇਲ ਨੂੰ ਚੁਣਨ ਲਈ ਤੁਹਾਨੂੰ ਫੌਂਟ ਗਰੁੱਪ ਦੇ ਵਿੱਚ ਫੌਂਟ ਦੇ ਨਾਮ ਉਤੇ ਕਲਿੱਕ ਕਰਨ ਦੀ ਜਰੂਰਤ ਹੈ।

**Font Size:** ਟੈਕਸਟ ਨੂੰ ਚੁਣਨ ਤੋਂ ਬਾਅਦ ਦਿੱਤੀ ਗਈ ਕੀਮਤਾਂ ਦੇ ਵਿੱਚੋਂ ਖਾਸ ਫੌਂਟ ਸਾਈਜ਼ ਨੂੰ ਚੁਣਨ ਲਈ ਤੁਹਾਨੂੰ ਫੌਂਟ ਗਰੁੱਪ ਦੇ ਵਿੱਚ ਫੌਂਟ ਸਾਈਜ਼ ਉਤੇ ਕਲਿੱਕ ਕਰਨ ਦੀ ਜਰੂਰਤ ਹੈ।

> WATER is a chemical substance with the chemical formula $H_2O$. A water molecule contains one oxygen and two hydrogen **atoms** connected by covalent bonds. Water is a liquid at ambient conditions, but it often co-exists on Earth with its *solid state, ice*, and *gaseous* ~~state~~ (water vapor or steam). WATER also exists in a liquid crystal state near hydrophilic surfaces. The density of water is 1,000 kg/$m^3$.

**Grow Font:** ਟੈਕਸਟ ਨੂੰ ਚੁਣਨ ਤੋਂ ਬਾਅਦ ਨਿਰਧਾਰਿਤ ਪੁਆਇੰਟ ਦੁਆਰਾ ਮੌਜੂਦਾ ਫੌਂਟ ਸਾਈਜ਼ ਤੋਂ ਫੌਂਟ ਸਾਈਜ਼ ਨੂੰ ਵੱਡਾ ਕਰਨ ਲਈ ਤੁਹਾਨੂੰ ਫੌਂਟ ਗਰੁੱਪ ਦੇ ਵਿੱਚ ਆਈਕਨ ਉੱਤੇ ਕਲਿੱਕ ਕਰਨ ਦੀ ਜਰੂਰਤ ਹੈ ।

**Shrink Font:** ਟੈਕਸਟ ਨੂੰ ਚੁਣਨ ਤੋਂ ਬਾਅਦ ਨਿਰਧਾਰਿਤ ਪੁਆਇੰਟ ਦੁਆਰਾ ਮੌਜੂਦਾ ਫੌਂਟ ਸਾਈਜ਼ ਤੋਂ ਫੌਂਟ ਸਾਈਜ਼ ਨੂੰ ਛੋਟਾ ਕਰਨ ਲਈ ਤੁਹਾਨੂੰ ਫੌਂਟ ਗਰੁੱਪ ਦੇ ਵਿੱਚ ਆਈਕਨ ਉੱਤੇ ਕ ਕਰਨ ਦੀ ਜਰੂਰਤ ਹੈ ।

**Strikethrough:** ਟੈਕਸਟ ਨੂੰ ਚੁਣਨ ਤੋਂ ਬਾਅਦ ਚੁਣੇ ਗਏ ਟੈਕਸਟ ਨੂੰ ਮੱਧ ਵਿੱਚੋਂ ਕੱਟਣ (ਸਟਰਾਈਕ ਥਰੋ) ਲਈ ਤੁਹਾਨੂੰ ਫੌਂਟ ਗਰੁੱਪ ਦੇ ਵਿੱਚ ਆਈਕਨ ਉੱਤੇ ਕਲਿ ਨ ਦੀ ਜਰੂਰਤ ਹੈ ।

**Subscript**: ਟੈਕਸਟ ਨੂੰ ਚੁਣਨ ਤੋਂ ਬਾਅਦ ਚੁਣੇ ਚੁਣੇ ਗਏ ਟੈਕਸਟ ਨੂੰ ਆਮ ਟੈਕਸਟ ਪੋਜ਼ੀਸ਼ਨ ਤੋਂ ਹੇਠਾਂ ਕਰਨ ਲਈ ਤੁਹਾਨੂੰ ਫੌਂਟ ਗਰੁੱਪ ਦੇ ਵਿੱਚ ਆਈਕਨ ਉੱਤੇ ਕਲਿੱਕ ਕਰਨ ਦੀ ਜਰੂਰਤ ਹੈ ।

**Superscript**: ਟੈਕਸਟ ਨੂੰ ਚੁਣਨ ਤੋਂ ਬਾਅਦ ਚੁਣੇ ਗਏ ਟੈਕਸਟ ਨੂੰ ਆਮ ਟੈਕਸਟ ਪੋਜ਼ੀਸ਼ਨ ਤੋਂ ਉੱਚਾ ਕਰਨ ਲਈ ਤੁਹਾਨੂੰ ਫੌਂਟ ਗਰੁੱਪ ਦੇ ਵਿੱਚ ਆਈਕਨ ਉੱਤੇ ਕਲਿੱਕ ਕਰਨ ਦੀ ਜਰੂਰਤ ਹੈ ।




**Figure 14**




**Figure 15**

**Clear Formatting**: ਕਲੀਅਰ ਫਾਰਮੈਟਿੰਗ ਦੀ ਵਰਤੋਂ ਚੁਣੇ ਗਏ ਟੈਕਸਟ ਦੀ ਕਰੈਕਟਰ ਫਾਰਮੈਟਿੰਗ (ਜਿਵੇਂ ਕਿ Bold, Italics ,Underline, font face & size, superscript & subscript ਆਦਿ) ਨੂੰ ਕਲੀਅਰ ਕਰਨ ਲਈ ਕੀਤੀ ਜਾਂਦੀ ਹੈ। ਕਰੈਕਟਰ ਫਾਰਮੈਟਿੰਗ ਨੂੰ ਹਟਾਉਣ ਲਈ ਟੈਕਸਟ ਨੂੰ ਚੁਣੋ ਅਤੇ ਫੌਂਟ ਗਰੁੱਪ ਦੇ ਵਿੱਚ ਆਈਕਨ ਉੱਤੇ ਕਲਿੱਕ ਕਰੋ।

**Text Highlight Colour:** ਬੈਕਗ੍ਰਾਉਂਡ ਰੰਗ ਬਦਲਣ ਲਈ ਇਸ ਆਪਸ਼ਨ ਨੂੰ ਵਰਤੋ।ਇਹ ਕਰਨ ਲਈ ਟੈਕਸਟ ਨੂੰ ਚੁਣੋ ਅਤੇ ਫੌਂਟ ਗਰੁੱਪ ਦੇ ਵਿੱਚ ਆਈਕਨ ਉੱਤੇ ਕਲਿੱਕ ਕਰੋ । ਆਈਕਨ ਦੇ ਉੱਤੇ ਡਾਉਨ ਐਰੋ 'ਤੇ ਕਲਿੱਕ ਕਰਕੇ ਤੁਸੀ ਬੈਕਗ੍ਰਾਉਂਡ ਰੰਗ ਚੁਣ ਸਕਦੇ ਹੋ।

**Font Colour:** ਟੈਕਸਟ ਦਾ ਰੰਗ ਬਦਲਣ ਲਈ ਇਸ ਆਪਸ਼ਨ ਨੂੰ ਵਰਤੋ।ਇਹ ਕਰਨ ਲਈ ਟੈਕਸਟ ਨੂੰ ਚੁਣੋ ਅਤੇ ਫੌਂਟ ਗਰੁੱਪ ਦੇ ਵਿੱਚ ਆਈਕਨ ਉੱਤੇ ਕਲਿੱਕ ਕਰੋ।ਆਈਕਨ ਦੇ ਉੱਤੇ ਡਾਉਨ ਐਰੋ ਉੱਤੇ ਕਲਿੱਕ ਕਰਕੇ ਤੁਸੀ ਟੈਕਸਟ ਰੰਗ ਚੁਣ ਸਕਦੇ ਹੋ ।

**Change Case**: ਟੈਕਸਟ ਕੇਸ ਨੂੰ ਵੱਡੇ ਅੱਖਰਾਂ ਜਾਂ ਛੋਟੇ ਅੱਖਰਾਂ ਵਿੱਚ ਬਦਲਣ ਲਈ ਵਰਡ ਪ੍ਰੋਸੈੱਸਰ ਸਾਡੀ ਸਹਾਇਤਾ ਕਰਦਾ ਹੈ। ਤੁਸੀ ਵਾਕ ਵਿੱਚ ਹਰੇਕ ਸ਼ਬਦ ਨੂੰ ਵੱਡਾ ਕਰ ਸਕਦੇ ਹੋ ਅਤੇ ਵਾਕ ਦੇ ਪਹਿਲੇ ਸ਼ਬਦ ਨੂੰ "Font Group" ਹੇਠ "**Change Case**" ਦੀ ਵਰਤੋਂ ਕਰਕੇ ਵੱਡਾ ਕਰ ਸਕਦੇ ਹੋ। ਇਹ ਕਰਨ ਲਈ ਟੈਕਟਸ ਨੂੰ ਚੁਣਨ ਤੋਂ ਬਾਅਦ ਤੁਹਾਨੂੰ ਫੌਂਟ ਗਰੁੱਪ ਦੇ ਵਿੱਚ 

ਆਈਕਨ ਦੇ ਉੱਤੇ ਕਲਿੱਕ ਕਰਨ ਦੀ ਲੋੜ ਹੈ।

***Sentence case:*** ਡਰਾਪ ਡਾਊਨ ਆਪਸ਼ਨ ਦੇ ਵਿੱਚੋਂ ਇਸ ਆਪਸ਼ਨ ਨੂੰ ਚੁਣਨ ਉੱਤੇ ਚੁਣੇ ਗਏ ਵਾਕ ਦੇ ਪਹਿਲੇ ਸ਼ਬਦ ਦੇ ਵਿੱਚ ਪਹਿਲਾ ਅੱਖਰ ਵੱਡੇ ਅੱਖਰ (Uppercase) ਵਿੱਚ ਬਦਲ ਜਾਵੇਗਾ।

***Lowercase:*** ਡਰਾਪ ਡਾਊਨ ਆਪਸ਼ਨ ਦੇ ਵਿੱਚੋਂ ਇਸ ਆਪਸ਼ਨ ਨੂੰ ਚੁਣਨ ਉੱਤੇ ਚੁਣਿਆ ਗਿਆ ਟੈਕਸਟ ਛੋਟੇ ਅੱਖਰਾਂ (Lowercase) ਵਿੱਚ ਬਦਲ ਜਾਵੇਗਾ।

**UPPERCASE**: ਡਰਾਪ ਡਾਊਨ ਆਪਸ਼ਨ ਦੇ ਵਿੱਚੋਂ ਇਸ ਆਪਸ਼ਨ ਨੂੰ ਚੁਣਨ ਉੱਤੇ ਚੁਣਿਆ ਗਿਆ ਟੈਕਸਟ ਵੱਡੇ ਅੱਖਰਾਂ (UPPERCASE) ਵਿੱਚ ਬਦਲ ਜਾਵੇਗਾ।

***Capitalize Each Word***: ਡਰਾਪ ਡਾਊਨ ਆਪਸ਼ਨ ਦੇ ਵਿੱਚੋਂ ਇਸ ਆਪਸ਼ਨ ਨੂੰ ਚੁਣਨ ਉੱਤੇ ਚੁਣੇ ਗਏ ਵਾਕ ਦੇ ਸਾਰੇ ਸ਼ਬਦਾਂ ਵਿੱਚ ਪਹਿਲਾ ਅੱਖਰ ਵੱਡੇ ਅੱਖਰਾਂ (UPPERCASE) ਵਿੱਚ ਬਦਲ ਜਾਵੇਗਾ।

***tOGGLE cASE***: ਡਰਾਪ ਡਾਊਨ ਆਪਸ਼ਨ ਦੇ ਵਿੱਚੋਂ ਇਸ ਆਪਸ਼ਨ ਨੂੰ ਚੁਣਨ ਉੱਤੇ ਚੁਣੇ ਗਏ ਵਾਕ ਵਿੱਚ ਛੋਟੇ ਅੱਖਰ ਵੱਡੇ ਅੱਖਰਾਂ ਵਿੱਚ ਬਦਲ ਜਾਣਗੇ ਅਤੇ ਵੱਡੇ ਅੱਖਰ ਛੋਟੇ ਅੱਖਰਾਂ ਵਿੱਚ ਬਦਲ ਜਾਣਗੇ।

## ਅਭਿਆਸ (EXERCISE )

ਹੇਠਾਂ ਦਿਤੀਆਂ ਕਿਰਿਆਵਾਂ ਕਰੋ :

| ਲੜੀ ਨੰ. | ਕਿਰਿਆਵਾਂ |
|---|---|
| 1 | ਫੌਂਟ ਫੇਸ ਬਦਲ (Change font face) |
| 2 | ਫੌਂਟ ਸਾਈਜ਼ ਬਦਲ (Change font size) |
| 3 | ਫੌਂਟ ਰੰਗ ਬਦਲ (Change font color) |
| 4 | ਟੈਕਸਟ ਨੂੰ ਹਾਈਲਾਈਟ ਕਰੋ (Highlight text ) |
| 5 | ਟੈਕਟਸ ਕੇਸ ਬਦਲ (Change text case) |
| 6 | ਪਿਛਲੀ ਅਭਿਆਸ ਵਿੱਚ ਬਣਾਇਆ ਡਾਕੂਮੈਂਟ Newspaper_{your name} ਦੁਬਾਰਾ ਖੋਲੋ। ਇੱਸ ਅਭਿਆਸ ਵਿੱਚ ਸਿੱਖੇ ਗਏ ਹਰੇਕ ਕਰੈਕਟਰ ਫਾਰਮੈਟ ਦੀ ਵਰਤੋਂ ਕਰਕੇ ਆਪਣੇ ਆਰਟੀਕਲ ਦੇ ਪਹਿਲੇ ਪੇਜ ਨੂੰ ਸਜਾਓ। ਡਾਕੂਮੈਂਟ ਦੇ ਪੇਜ 1 ਦਾ ਪ੍ਰਿੰਟ ਲਓ ਅਤੇ ਪਿਛਲੇ ਸੈਸ਼ਨ ਵਿੱਚ ਲਏ ਗਏ ਪ੍ਰਿੰਟ ਨਾਲ ਇਸ ਦੀ ਤੁਲਨਾ ਕਰੋ। |

## ਮੁਲਾਂਕਣ (ASSESSMENT)

**ਖਾਲੀ ਥਾਂਵਾਂ ਭਰੋ:**

1. ਟੈਕਸਟ ਦੀ ਚੋਣ ਕਰਨ ਉਪਰੰਤ ਤੁਹਾਨੂੰ ਮੌਜੂਦਾ ਫੌਂਟ ਸਾਈਜ ਤੋਂ ਵਧ ਆਕਾਰ ਦੇ ਫੌਂਟ ਬਣਾਉਣ ਲਈ ਫੌਂਟ ਗਰੁੱਪ ਵਿਚ________ ਉੱਤੇ ਕਲਿੱਕ ਕਰਨ ਦੀ ਜ਼ਰੂਰਤ ਹੈ ।
2. ਅੱਖਰ ਦੀ ਫਾਰਮੈਟਿੰਗ ਨੂੰ ਹਟਾਉਣ ਲਈ, ਟੈਕਸਟ ਦੀ ਚੋਣ ਕਰੋ ਅਤੇ ਫੌਂਟ ਗਰੁੱਪ ਵਿਚ ________ ਉੱਤੇ ਕਲਿੱਕ ਕਰੋ ।
3. ________ ਚੁਣਨ ਉੱਤੇ ਚੁਣੇ ਗਏ ਵਾਕ ਦੇ ਪਹਿਲੇ ਸ਼ਬਦ ਦੇ ਵਿੱਚ ਪਹਿਲਾ ਅੱਖਰ ਵੱਡੇ ਅੱਖਰ ਵਿੱਚ ਬਦਲ ਜਾਵੇਗਾ ।
4. ________ਚੁਣਨ ਉੱਤੇ ਚੁਣੇ ਗਏ ਵਾਕ ਦੇ ਸਾਰੇ ਸ਼ਬਦਾਂ ਵਿੱਚ ਪਹਿਲਾ ਅੱਖਰ ਵੱਡੇ ਅੱਖਰ ਵਿੱਚ ਬਦਲ ਜਾਵੇਗਾ ।

## ਸੈਸ਼ਨ 8 : ਗ੍ਰਾਫੀਕਲ ਆਬਜੈਕਟ ਅਤੇ ਇਲੁਸਟਰੇਸ਼ਨ ਦਾਖਲਾ ਕਰਨਾ ( Inserting Graphical Objects and Illustrations)

### ਸਬੰਧਤ ਜਾਣਕਾਰੀ

ਕਈ ਵਾਰ ਜਦੋਂ ਤੁਸੀ ਇੱਕ ਟੈਕਨੀਕਲ ਰਿਪੋਰਟ ਜਾਂ ਨਿਊਜ਼ਲੈਟਰ ਜਾਂ ਇੱਥੋਂ ਤੱਕ ਕਿ ਦੋਸਤਾਂ ਨੂੰ ਪੱਤਰ ਲਿਖਦੇ ਹੋ ਤਾਂ ਇਸ ਦੇ ਵਿੱਚ ਗ੍ਰਾਫਿਕਸ ਦੀਆਂ ਕੁੱਝ ਕਿਸਮਾਂ ਸ਼ਾਮਲ ਕਰਨਾ ਦਸਤਾਵੇਜ਼ ਨੂੰ ਹੋਰ ਦਿਲਚਸਪ ਬਣਾ ਦਿੰਦਾ ਹੈ । ਇੱਕ ਟੈਕਨੀਕਲ ਰਿਪੋਰਟ ਵਿੱਚ ਤੁਸੀ ਕਾਰਪੋਰੇਟ ਦੀ ਕਾਰਗੁਜ਼ਾਰੀ ਦਾ ਗ੍ਰਾਫ ਜਾਂ ਤਕਨੀਕੀ ਮਿਸਾਲ ਸ਼ਾਮਲ ਕਰਨਾ ਚਾਹੁੰਦੇ ਹੋ । ਜਦੋਂ ਕਿ ਇੱਕ ਨਿਊਜ਼ਲੈਟਰ ਜਾਂ ਪਰਿਵਾਰ ਅਤੇ ਦੋਸਤਾਂ ਨੂੰ ਪੱਤਰ ਵਿੱਚ ਤੁਸੀ ਯਾਦਗਾਰੀ ਘਟਨਾ ਨੂੰ ਸਾਂਝਾ ਕਰਕੇ ਅਨੰਦ ਮਾਣਦੇ ਹੋ ਜੋ ਕਿ ਤਸਵੀਰਾਂ ਦੁਆਰਾ ਜਾਂ ਇੱਥੋਂ ਤੱਕ ਕਾਰਟੂਨ ਦੁਆਰਾ ਪੇਸ਼ ਕੀਤਾ ਹੋ ਸਕਦਾ ਹੈ । ਇਹਨਾਂ ਗ੍ਰਾਫਿਕਸ ਨੂੰ ਡਾਕੂਮੈਂਟ ਦੇ ਵਿੱਚ ਬਲੈਂਡ ਕਰਨ ਦੀ ਸਹੂਲਤ ਹਰ ਵੱਡੇ ਵਰਡ ਪ੍ਰੋਸੈਸਿੰਗ ਪ੍ਰੋਗਰਾਮ ਦੀ ਸੁੰਦਰਤਾ ਅਤੇ ਸ਼ਕਤੀ ਹੈ ।

ਅਸੀਂ ਸਿਰਫ ਗ੍ਰਾਫਿਕਸ ਇਮੇਜ ਨੂੰ ਹੀ ਆਪਣੇ ਮੈਸੇਜ ਵਿੱਚ ਬਲੈਂਡ ਨਹੀਂ ਕਰ ਸਕਦੇ, ਪਰ ਸਾਨੂੰ ਐਮ.ਐਸ.ਵਰਡ, ਵਰਡ ਪਰਫੈਕਟ ਅਤੇ ਓਪਨ ਆਫਿਸ ਦੂਜੀਆਂ ਖਾਸ ਵਿਸ਼ੇਸ਼ਤਾਵਾਂ ਵਿੱਚ ਬਲੈਂਡ ਕਰਨ ਦੀ ਆਗਿਆ ਦਿੰਦੇ ਹਨ । ਇਹ ਵਿਸ਼ੇਸ਼ਤਾਵਾਂ ਆਮ ਤੌਰ ਉੱਤੇ ਓਬਜੈਕਟ "objects" ਵਜੋ ਜਾਣੀਆਂ ਜਾਂਦੀਆਂ ਹਨ । ਇਹ ਓਬਜੈਕਟ ਲਗਭਗ ਕਿਸੇ ਵੀ ਕਿਸਮ ਦੀ ਹੋ ਸਕਦੀ ਹੈ ਜੋ ਕਿ ਕੰਪਿਊਟਰ ਫਾਇਲ ਵਜੋਂ ਬਣਾਈ ਜਾ ਸਕਦੀ ਹੈ। ਸਾਉਂਡ, ਮਿਊਜਿਕ, ਡਰਾਇੰਗਾਂ, ਡਾਕੂਮੈਂਟਸ ਸਪਰੈਡਸ਼ੀਟਾਂ ਆਦਿ ਸਾਰੀਆਂ ਸੰਭਵ ਓਬਜੈਕਟਸ ਹਨ ਜੋ ਕਿ ਤੁਸੀ ਡਾਕੂਮੈਂਟ ਵਿੱਚ ਸ਼ਾਮਿਲ ਜਾਂ ਡਾਕੂਮੈਂਟ ਨਾਲ ਲਿੰਕ ਕਰ ਸਕਦੇ ਹੋ ।

ਨੋਟ : ਇੱਕ ਆਬਜੈਕਟ ਨੂੰ ਇੰਬੈਡਿੰਗ (Embedding) ਕਰਨਾ ਡਾਕੂਮੈਂਟ ਦਾ ਹਿੱਸਾ ਬਣਾਉਂਦਾ ਹੈ ਜਦੋਂ ਕਿ ਇੱਕ ਆਬਜੈਕਟ ਦੀ ਲਿੰਕਿੰਗ (linking) ਆਬਜੈਕਟ ਫਾਈਲ ਨੂੰ ਡਾਕੂਮੈਂਟ ਫਾਈਲ ਵਿੱਚ ਸ਼ਾਮਲ ਨਹੀਂ ਕਰਦੀ ਹੈ । ਪਾਠਕ (Readers) ਜੋ ਲਿੰਕਡ ਆਬਜੈਕਟ ਨੂੰ ਐਕਸੈਸ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਉਸ ਕੋਲ ਅਲੱਗ ਫਾਈਲ ਦਾ ਡਾਇਰੈਕਟ ਐਕਸੈੱਸ ਜਰੂਰ ਹੋਣਾ ਚਾਹੀਦਾ ਹੈ ਜੋ ਉਸ ਆਬਜੈਕਟ ਨੂੰ ਬਣਾਉਂਦੀ ਹੈ । ਉਸਦਾ ਮਤਲਬ ਹੋ ਸਕਦਾ ਹੈ ਕਿ ਲਿੰਕਡ ਓਬਜੈਕਟ ਨੂੰ ਵੇਖਣ ਲਈ ਉਹਨਾਂ ਕੋਲ ਤੁਹਾਡੀ ਹਾਰਡ ਡਰਾਈਵ ਦਾ ਐਕਸੈੱਸ ਹੋਣਾ ਚਾਹੀਦਾ ਹੈ ।

ਜਿਆਦਾਤਰ ਵਰਡ ਪ੍ਰੋਸੈਸਰ ਦੇ ਕੋਲ Clip Arts, Shapes, pictures, charts ਆਦਿ ਦੇ ਰੂਪ ਵਿੱਚ ਉਦਾਹਰਣ ਦਾਖਲ ਕਰਨ ਦੀ ਸਹੂਲਤ ਹੁੰਦੀ ਹੈ । ਕਲਿੱਪ ਆਰਟ ਡਾਕੂਮੈਂਟ ਨੂੰ ਰੰਗਦਾਰ ਅਤੇ ਪ੍ਰਦਰਨਸ਼ਯੋਗ ਬਣਾਉਣ ਲਈ ਮਦਦ ਕਰ ਸਕਦੀ ਹੈ । ਕਲਿੱਪ ਆਰਟ ਡਾਕੂਮੈਂਟ ਵਿੱਚ ਵਰਤੋਂ ਲਈ ਉਪਲੱਬਧ ਪਹਿਲਾਂ ਤੋਂ ਪ੍ਰਭਾਸ਼ਿਤ ਤਸਵੀਰਾਂ ਹੁੰਦੀਆਂ ਹਨ । ਉਦਾਹਰਣ ਲਈ ਜੇਕਰ ਤੁਸੀ ਆਪਣੇ ਦੋਸਤ ਲਈ ਵਧਾਈ ਪੱਤਰ ਬਣਾਉਣਾ ਚਾਹੁੰਦੇ ਹੋ ਤਾਂ ਤੁਸੀ ਟੈਕਸਟ ਮੈਸੇਜ ਦੇ ਨਾਲ ਕਲਿੱਪ ਆਰਟ ਜਿਵੇਂ ਗੁਬਾਰੇ ਅਤੇ ਫੁੱਲ ਆਦਿ ਵਰਤ ਸਕਦੇ ਹੋ।

ਤੁਸੀ ਵਰਡ ਪ੍ਰੋਸੈਸਰ ਦੇ ਵਿੱਚ ਬਣੀ ਕਲਿੱਪ ਆਰਟ ਗੈਲਰੀ ਦੀ ਵਰਤੋਂ ਕਰ ਸਕਦੇ ਹੋ, ਤੁਸੀ ਵੈੱਬਸਾਈਟ ਤੋਂ ਵੀ ਕਲਿੱਪ ਆਰਟ ਨੂੰ ਡਾਊਨਲੋਡ ਕਰ ਸਕਦੇ ਹੋ । ਕੁਝ ਵੈੱਬਸਾਈਟਾਂ ਜਿਹਨਾਂ ਕੋਲ ਮੁਫਤ ਕਲਿੱਪ ਆਰਟਸ ਹਨ:

- www.openclipart.org
- www.pdclipart.org
- www.clker.com
- www.freeclipartnow.com
- www.wpclipart.com

ਇਸ ਅਭਿਆਸ ਵਿੱਚ ਤੁਸੀ ਕਲਿੱਪ ਆਰਟ ਨੂੰ ਵਰਤਣਾ ਸਿੱਖੋਗੇ ।

ਇੱਕ ਡਾਕੂਮੈਂਟ ਵਿੱਚ ਕਲਿੱਪ ਆਰਟ ਨੂੰ ਦਾਖਲ ਕਰਨ ਲਈ :

a) ਵਰਡ ਪ੍ਰੋਸੈੱਸਰ ਵਿੱਚ ਇੱਕ ਨਵਾਂ ਡਾਕੂਮੈਂਟ ਖੋਲੋ।

1. “ **Ribbon** ” ਉੱਤੇ “ **Insert tab**” ਉੱਤੇ ਕਲਿੱਕ ਕਰੋ।




Figure 16

2. **ਇਲੂਸਟਰੇਸ਼ਨ** ਗਰੁੱਪ (Illustrations group) ਵਿਚ “**Clip Art**” ਆਪਸ਼ਨ ਉੱਤੇ ਕਲਿੱਕ ਕਰੋ । (ਤਸਵੀਰ ਹੇਠਾਂ ਹੈ )

3. ਕਲਿੱਪ ਆਰਟ Task Pane ਵਿਖਾਈ ਦੇਵੇਗਾ । ਸਰਚ ਬਾਕਸ ਵਿਚ ਕਲਿੱਪ ਆਰਟ ਕੈਟਾਗਰੀ ਨਾਮ ਭਰੋ ਅਤੇ ***Go*** ਉੱਤੇ ਕਲਿੱਕ ਕਰੋ । ਉਦਾਹਰਣ ਲਈ ਜੇਕਰ ਤੁਸੀ ਇਕ ਲੋਗੋ ਇਨਸਰਟ ਕਰਨਾ ਚਾਹੁਦੇ ਹੋ ਤਾਂ ਸਰਚ ਬਾਕਸ ਵਿਚ ਲੋਗੋ ਲਿਖੋ ਅਤੇ ***Go*** ਉੱਤੇ ਕਲਿੱਕ ਕਰੋ ।

4. ਇਕ ਵਾਰ ਤੁਸੀ Go ਉੱਤੇ ਕਲਿੱਕ ਕਰਦੇ ਹੋ (ਤਸਵੀਰ 17), ਲੱਭੇ ਗਏ ਕੀਵਰਡ ਨਾਲ ਮਿਲਦੀ ਕਲਿਪ ਆਰਟ ਨਾਲ ਇੱਕ ਵਿੰਡੋ ਦਿਸਦੀ ਹੈ। (ਤਸਵੀਰ 18)




Figure 17




**Figure 18**

ਉਸ ਕਲਿੱਪ ਆਰਟ ਨੂੰ ਸਿਲੈਕਟ ਕਰੋ ਜਿਹੜੀ ਤੁਸੀ ਵਰਤਣਾ ਚਾਹੁੰਦੇ ਹੋ, ਇਸ ਉੱਤੇ ਡਬਲ ਕਲਿੱਕ ਕਰੋ ਅਤੇ ਇਹ ਤੁਹਾਡੇ ਡਾਕੂਮੈਂਟ ਵਿਚ ਦਾਖਲ ਹੋ ਜਾਵੇਗਾ। ਕਦੇ ਕਦੇ ਤੁਹਾਨੂੰ ਇਹੋ ਜਿਹੀ ਕਲਿੱਪ ਆਰਟ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਵਰਡ ਪ੍ਰੋਸੈਸਰ ਐਪਲੀਕੇਸ਼ਨ ਵਿਚ ਉਪਲੱਬਧ ਨਹੀ ਹੁੰਦੀਆਂ ਹਨ । ਅਜਿਹੇ ਕੇਸਾਂ ਵਿਚ ਤੁਸੀ ਵੈੱਬਸਾਈਟਾਂ ਉੱਤੇ ਵਿਜਿਟ ਕਰ ਸਕਦੇ ਹੋ ਜੋ ਕਿ ਕਲਿੱਪ ਆਰਟ ਦੀ ਪੇਸ਼ਕਸ ਕਰਦੀਆਂ ਹਨ ਜਿਵੇਂ ਕਿ OpenClipart.org [

ਹੁਣ ਤੁਸੀ ਵੈਬਸਾਈਟ ਤੋਂ ਕਲਿੱਪ ਆਰਟ ਡਾਊਨਲੋਡ ਕਰਨਾ ਸਿਖੋਗੇ ਅਤੇ ਇਸਨੂੰ ਆਪਣੇ ਡਾਕੂਮੈਂਟ ਵਿਚ ਵਰਤੋ ।

b) www.openclipart.org ਤੋਂ ਕਲਿੱਪ ਆਰਟ ਡਾਊਨਲੋਡ ਕਰਨ ਲਈ :

1. ਵੈੱਬ ਬ੍ਰਾਊਜਰ ਖੋਲੋ, ਐਡਰੈੱਸ ਬਾਰ ਵਿਚ www.openclipart.org ਲਿਖੋ ਅਤੇ ਐਂਟਰ ਦਬਾਉ ।

ਤੁਸੀ ਵੈੱਬਸਾਈਟ ਉੱਤੇ ਉਪਲੱਬਧ ਸਰਚ ਬਾਕਸ ਆਪਣੀ ਲੋੜ ਮੁਤਾਬਿਕ ਕਲਿੱਪ ਆਰਟ ਦੀ ਸੂਚੀ ਵੇਖਣ ਲਈ ਵਰਤ ਸਕਦੇ ਹੋ । ਉਦਾਹਰਣ ਲਈ ਸਰਚ ਬਾਕਸ ਵਿਚ ***School Bag*** ਲਿਖੋ ਅਤੇ ***Search*** ਉੱਤੇ ਕਲਿੱਕ ਕਰੋ । ਤੁਹਾਨੂੰ ਹੇਠਾਂ ਅਨੁਸਾਰ ਕੀਵਰਡ ਸਕੂਲ ਬੈਗ ਨਾਲ ਮਿਲਦੇ ਕਲਿਪ ਆਰਟ ਦੀ ਸੂਚੀ ਵਿਖਾਈ ਜਾਵੇਗੀ ।




**Figure 19**

ਹੁਣ ਤੁਸੀ ਉਸ ਕਲਿੱਪ ਆਰਟ ਨੂੰ ਚੁਣ ਸਕਦੇ ਹੋ ਜਿਸਨੂੰ ਤੁਸੀ ਪਸੰਦ ਕਰਦੇ ਹੋ, ਇਸ ਨੂੰ ਆਪਣੇ ਕੰਪਿਊਟਰ ਉੱਤੇ ਡਾਊਨਲੋਡ ਕਰੋ ਅਤੇ ਵਰਡ ਪ੍ਰੋਸੈੱਸਰ ਵਿਚ ਫੋਟੋ ਆਪਸ਼ਨ ਵਰਤ ਕੇ ਇਸ ਨੂੰ ਦਾਖਲ ਕਰ ਸਕਦੇ ਹੋ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਡਾਕੂਮੈਂਟ ਵਿਚ ਕਲਿਪ ਆਰਟ ਅਤੇ ਤਸਵੀਰਾਂ ਦਾਖਲ ਕਰੋ । |
| 2 | ਇੱਕ ਡਾਕੂਮੈਂਟ ਖੋਲੋ।ਕਲਿੱਪ ਆਰਟ ਵਿੱਚ "Birthday Balloons" ਲਈ ਸਰਚ ਕਰੋ । ਜੋ ਉਪਲੱਬਧ ਕਰਵਾਇਆ ਗਿਆ ਹੈ ਉਸ ਵਿੱਚੋਂ ਇਕ ਨੂੰ ਸਲੈਕਟ ਕਰੋ ਅਤੇ ਪਰਿਵਾਰ ਦੇ ਇੱਕ ਮੈਂਬਰ ਲਈ ਜਨਮ ਦਿਨ ਕਾਰਡ ਦਾ ਇੱਕ ਪੇਜ ਬਣਾਓ । |
| 3 | ਇੰਟਰਨੈੱਟ ਤੋਂ ਕੁਝ ਕਲਿੱਪ ਆਰਟਸ ਡਾਊਨਲੋਡ ਕਰੋ ਅਤੇ ਧਰਤ ਦਿਵਸ (Earth Day) ਉੱਤੇ ਇੱਕ ਪੋਸਟਰ ਡਿਜ਼ਾਇਨ ਕਰੋ । ਇਸ ਅਭਿਆਸ ਵਿੱਚ ਤੁਸੀ ਸਿਰਫ ਲੋੜੀਂਦੀ ਤਸਵੀਰਾਂ ਹੀ ਦਾਖਲ ਕਰੋਗੇ । ਤੁਸੀ ਸਬੰਧਤ ਟੈਕਸਟ ਅਗਲੀ ਅਭਿਆਸ ਵਿੱਚ ਦਾਖਲ ਕਰੋਗੇ । |

## ਮੁਲਾਂਕਣ ( ASSESSMENT )

**ਖਾਲੀ ਥਾਵਾਂ ਭਰੋ:**

1. ਇੱਕ ਆਬਜੈਕਟ ਨੂੰ ਇੰਬੈਡਿੰਗ (Embedding) ਕਰਨਾ ਡਾਕੂਮੈਂਟ ਦਾ ___________ ਬਣਾਉਂਦਾ ਹੈ ਜਦੋਂ ਕਿ ਇੱਕ ਆਬਜੈਕਟ ਦੀ ਲਿੰਕਿੰਗ (linking) ਆਬਜੈਕਟ ਫਾਈਲ ਨੂੰ ਡਾਕੂਮੈਂਟ ਫਾਈਲ ਵਿੱਚ ___________ ਕਰਦੀ ਹੈ ।
2. ਪਾਠਕ (Readers) ਜੋ ਲਿੰਕਡ ਆਬਜੈਕਟ ਨੂੰ ਐਕਸੈਸ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਉਸ ਕੋਲ ਫਾਈਲ ਦਾ ___________ ਜਰੂਰ ਹੋਣਾ ਚਾਹੀਦਾ ਹੈ ਜੋ ਉਸ ਆਬਜੈਕਟ ਨੂੰ ਬਣਾਉਂਦੀ ਹੈ ।
3. ਕਲਿਪ ਆਰਟ ਡਾਕੂਮੈਂਟ ਨੂੰ ___________ ਅਤੇ ___________ ਬਣਾਉਣ ਵਿਚ ਮਦਦ ਕਰ ਸਕਦੀ ਹੈ ।
4. ਕਲਿੱਪ ਆਰਟ ਇਨਸਰਟ ਟੈਬ ਵਿੱਚ ___________ ਇਲੁਸਟਰੇਸ਼ਨ ਗਰੁੱਪ ਦੇ ਤਹਿਤ ਉਪਲੱਬਧ ਹੁੰਦੀ ਹੈ।

**ਹੇਠਾਂ ਜੁਆਬ ਦਿਓ**

1. ਕੋਈ ਦੋ ਵੈੱਬਸਾਈਟ ਦੀ ਸੂਚੀ ਬਣਾਉ ਜੋ ਮੁਫਤ ਕਲਿਪ ਆਰਟ ਪੇਸ਼ ਕਰਦੀਆਂ ਹਨ ।
2. ਵਰਡ ਪ੍ਰੋਸੈੱਸਿੰਗ ਸਾਫਟਵੇਅਰ ਵਿਚ ਆਬਜੈਕਟਸ ਕੀ ਹਨ ?

## ਸੈਸ਼ਨ 9 : ਟੈਕਸਟ ਰੈਪਿੰਗ ( Text Wrapping)

## ਸਬੰਧਤ ਜਾਣਕਾਰੀ

ਪਿਛਲੀ ਅਭਿਆਸ ਵਿੱਚ ਤੁਸੀ ਗ੍ਰਾਫਿਕਸ ਅਤੇ ਇਲੁਸਟਰੇਸ਼ਨ ਨੂੰ ਦਾਖਲ ਕਰਨਾ ਸਿੱਖਿਆ ਹੈ। ਤੁਸੀ ਕਿਵੇਂ ਚਾਹੁੰਦੇ ਹੋ ਕਿ ਤਸਵੀਰ ਵਿੱਚ ਟੈਕਸਟ ਫਿੱਟ ਆਵੇ ? ਕੀ ਤੁਸੀ ਗ੍ਰਾਫਿਕਸ ਨੂੰ ਟੈਕਸਟ ਦੇ ਨਾਲ ਇਸਨੂੰ ਉੱਪਰ ਅਤੇ ਹੇਠਾਂ ਇੱਕਲੀ ਖੜੀ ਕਰਨਾ ਚਾਹੁੰਦੇ ਹੋ ? ਕੀ ਤੁਸੀ ਗ੍ਰਾਫਿਕਸ ਦੇ ਨਾਲ ਨਾਲ ਇੱਕ ਪਾਸੇ ਟੈਕਸਟ ਨੂੰ ਚਾਹੁੰਦੇ ਹੋ ।

ਕੀ ਤੁਸੀ ਟੈਕਸਟ ਮੈਸੇਜ ਨੂੰ ਸਪਲਿਟ ਹੋਇਆ ਚਾਹੁੰਦੇ ਹੋ ਤਾਂ ਜੋ ਖੱਬੇ ਪਾਸੇ ਟੈਕਸਟ ਦਾ ਭਾਗ ਹੋਵੇ ਅਤੇ ਉਸ ਤੋਂ ਬਾਅਦ ਗ੍ਰਾਫਿਕਸ ਦੇ ਸੱਜੇ ਪਾਸੇ ਜਾਰੀ ਰਹੇ ? ਕੀ ਤੁਸੀ ਟੈਕਸਟ ਨੂੰ ਸੱਜੇ ਪਾਸੇ ਗ੍ਰਾਫਿਕਸ ਦੇ ਪਾਰ ਚਲਾਉਣਾ ਚਾਹੁੰਦੇ ਹੋ ? ਇਹ ਸਾਰੀਆਂ ਆਪਸ਼ਨਾਂ ਸੰਭਵ ਹਨ ਜੋ ਕਿ ਟੈਕਸਟ ਰੈਪ ਆਪਸ਼ਨ ਜਿਹੜੀ ਤੁਸੀ ਚੁਣਦੇ ਹੋ ਉਸ ਉੱਤੇ ਨਿਰਭਰ ਕਰਦੀਆਂ ਹਨ ।

ਉਦੋਂ ਕੀ ਹੁੰਦਾ ਜਦੋਂ ਗ੍ਰਾਫਿਕਸ ਤਸਵੀਰ ਬਹੁਤ ਜਿਆਦਾ ਛੋਟੀ ਜਾਂ ਵੱਡੀ ਹੈ ? ਡਾਕੂਮੈਂਟ ਵਿੱਚ ਗ੍ਰਾਫਿਕਸ ਇਮੇਜ ਨੂੰ ਰੱਖਦੇ ਹੋਏ ਤੁਹਾਨੂੰ ਇਸ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਸਾਰੇ ਵਰਡ ਪ੍ਰੋਸੈਸਿੰਗ ਸਾਫਟਵੇਅਰ ਦੇ ਵਿੱਚ ਜੇਕਰ ਤੁਸੀ ਤਸਵੀਰ ਨੂੰ ਚੁਣਦੇ (left mouse click on it) ਹੋ ਤਾਂ ਪਾਸਿਆਂ ਉੱਤੇ ਅਤੇ ਗ੍ਰਾਫਿਕਸ ਦੇ ਕਿਨਾਰਿਆਂ ਉੱਤੇ ਕੰਟਰੋਲ ਹੈਂਡਲਸ ਦਿਸਦੇ ਹਨ । ਜਦੋਂ ਤੁਸੀ ਆਪਣੇ ਮਾਊਸ ਨੂੰ ਇਹਨਾਂ ਹੈਂਡਲਸ ਉੱਤੇ ਰੱਖਦੇ ਹੋ ਤਾਂ ਕਰਸਰ ਡਬਲ ਹੈਡਡ (double headed arrow) ਐਰੋ ਵਿੱਚ ਬਦਲ ਜਾਂਦਾ ਹੈ ਅਤੇ ਤੁਸੀ ਤਸਵੀਰ ਦੇ ਅਕਾਰ ਨੂੰ ਘਟਾਉਣ ਜਾਂ ਵਧਾਉਣ ਲਈ ਹੈਂਡਲ ਨੂੰ ਅੰਦਰ ਜਾਂ ਬਾਹਰ ਨੂੰ ਡਰੈਗ ਅਤੇ ਕਲਿੱਕ ਕਰ ਸਕਦੇ ਹੋ । ਇਸ ਅਭਿਆਸ ਵਿੱਚ ਤੁਸੀ ਟੈਕਸਟ ਰੈਪਿੰਗ ਨੂੰ ਵਰਤਣ ਸਿਖੋਗੇ ।

> Apache OpenOffice Writer is the word processor component of the OpenOffice package. It is free and is available for a variety of Operating Systems including Windows, Linux, FreeBSD and Solaris. It is capable of opening and saving documents in a variety of formats.

### ਇੱਕ ਨਵਾਂ ਵਰਡ ਡਾਕੂਮੈਂਟ ਖੋਲੋ ਅਤੇ ਹੇਠਾਂ ਦਿੱਤਾ ਟਾਈਪ ਕਰੋ:

ਤੁਸੀ ਜਾਂ ਤਾਂ ਓਪਨ ਆਫਿਸ ਰਾਈਟਰ ਦਾ ਸਕਰੀਨਸ਼ਾਟ (screen shot) ਸ਼ਾਮਲ ਕਰ ਸਕਦੇ ਹੋ ਜਾਂ ਆਪਣੇ ਕੰਪਿਊਟਰ ਵਿੱਚ ਤਸਵੀਰ ਲਈ ਖੋਜ ਕਰੋ ।

ਸਕਰੀਨਸ਼ਾਟ (screen shot) ਲੈਣ ਲਈ ਇੱਕੋ ਵੇਲੇ <Shift> ਅਤੇ <Print Screen> ਕੀਅ ਨੂੰ ਦਬਾਓ । ਟੈਕਸਟ ਦੇ ਸੱਜੇ ਪਾਸੇ ਕਰਸਰ ਰੱਖੋ ਅਤੇ ਇੱਕ ਸਮੇਂ <Ctrl> ਅਤੇ <V> ਕੀਅ ਨੂੰ ਦਬਾਓ ।

ਇੱਕ ਤਸਵੀਰ ਲੱਭਣ ਲਈ, ਟੈਕਸਟ ਤੋਂ ਪਹਿਲਾਂ ਕਰਸਰ ਰੱਖੋ, **Insert** ਟੈਬ ਉੱਤੇ ਕਲਿੱਕ ਕਰੋ ਅਤੇ Illustrations ਦੇ ਹੇਠਾਂ **Picture** ਉੱਤੇ ਕਲਿੱਕ ਕਰੋ । ਤਸਵੀਰ ਲਈ ਬ੍ਰਾਊਜ਼ ਕਰੋ ਅਤੇ **Insert** ਉੱਤੇ ਕਲਿੱਕ ਕਰੋ ।




**Figure 20**

* ਇਕ ਵਾਰ ਤੁਸੀ ਤਸਵੀਰ ਦਾਖਲ ਕਰ ਦਿਤੀ ਤਾਂ ਤੁਸੀ **Insert** ਟੈਬ ਦੇ **Text** ਸ਼ੈਕਸਨ ਹੇਠਾਂ ***Wrap Text*** ਆਪਸ਼ਨ ਵਰਤ ਕੇ ਤਸਵੀਰ ਉੱਤੇ ਡਬਲ ਕਲਿੱਕ ਕਰਨ ਤੋਂ ਬਾਅਦ ਟੈਕਸਟ ਨੂੰ ਰੈਪ ਕਰ ਸਕਦੇ ਹੋ (ਤਸਵੀਰ ਹੇਠਾਂ ਹੈ)। ਜੇਕਰ ਤੁਸੀ ਵਰਡ ਉੱਤੇ ਕੰਮ ਕਰ ਰਹੇ ਹੋ, ਤਸਵੀਰ ਦੀ ਚੋਣ ਕਰੋ ਫਿਰ ***Format*** ਟੈਬ ਦੇ ਹੇਠਾਂ ***Arrange*** ਗਰੁੱਪ ਵਿਚ ***Text Wrapping*** ਡਰਾਪ ਡਾਊਨ ਐਰੋ ਨੂੰ ਸਿਲੈਕਟ ਕਰੋ ।




**Figure 21**

ਹੁਣ ਵੱਖ-2 ਰੈਪ ਆਪਸ਼ਨਾਂ ਜਿਵੇਂ ਕਿ ***Square, Tight, Through*** ਆਦਿ ਨੂੰ ਚੁਣਨ ਦੀ ਕੋਸ਼ਿਸ਼ ਕਰੋ ਅਤੇ ਰੈਪਿੰਗ ਵਿਚ ਕੀਤੇ ਗਏ ਬਦਲਾਵ ਨੂੰ ਵੇਖੋ । ਇਕ ਸਕਰੀਨ ਸ਼ੋਟ ਜਦੋ ਕਿ ***Square*** ਆਪਸ਼ਨ ਵਰਤੀ ਗਈ, ਹੇਠਾਂ ਵਿਖਾਇਆ ਗਿਆ ਹੈ:




**Figure 22**

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਇੱਕ ਤਸਵੀਰ ਦੇ ਆਲੇ ਦੁਆਲੇ ਟੈਕਸਟ ਰੈਪ (Wrap) ਕਰੋ । |
| 2 | ਅਭਿਆਸ 1 ਇੱਕ ਵਿੱਚ ਬਣਾਏ ਡਾਕੂਮੈਂਟ Gandhiji_{your Name} ਨੂੰ ਖੋਲੋ । ਗਾਂਧੀ ਜੀ ਲਈ ਢੁੱਕਵੀਂ ਤਸਵੀਰ ਲਈ ਖੋਜ ਕਰੋ ਅਤੇ ਟੈਕਸਟ ਰੈਪਿੰਗ ਦੀਆਂ ਸਾਰੀਆਂ ਆਪਸ਼ਨਾਂ ਨੂੰ ਵਰਤਣ ਦੀ ਕੋਸ਼ਿਸ਼ ਕਰੋ । ਜੋ ਤੁਹਾਨੂੰ ਸਭ ਤੋਂ ਵਧੀਆ ਲੱਗਦੀ ਹੈ ਉਸਨੂੰ ਚੁਣੋ ਅਤੇ ਆਪਣੇ ਬਦਲਾਵ ਕੀਤੇ ਗਏ ਆਰਟੀਕਲ ਦਾ ਪ੍ਰਿੰਟ ਲਓ । ਆਪਣੇ ਡਾਕੂਮੈਂਟ ਨੂੰ ਅਲੱਗ ਨਾਮ Gandhiji2_{your Name} ਡਾਕੂਮੈਂਟ ਨਾਲ ਸੇਵ ਕਰੋ । |

## ਮੁਲਾਂਕਣ ( ASSESSMENT )

### ਖਾਲੀ ਥਾਵਾਂ ਭਰੋ:

1. ਇੱਕ ਤਸਵੀਰ ਨੂੰ ਲੱਭਣ ਲਈ, ਟੈਕਸਟ ਦੇ _______ ਕਰਸਰ ਰੱਖੋ **Insert** ਟੈਬ ਉੱਤੇ ਕਲਿੱਕ ਕਰੋ ਅਤੇ Illustrations ਦੇ ਹੇਠਾਂ _______ ਉੱਤੇ ਕਲਿੱਕ ਕਰੋ ।

2. ਤਸਵੀਰ ਨੂੰ ਦਾਖਲ ਕਰਨ ਤੋਂ ਬਾਅਦ ਤੁਸੀ _______ ਆਪਸ਼ਨ ਵਰਤ ਕੇ ਟੈਕਸਟ ਨੂੰ ਰੈਪ (wrap) ਕਰ ਸਕਦੇ ਹੋ ।

### ਹੇਠਾਂ ਜੁਆਬ ਦਿਓ

1. ਵਰਡ ਪ੍ਰੋਸੈਸਿੰਗ ਸਾਫਟਵੇਅਰ ਵਿੱਚ ਉਪਲੱਬਧ ਕਿਸੇ ਤਿੰਨ ਵਰਡ ਰੈਪਿੰਗ (word wrapping) ਆਪਸ਼ਨਾਂ ਦੀ ਸੂਚੀ ਬਣਾਓ ।

## ਸੈਸ਼ਨ 10 : ਆਬਜੈਕਟ ਦਾਖਲ ਕਰਨਾ ( Inserting Objects)

## ਸਬੰਧਤ ਜਾਣਕਾਰੀ

ਗ੍ਰਾਫਿਕਸ ਇਮੇਜ ਦੇ ਨਾਲ ਇੱਕ ਖਾਸ ਮੈਸੇਜ ਵਿੱਚ ਨਿੱਜੀ ਅਹਿਸਾਸ ਜੋੜਨ ਲਈ ਜਾਂ ਖਾਸ ਵਿਸ਼ੇਸ਼ਤਾ ਨੂੰ ਦਰਸਾਉਣ ਲਈ, ਹੋ ਸਕਦਾ ਹੈ ਕਿ ਤੁਸੀ ਆਪਣੇ ਡਾਕੂਮੈਂਟ ਦੇ ਵਿੱਚ ਕਿਸੇ ਦੂਜੇ ਸਾਫਟਵੇਅਰ ਐਪਲੀਕੇਸ਼ਨ ਦੀ ਅਸਲ ਫਾਇਲ ਜਾਂ ਸਾਉਂਡ ਫਾਇਲਾਂ ਨੂੰ ਸ਼ਾਮਿਲ ਕਰਨਾ ਚਾਹੁੰਦੇ ਹੋਵੋ । ਉਦਾਹਰਣ ਲਈ ਤੁਸੀ ਵਰਡ ਪ੍ਰੋਸੈੱਸਰ ਵਿੱਚ ਪੀ.ਡੀ.ਐਫ. ( PDF) ਫਾਇਲ ਜਾਂ ਸਪਰੈੱਡ ਸ਼ੀਟ (spread sheet) ਦਾਖਲ ਕਰ ਸਕਦੇ ਹੋ ।

ਇਸ ਅਭਿਆਸ ਵਿੱਚ ਤੁਸੀ ਡਾਕੂਮੈਂਟ ਵਿੱਚ ਓਬਜੈਕਟਸ ਦਾਖਲ ਕਰਨ ਬਾਰੇ ਸਿੱਖੋਗੇ । ਓਬਜੈਕਟਸ ਦਾਖਲ ਕਰਨ ਲਈ :

- ਨਵਾਂ ਵਰਡ ਡਾਕੂਮੈਂਟ ਖੋਲੋ ।
- **Insert** ਟੈਬ ਨੂੰ ਚੁਣੋ ।
- Text ਸੈਕਸ਼ਨ ਦੇ ਹੇਠ Object ਉੱਤੇ ਕਲਿੱਕ ਕਰੋ । ਤਸਵੀਰ 23 ਵਿੱਚ ਦਿਖਾਏ ਅਨੁਸਾਰ ਇੱਕ ਡਾਇਆਲਾਗ ਬਾਕਸ ਨਜ਼ਰ ਆਏਗਾ ।




**Figure 23**

- ***Create from File*** ਟੈਬ ਨੂੰ ਚੁਣੋ ।
- **Browse** ਉੱਤੇ ਕਲਿੱਕ ਕਰੋ ਅਤੇ ਜਿਵੇਂ spread sheet ਜਾਂ PDF document ਜੋ ਤੁਹਾਡੇ ਕੰਪਿਊਟਰ ਉੱਤੇ ਉਪਲੱਬਧ ਹੈ ਨੂੰ ਚੁਣੋ ***Open*** ਉੱਤੇ ਕਲਿੱਕ ਕਰੋ ਅਤੇ ਫਿਰ OK ਉੱਤੇ ਕਲਿੱਕ ਕਰੋ ।
- ਨੋਟ ਕਰੋ ਕਿ ਜੋ ਡਾਕੂਮੈਂਟ ਉਪਲੱਬਧ ਹੈ ਉਹ ਤੁਹਾਡੇ ਵਰਡ ਡਾਕੂਮੈਂਟ ਵਿੱਚ ਸ਼ਾਮਲ ਹੋ ਗਿਆ ਹੈ ।

ਨੋਟ : ਜੇਕਰ ਤੁਸੀ ਇੰਬੈਡਡ ਡਾਕੂਮੈਂਟ ਨੂੰ ਐਡਿਟ ਕਰਨਾ ਚਾਹੁੰਦੇ ਹੋ ਤਾਂ ਇਸ ਉੱਤੇ ਡਬਲ ਕਲਿੱਕ ਕਰੋ । ਇਹ ਸਬੰਧ ਐਪਲੀਕੇਸ਼ਨ ਨੂੰ ਵਰਤ ਕੇ ਆਪਣੇ ਆਪ ਇਹਨੂੰ ਐਡਿਟਿੰਗ ਲਈ ਖੋਲ ਦੇਵੇਗਾ ।
ਹੁਣ ਉਪੱਰ ਦੱਸੇ ਢੰਗ ਨੂੰ ਵਰਤ ਕੇ ਵੱਖ ਵੱਖ ਕਿਸਮਾਂ ਦੇ ਡਾਕੂਮੈਂਟ ਦਾਖਲ ਕਰਨ ਦੀ ਕੋਸ਼ਿਸ਼ ਕਰੋ ।

1. ਇੰਬੈਡਡ ਓਬਜੈਕਟਸ ਨੂੰ ਪ੍ਰਿੰਟ ਨਹੀਂ ਕੀਤਾ ਜਾ ਸਕਦਾ ਹੈ ।

2. ਜਿਹੜਾ ਵਿਅਕਤੀ ਤੁਹਾਡੇ ਡਾਕੂਮੈਂਟ ਨੂੰ ਖੋਲ ਰਿਹਾ ਹੈ ਉਸ ਦੇ ਕੰਪਿਊਟਰ ਉੱਤੇ ਇੰਬੈਡਡ ਫਾਈਲ ਨੂੰ ਚਲਾਉਣ ਲਈ ਸਬੰਧਤ ਸਾਫਟਵੇਅਰ ਜਰੂਰ ਲੋਡ ਹੋਇਆ ਹੋਣਾ ਚਾਹੀਦਾ ਹੈ ।
3. ਜੇਕਰ ਤੁਸੀ ਓਬਜੈਕਟ ਸ਼ਾਮਲ (embed) ਕਰਦੇ ਹੋ, ਤਾਂ ਤੁਹਾਡੇ ਡਾਕੂਮੈਂਟ ਦਾ ਸਾਈਜ਼ ਕਾਫੀ ਵੱਧ ਜਾਂਦਾ ਹੈ ਅਤੇ ਇਹ ਡਾਕੂਮੈਂਟ ਨੂੰ ਇੱਕ ਅਟੈਚਮੈਂਟ ਦੀ ਤਰਾਂ ਈਮੇਲ ਕਰਨ ਵਿੱਚ ਮੁਸ਼ਕਿਲ ਦਾ ਕਾਰਣ ਬਣ ਸਕਦਾ ਹੈ ।
4. ਜੇਕਰ ਤੁਸੀ ਇੱਕ ਓਬਜੈਕਟ ਨੂੰ ਲਿੰਕ ਕਰਦੇ ਹੋ, ਜਿਹੜਾ ਵਿਅਕਤੀ ਜੋ ਉਸ ਡਾਕੂਮੈਂਟ ਨੂੰ ਖੋਲ ਰਿਹਾ ਹੈ ਤਾਂ ਉਸ ਕੋਲ ਓਬਜੈਕਟ ਦੀ ਅਸਲ ਫਾਈਲ ਦੀ ਸਥਿਤੀ ਨਾਲ ਕੁਨੈਕਸ਼ਨ ਜਰੂਰ ਹੋਣਾ ਚਾਹੀਦਾ ਹੈ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਟੈਕਸਟ ਵਿੱਚ ਓਬਜੈਕਟਸ ਦਾਖਲ ਕਰੋ । |

## ਮੁਲਾਂਕਣ ( ASSESSMENT )

**ਖਾਲੀ ਥਾਵਾਂ ਭਰੋ:**

**1.** ਇੰਬੈਡਡ ਓਬਜੈਕਟਸ ਨੂੰ ਪ੍ਰਿੰਟ __________ਕੀਤਾ ਜਾ ਸਕਦਾ ।

**2.** ਜਦੋਂ ਤੁਸੀ ਇੱਕ ਡਾਕੂਮੈਂਟ ਵਿੱਚ ਓਬਜੈਕਟ ਦਾਖਲ ਕਰਦੇ ਹੋ ਤਾਂ ਤੁਹਾਨੂੰ ਈਮੇਲ ਕਰਨ ਵਿੱਚ ਮੁਸ਼ਕਿਲ ਆ ਸਕਦੀ ਹੈ ਕਿਉਂਕਿ __________

## ਸੈਸ਼ਨ 11 : ਸ਼ੇਪ, ਚਿੰਨ੍ਹ ਅਤੇ ਖਾਸ ਕਰੈਕਟਰ ਦਾਖਲ ਕਰਨਾ ( Inserting Shapes, Symbols and Special Characters)

### ਸਬੰਧਤ ਜਾਣਕਾਰੀ

ਤੁਸੀ ਸ਼ੇਪ ਆਪਸ਼ਨ (shape option) ਦੀ ਵਰਤੋਂ ਕਰਕੇ ਓਬਜੈਕਟ ਜਿਹਨਾਂ ਦੇ ਵੱਖ-2 ਅਕਾਰ ਹਨ ਜਿਵੇਂ ਕਿ ਲਾਈਨ, ਬੇਸਿਕ ਜਿਉਮੈਟਰਿਕ ਸ਼ੇਪਸ, ਐਰੋ, ਇਕੁਏਸ਼ਨ ਸ਼ੇਪ, ਫਲੋਚਾਰਟ ਸ਼ੇਪ, ਸਟਾਰ, ਬੈਨਰ ਅਤੇ ਕਾਲ ਆਉਟਸ ਆਦਿ ਦਾਖਲ ਕਰ ਸਕਦੇ ਹੋ ।

ਇਸ ਅਭਿਆਸ ਵਿੱਚ ਤੁਸੀ ਵਰਡ ਡਾਕੂਮੈਂਟ ਵਿੱਚ ਸ਼ੇਪਸ ਨਾਲ ਕੰਮ ਕਰਨਾ ਸਿੱਖੋਗੇ ।

ਸ਼ੇਪਸ ਨਾਲ ਕੰਮ ਕਰਨ ਲਈ , ਵਰਡ ਪ੍ਰੋਸੈੱਸਰ ਵਿੱਚ ਇੱਕ ਨਵਾਂ ਡਾਕੂਮੈਂਟ ਖੋਲੋ :

1. *Ribbon* ਉੱਤੇ "***Insert***" ਟੈਬ ਉੱਤੇ ਕਲਿੱਕ ਕਰੋ ।

2. ***Illustrations*** ਗਰੁੱਪ ਵਿੱਚੋਂ ***Shapes*** ਆਪਸ਼ਨ ਉੱਤੇ ਕਲਿੱਕ ਕਰੋ । ਜਿਵੇਂ ਕਿ ਤਸਵੀਰ 24 ਵਿੱਚ । ਦਿਖਾਇਆ ਹੈ ।




**Figure 24**

3. ਇੱਕ ਵਾਰ ਜਦੋਂ ਤੁਸੀ ਸ਼ੇਪ ਆਪਸ਼ਨ ਉੱਤੇ ਕਲਿੱਕ ਕਰਦੇ ਹੋ ਤਾਂ ਇੱਕ ਡਰਾਪ ਡਾਉਨ ਲਿਸਟ ਪ੍ਰੀ-ਡਿਫਾਇੰਡ ਸ਼ੇਪਸ ਜਿਵੇਂ ਕਿ box, circle ਆਦਿ ਨਾਲ ਦਿਖਾਈ ਦਿੰਦੀ ਹੈ ।

4. ਤੁਸੀ ਉਪਲੱਬਧ ਸ਼ੇਪਸ ਦੀ ਲਿਸਟ ਵਿੱਚੋਂ ਸ਼ੇਪ ਚੁਣ ਸਕਦੇ ਹੋ । ਅਤੇ ਮਾਊਸ ਦੇ ਖੱਬੇ ਪ੍ਰੈੱਸ ਕੀਤੇ ਹੋਏ ਬਟਨ ਨੂੰ ਡਰੈਗ ਕਰਕੇ ਸ਼ੇਪ ਬਣਾਓ । ਉਦਾਹਰਣ ਲਈ ਜੇਕਰ ਤੁਸੀ ਇੱਕ ਵਰਗ ਨੂੰ ਦਾਖਲ ਕਰਨਾ ਚਾਹੁੰਦੇ ਹੋ ਤਾਂ ਲਿਸਟ ਵਿੱਚੋਂ ਡੱਬੇ ਦੇ ਅਕਾਰ ਦੀ ਆਈਟਮ ਨੂੰ ਚੁਣੋ । ਕਲਿੱਕ ਕਰੋ ਅਤੇ ਵਰਗ ਨੂੰ ਬਣਾਉਣ ਲਈ ਸ਼ੇਪ ਨੂੰ ਡਰੈਗ ਕਰੋ ।

ਹੁਣ ਲਿਸਟ ਵਿੱਚ ਉਪਲੱਬਧ ਦੂਜੀਆਂ ਸ਼ੇਪਸ ਨੂੰ ਦਾਖਲ ਕਰਨ ਦੀ ਕੋਸ਼ਿਸ਼ ਕਰੋ ਅਤੇ ਉਹਨਾਂ ਅੰਦਰ ਕੰਟੈਂਟ ਜੋੜ ਕੇ ਜਾਂ ਰੰਗ ਬਦਲ ਕੇ ਕੰਮ ਕਰੋ ।

ਕੁਝ ਹਾਲਤਾਂ ਵਿੱਚ ਤੁਹਾਨੂੰ ਡਾਕੂਮੈਂਟ ਵਿੱਚ ਖਾਸ ਅੱਖਰ ਜਾਂ ਚਿੰਨ ਦਾਖਲ ਕਰਨ ਦੀ ਜਰੂਰਤ ਹੋ ਸਕਦੀ ਹੈ ਜਿਵੇਂ ਕਿ ਅੱਲਗ-2 ਦੇਸ਼ਾਂ ਦੇ ਕਰੰਸੀ ਚਿੰਨ੍ਹ, ਕਾਪੀਰਾਈਟ ਜਾਂ ਟਰੇਡਮਾਰਕ ਚਿੰਨ੍ਹ ਆਦਿ । ਇਸ ਅਭਿਆਸ ਵਿੱਚ ਤੁਸੀ ਖਾਸ ਅੱਖਰ ਜਾਂ ਚਿੰਨ੍ਹ ਦਾਖਲ ਕਰਨਾ ਸਿੱਖੋਗੇ ।

ਚਿੰਨ ਜਾਂ ਖਾਸ ਅੱਖਰ ਨਾਲ ਕੰਮ ਕਰਨ ਲਈ , ਵਰਡ ਪ੍ਰੋਸੈਸਰ ਦੇ ਵਿੱਚ ਇੱਕ ਨਵਾਂ ਡਾਕੂਮੈਂਟ ਖੋਲੋ ।

1. *Ribbon* ਉੱਤੇ "***Insert***" ਟੈਬ ਉੱਤੇ ਕਲਿੱਕ ਕਰੋ ।

2. ***Symbols*** ਗਰੁੱਪ ਵਿੱਚੋਂ ***Symbol*** ਆਪਸ਼ਨ ਉੱਤੇ ਕਲਿੱਕ ਕਰੋ । ਜਿਵੇਂ ਕਿ ਤਸਵੀਰ 25 ਵਿੱਚ ਦਿਖਾਇਆ ਹੈ ।




Figure 25

3. ਤਸਵੀਰ 26 ਦੀ ਤਰਾਂ ਇੱਕ ਡਰਾਪਡਾਊਨ ਲਿਸਟ ਦਿਖਾਈ ਦਿੰਦੀ ਹੈ।




**Figure 26**

ਲਿਸਟ ਵਿੱਚੋਂ ਚਿੰਨ੍ਹ ਚੁਣੋ ਅਤੇ ਡਾਕੂਮੈਂਟ ਵਿੱਚ ਚਿੰਨ੍ਹ ਦਾਖਲ ਕਰਨ ਲਈ ਇਸ ਉੱਤੇ ਡਬਲ ਕਲਿੱਕ ਕਰੋ। ਜੇਕਰ ਤੁਸੀ ਡਾਕੂਮੈਂਟ ਵਿੱਚ ਦਾਖਲ ਕਰਨ ਲਈ ਹੋਰ ਚਿੰਨ੍ਹ ਅਤੇ ਖਾਸ ਕਰੈਕਟਰ ਦੇਖਣੇ ਚਾਹੁੰਦੇ ਹੋ ਤਾਂ **Symbols** ਡਰਾਪ ਡਾਉਨ ਲਿਸਟ ਵਿੱਚੋਂ **More Symbols…** ਆਪਸ਼ਨ ਉੱਤੇ ਕਲਿੱਕ ਕਰੋ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਡਾਕੂਮੈਂਟ ਵਿੱਚ ਵੱਖ-2 ਸ਼ੇਪਸ , ਚਿੰਨ ਅਤੇ ਖਾਸ ਕਰੈਕਟਰ ਨੂੰ ਵਰਤੋ। |
| 2. | ਨੈਨੀਤਾਲ ਜਾਂ ਤੁਹਾਡੇ ਟਾਊਨ ਦੇ ਨੇੜੇ ਕੋਈ ਵੀ ਘੁੰਮਣ ਦੀ ਜਗ੍ਹਾਂ ਲਈ ਦੋ ਪੇਜਾਂ ਦਾ ਬਰੋਸ਼ਰ (brochure) ਬਣਾਓ। ਬਰੋਸ਼ਰ ਵਿੱਚ ਤਸਵੀਰਾਂ ਜਰੂਰ ਸ਼ਾਮਲ ਕਰੋ। ਤਸਵੀਰਾਂ ਦੇ ਆਲੇ-ਦੁਆਲੇ ਟੈਕਸਟ ਨੂੰ ਰੈਪ ਕਰੋ। ਇਸ ਵਿੱਚ ਇੱਕ ਵੇਖਣ ਵਾਲੀ ਥਾਂ, ਰਹਿਣ ਲਈ ਹੋਟਲ ਅਤੇ ਜਗਾਂ ਉੱਤੇ ਪਹੁੰਚਣ ਦੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ। |
| 3. | ਇੱਕ ਨਵਾਂ ਡਾਕੂਮੈਂਟ ਖੋਲੋ। ਬੇਸਿਕ ਫਲੋਚਾਰਟ ਡਾਇਆਗ੍ਰਾਮ ਜਿਵੇਂ ਕਿ ਹੇਠਾਂ ਦਿਖਾਈ ਗਈ ਹੈ ਬਣਾਓ। |

| | |
|---|---|
| |  |

## ਮੁਲਾਂਕਣ (ASSESSMENT)

### ਖਾਲੀ ਥਾਵਾਂ ਭਰੋ:

1. ਤੁਸੀ _______ਆਪਸ਼ਨ ਦੀ ਵਰਤੋਂ ਕਰਕੇ ਲਾਈਨ, ਬੇਸਿਕ ਜਿਉਮੈਟਿਰਕ ਸ਼ੇਪਸ, ਐਰੋ, ਇਕੁਏਸ਼ਨ ਸ਼ੇਪਸ, ਫਲੋਚਾਰਟ, ਸਟਾਰ, ਬੈਨਰ ਅਤੇ ਕਾਲ ਆਉਟਸ ਦਾਖਲ ਕਰ ਸਕਦੇ ਹੋ ।
2. ਸਿੰਬਲ (Symbol) ਆਪਸ਼ਨ Insert ਟੈਬ ਦੇ ਵਿੱਚ _______ਗਰੁੱਪ ਦੇ ਹੇਠ ਉਪਲੱਬਧ ਹੁੰਦੀ ਹੈ ।

# ਸੂਚਨਾ ਤਕਨਾਲੋਜ਼ੀ

(Information Technology)

ਐੱਨ.ਵੀ.ਈ.ਕਿਉ. ਐੱਫ ਲੈਵਲ 2 -ਸ਼੍ਰੇਣੀ 10 ਵੀਂ

IT204-NQ2012 **ਸਪਰੈੱਡਸ਼ੀਟ (ਇੰਟਰਮੀਡੀਏਟ)**

**ਵਿਦਿਆਰਥੀ ਕਾਰਜ ਪੁਸਤਕ**














© ਪੀ.ਐੱਸ.ਐੱਸ. ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ, 2012

ਇਹ ਪ੍ਰਕਾਸ਼ਨ ਕਾਪੀਰਾਈਟ ਅਧੀਨ ਸੁਰੱਖਿਅਤ ਹੈ। ਲਿਖਤੀ ਆਗਿਆ ਤੋਂ ਬਿਨਾਂ ਇਸ ਪ੍ਰਕਾਸ਼ਨਾ ਦਾ ਪੁਨਰ-ਨਿਰਮਾਣ, ਅਨੁਕੂਲਣ ਅਤੇ ਕਿਸੇ ਵੀ ਕਿਸਮ ਦਾ ਸੰਚਾਰ ਵਰਜਿਤ ਹੈ।

# ਵਿਦਿਆਰਥੀ ਦੀ ਜਾਣਕਾਰੀ

ਵਿਦਿਆਰਥੀ ਦਾ ਨਾਮ : ___________________

ਵਿਦਿਆਰਥੀ ਦਾ ਰੋਲ ਨੰ. : ___________________

ਬੈਚ ਸ਼ੁਰੂ ਹੋਣ ਦੀ ਮਿਤੀ : ___________________

# ਧੰਨਵਾਦ


**ਹੇਠ ਲਿਖੇ ਸਹਿਯੋਗੀਆਂ ਨੇ ਸਮੱਗਰੀ ਉਪਲੱਬਧ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ:**

1. ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (CBSE) ਨੇ ਪੰਡਿਤ ਸੁੰਦਰਲਾਲ ਸ਼ਰਮਾ ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ (PSSCIVE) ਦੇ ਨਾਲ ਕੰਪਿਊਟਰ ਅਤੇ ਆਈ.ਟੀ. ਬੇਸਿਕ (IT Basic) ਦਾ ਟੈਕਸਟ ਅਤੇ ਅਭਿਆਸ ਮੁਹੱਈਆ ਕਰਵਾਉਣ ਲਈ । ਇਸ ਟੀਮ ਦੇ ਵਿੱਚ ਡਾ. ਓਮ ਵਿਕਾਸ (ਕਨਵੀਨਰ) ਦੇ ਨਾਲ ਡਾ. ਵਿਨੇ ਸਵਾਰੂਪ ਮਲਹੋਤਰਾ (ਸਹਾਇਕ ਕਨਵੀਨਰ), ਕੁਮਾਰੀ ਗੁਰਪ੍ਰੀਤ ਕੌਰ, ਸ਼੍ਰੀ ਮਾਨ ਮੁਕੇਸ਼ ਕੁਮਾਰ ਅਤੇ ਸ਼੍ਰੀ ਮਾਨ ਰਿਤੂਰਾਜ ਤਮਰਾਕਰ ਸ਼ਾਮਿਲ ਸਨ ।

2) ਅਸੈਂਚਰ ਇੰਡੀਆ ਦਾ ਕਾਰਪੋਰੇਟ ਸਿਟੀਜ਼ਨਸ਼ਿਪ ਪ੍ਰੋਗਰਾਮ (skill for life), ਅਸੈਂਚਰ ਨੇ ਜੋ ਕੰਟੈਂਟ ਕਮਿਸ਼ਨਡ ਅਤੇ ਤਿਆਰ ਕੀਤਾ ਹੈ ਉਹ ਮੁਹੱਈਆ ਕਰਵਾਇਆ ਅਤੇ ਇਸ ਮਟੀਰੀਅਲ ਦੇ ਲਈ ਉਹਨਾਂ ਦੇ ਲਾਗੂ ਕਰਨ ਵਾਲੇ ਸਹਿਯੋਗੀ (Dr. Reddy's Foundation and Quest Alliance) ਨੂੰ ਵੀ ਵਰਤਣ ਦਿੱਤਾ ।

3) CBSE/PSSCIVE ਦੇ ਕੰਟੈਂਟ ਨੂੰ ਜੋੜਨ ਲਈ ਮਾਈਕਰੋਸਾਫਟ ਦੇ ਫਰੀ ਡਿਜੀਟਲ ਲਿਟਰੇਸੀ ਪ੍ਰੋਗਰਾਮ ਈ- ਲਰਨਿੰਗ (e-learning) ਪੈਕੇਜ ਦੀ ਵਰਤੋ ਕੀਤੀ ਗਈ ਹੈ।

4) ਇਸ ਪਾਠਕ੍ਰਮ ਅਤੇ ਸਮੱਗਰੀ ਨੂੰ ਡਿਜਾਇਨ ਕਰਨ ਅਤੇ ਬਣਾਉਣ ਲਈ ਵਧਵਨੀ ਫਾਊਂਡੇਸਨ ਦੀ ਟੀਮ ਜੁੜੀ ਹੋਈ ਸੀ ਜਿਸ ਵਿੱਚ ਕੁਮਾਰੀ ਦਰਸ਼ਿਕਾ ਸੰਘਾਈ, ਕੁਮਾਰੀ ਸੋਨੀਆ ਕੱਕਰ, ਸ਼੍ਰੀ ਮਾਨ ਅਜੇ ਗੋਇਲ ਅਤੇ ਸ਼੍ਰੀ ਮਾਨ ਅਸਟਿਨ ਥਾਮਸ ਸ਼ਾਮਿਲ ਸਨ।

5) ਇਸ ਦੇ ਨਾਲ ਹੀ ਕਈ ਜਨਤਕ ਡੋਮੇਨ ਸਰੋਤ ਸਾਰੇ ਮੋਡੀਊਲ ਵਿੱਚ ਸਮੱਗਰੀ ਅਤੇ ਉਦਾਹਰਣ ਬਣਾਉਣ ਲਈ ਵਰਤੇ ਗਏ ਹਨ।ਇਹਨਾਂ ਸਾਰੇ ਸਰੋਤਾਂ ਦਾ ਯੋਗਦਾਨ ਧੰਨਵਾਦ ਸਹਿਤ ਸਵੀਕਾਰ ਕੀਤਾ ਤੇ ਮੰਨਿਆ ਗਿਆ ਹੈ।

# ਭੂਮਿਕਾ

ਨੈਸ਼ਨਲ ਕਰੀਕੁਲਮ ਫਰੇਮਵਰਕ 2005 ਇਹ ਸਿਫਾਰਿਸ਼ ਕਰਦਾ ਹੈ ਕਿ ਬੱਚਿਆਂ ਦਾ ਜੀਵਨ ਜੋ ਕਿ ਸਕੂਲ ਵਿੱਚ ਹੈ ਉਸ ਨੂੰ ਸਕੂਲ ਤੋਂ ਬਾਹਰ ਦੇ ਜੀਵਨ ਨਾਲ ਜਰੂਰ ਜੋੜਨਾ ਚਾਹੀਦਾ ਹੈ। ਇਹ ਸਿਧਾਂਤ ਕਿਤਾਬਾਂ ਤੋਂ ਸਿੱਖਣ ਦੀ ਵਿਰਾਸਤ ਨੂੰ ਛੱਡਦਾ ਹੈ ਜੋ ਕਿ ਸਾਡੇ ਸਿਸਟਮ ਨੂੰ ਅਕਾਰ ਦੇ ਰਿਹਾ ਹੈ ਅਤੇ ਸਕੂਲ, ਘਰ, ਭਾਈਚਾਰੇ ਅਤੇ ਕੰਮ ਦੇ ਸਥਾਨ ਦੇ ਵਿਚਕਾਰ ਇੱਕ ਪਾੜੇ ਦਾ ਕਾਰਨ ਬਣਦੀ ਹੈ।

**IT204-NQ2012 ਸਪਰੈੱਡਸ਼ੀਟ** (**ਇੰਟਰਮੀਡੀਏਟ**) ਉੱਤੇ ਅਧਾਰਿਤ ਵਿਦਿਆਰਥੀ ਵਰਕਬੁੱਕ ਯੋਗਤਾ ਪੈਕੇਜ ਦਾ ਇੱਕ ਹਿੱਸਾ ਹੈ ਜੋ ਕਿ ਨੈਸ਼ਨਲ ਐਜੂਕੇਸ਼ਨ ਕੁਆਲੀਫਿਕੇਸ਼ਨ ਫਰੇਮਵਰਕ (**NVEQF**) ਨੂੰ ਲਾਗੂ ਕਰਨ ਲਈ ਬਣਾਇਆ ਗਿਆ ਹੈ। ਇਹ ਮਨਿਸਟਰੀ ਆਫ ਹਿਊਮੈਨ ਰਿਸੋਰਸ ਡਿਵੈਲਪਮੈਂਟ (MHRD) ਦੀ ਇੱਕ ਪਹਿਲ ਹੈ, ਕੌਮੀ ਮਾਨਤਾ ਪ੍ਰਾਪਤ ਵਿੱਦਿਆਕ ਪ੍ਰਣਾਲੀ ਜਿਸ ਵਿੱਚ ਸਕੂਲ, ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ ਇੰਸਟੀਚਿਊਸ਼ਨ, ਟੈਕਨੀਕਲ ਐਜੂਕੇਸ਼ਨ ਇੰਸਟੀਚਿਊਸ਼ਨ ਕਾਲਜ਼ ਅਤੇ ਯੂਨੀਵਰਸੀਟੀਆਂ ਸ਼ਾਮਲ ਹਨ, ਲਈ ਭਾਰਤ ਸਰਕਾਰ ਦੁਆਰਾ ਆਮ ਸਿਧਾਂਤ ਅਤੇ ਦਿਸ਼ਾ ਨਿਰਦੇਸ਼ ਸੈਟ ਕਰਨਾ, ਇਹ ਅਨੁਮਾਨ ਹੈ ਕਿ **NVEQF** ਯੋਗਤਾ, ਅੰਤਰ ਖੇਤਰੀ ਸਿੱਖਿਆ, ਵਿਦਿਆਰਥੀ ਕੇਂਦਰਿਤ ਸਿੱਖਿਆ ਵਿੱਚ ਪਾਰਦਰਸ਼ਤਾ ਨੂੰ ਵਧਾਏਗਾ ਅਤੇ ਵੱਖ-ਵੱਖ ਯੋਗਤਾਵਾਂ ਦੇ ਵਿਚਕਾਰ ਸਿਖਿਆਰਥੀ ਦੀ ਗਤੀਸ਼ੀਲਤਾ ਨੂੰ ਸੁਵਿਧਾਜਨਕ ਕਰਦਾ ਹੈ, ਇਸ ਤਰਾਂ ਇਹ ਲੰਮੇ ਸਮੇਂ ਤੱਕ ਸਿੱਖਣ ਨੂੰ ਉਤਸ਼ਾਹਿਤ ਕਰਦਾ ਹੈ।

ਇਹ ਵਿਦਿਆਰਥੀ ਵਰਕਬੁੱਕ ਜੋ ਕਿ ਵਿਦਿਆਰਥੀਆਂ ਲਈ ਵੋਕੇਸ਼ਨਲ ਯੋਗਤਾ ਪੈਕੇਜ ਦੇ ਇੱਕ ਭਾਗ ਨੂੰ ਬਣਾਉਂਦੀ ਹੈ, ਮਾਹਿਰਾਂ ਦੇ ਗਰੁੱਪ ਵੱਲੋਂ ਉਹਨਾਂ ਵਿਦਿਆਰਥੀਆਂ ਲਈ ਬਣਾਈ ਗਈ ਸੀ , ਜਿਹਨਾਂ ਨੇ ਨੌਂਵੀਂ ਜਾਂ ਇਸਦੇ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੈ। ਆਈ.ਟੀ./ਆਈ.ਟੀ.ਈ.ਐਸ. ਸਕਿੱਲ ਡਿਵੈਲਪਮੈਂਟ ਕੌਂਸਿਲ (**IT-ITeS Skill Development Council**) ਜੋ ਕਿ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਤੋਂ ਮਾਨਤਾ ਪ੍ਰਾਪਤ ਹੈ, ਨੇ **IT-ITeS** ਇੰਡਸਟਰੀ ਦੇ ਲਈ ਨੈਸ਼ਨਲ ਆਕੂਪੇਸ਼ਨਲ ਸਟੈਂਡਰਡਜ਼ (National Occupation Standards (NOS)) ਨੂੰ ਵਿਕਸਿਤ ਕੀਤਾ ਹੈ। ਨੈਸ਼ਨਲ ਆਕੂਪੇਸ਼ਨਲ ਸਟੈਂਡਰਡਜ਼ (NOS) ਇੱਕ ਕੰਪੀਟੈਂਸੀ ਸਟੈਂਡਅਰਡਜ਼ ਦਾ ਸੈੱਟ ਹੈ ਅਤੇ ਕੰਮ ਕਰਨ ਵਾਲੀ ਥਾਂ ਉੱਤੇ ਠੀਕ ਤਰਾਂ ਕੰਮ ਕਰਨ ਲਈ ਜਰੂਰੀ ਸਕਿੱਲ ਅਤੇ ਗਿਆਨ ਦਾ ਮੁਲਾਂਕਣ ਕਰਨ ਲਈ ਇਸ ਨੂੰ ਦਿਸ਼ਾ ਨਿਰਦੇਸ਼ ਆਈ.ਟੀ. ਇੰਡਸਟਰੀ ਦੇ ਪ੍ਰਤੀਨਿਧ ਦੁਆਰਾ ਦਿੱਤੇ ਜਾਂਦੇ ਹਨ।

ਪੰਡਿਤ ਸੁੰਦਰ ਲਾਲ ਸ਼ਰਮਾ ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ (PSSCIVE), ਨੈਸ਼ਨਲ ਕਾਉਂਸਿਲ ਆਫ ਐਜੂਕੇਸ਼ਨਲ ਰੀਸਰਚ ਐਂਡ ਟਰੇਨਿੰਗ( NCERT) ਦਾ ਇੱਕ ਸੰਘਟਕ ਹੈ ਨੇ ਵਧਵਨੀ ਫਾਉਂਡੇਸ਼ਨ ਦੇ ਸਬੰਧ ਨਾਲ ਮਾਡੂਲਰ ਪਾਠਕ੍ਰਮ ਅਤੇ ਲਰਨਿੰਗ ਮਟੀਰੀਅਲ IT/ITes ਸੈਕਟਰ ਦੇ ਵਿੱਚ ਵੋਕੇਸ਼ਨਲ ਕੁਆਲੀਫਿਕੇਸ਼ਨ ਪੈਕੇਜ ਲਈ NVEQ ਦੇ ਲਈ ਲੈਵਲ 1 ਤੋਂ 4 (ਯੂਨਿਟਸ) ਵਿਕਸਿਤ ਕੀਤਾ ਹੈ। ਲੈਵਲ 1 ਕਲਾਸ 9ਵੀਂ ਦੇ ਬਰਾਬਰ ਹੈ। ਐਨ.ਓ.ਐਸ (NOS) ਉੱਤੇ ਅਧਾਰਿਤ ਕਿੱਤਾ ਮੂਲ ਕੁਸ਼ਲਤਾਵਾਂ ( ਗਿਆਨ, ਮੁਹਾਰਤ ਅਤੇ ਕਾਬਲੀਅਤ ) ਲਰਨਿੰਗ ਮਡਿਊਲ (ਯੂਨਿਟਸ) ਅਤੇ ਕਰੀਕੁਲਾ ਦੇ ਵਿਕਾਸ ਲਈ ਪਹਿਚਾਣੇ ਗਏ ਸਨ।

ਇਹ ਵਿਦਿਆਰਥੀ ਵਰਕਬੁੱਕ ਰੱਟੇ ਦੇ ਨਾਲ ਸਿੱਖਣ ਨੂੰ ਨਿਰਉਸ਼ਾਹਿਤ ਕਰਦੀ ਹੈ ਅਤੇ ਕੋਰਸ ਨੂੰ ਆਫਰ ਕਰਨ ਵਿੱਚ ਜਰੂਰੀ ਲਚਕਤਾ ਲਿਆਉਣ ਲਈ,ਵੱਖ-ਵੱਖ ਵਿਸ਼ੇ ਦੇ ਖੇਤਰਾਂ ਦੇ ਵਿਚਕਾਰ ਤਿੱਖੀ ਸੀਮਾ ਨੂੰ ਤੋੜਨ ਲਈ ਜਰੂਰੀ ਹੈ।ਕਿਤਾਬ ਇਹ ਵਧਾਉਣ ਦੀ ਕੋਸ਼ਿਸ਼ ਕਰਦੀ ਹੈ, ਉੱਚ ਤਰਜੀਹ ਦੇਕੇ ਅਤੇ ਸੋਚਣ ਬਾਰੇ ਮੌਕਾ ਦੇਕੇ ਅਤੇ ਹੈਰਾਨੀ ਨਾਲ, ਛੋਟੇ-ਛੋਟੇ ਗਰੁੱਪਾਂ ਦੇ ਵਿੱਚ ਚਰਚਾ ਅਤੇ ਕਿਰਿਆਵਾਂ ਦੇ ਲਈ ਹੱਥ ਦੇ ਤਜਰਬੇ ਦੀ ਲੋੜ ਹੈ।ਅਸੀਂ ਉਮੀਦ ਕਰਦੇ ਹਾਂ ਕਿ ਇਹ ਉਪਾਅ ਜਿਸ ਦਾ ਸਿੱਖਿਆ ਦੀ ਨੈਸ਼ਨਲ ਨੀਤੀ (1986) ਦੇ ਵਿੱਚ ਜਿਕਰ ਹੈ ਸਾਨੂੰ ਵਿਦਿਆਰਥੀ ਕੇਂਦਰਿਤ ਸਿੱਖਿਆ ਪ੍ਰਣਾਲੀ ਦੀ ਦਿਸ਼ਾ ਦੇ ਵਿੱਚ ਹੋਰ ਕਾਫੀ ਅੱਗੇ ਲੈ ਜਾਣਗੇ।

ਇਸ ਯਤਨ ਦੀ ਸਫਲਤਾ ਸਕੂਲ ਪ੍ਰਿੰਸੀਪਲ ਅਤੇ ਅਧਿਆਪਕ ਦੇ ਕਦਮਾਂ ਉੱਤੇ ਨਿਰਭਰ ਕਰਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਨੂੰ ਪ੍ਰਗਟ ਕਰਨ ਅਤੇ ਕਲਪਨਾਵਾਂ ਦਾ ਪਿੱਛਾ ਕਰਨ ਲਈ ਅਤੇ ਆਨ-ਦਾ-ਜੌਬ ਕਿਰਿਆਵਾਂ ਅਤੇ ਪ੍ਰਸ਼ਨਾਂ ਦੇ ਲਈ ਉਤਸ਼ਾਹਿਤ ਕਰਨ । ਹੁਨਰ ਵਿਕਾਸ ਅਭਿਆਸ ਵਿੱਚ ਸਿਖਿਆਰਥੀ ਦੀ ਸ਼ਮੂਲੀਅਤ ਅਤੇ ਮੁੱਲਾਂ ਨੂੰ ਸ਼ਾਮਿਲ ਕਰਨਾ ਅਤੇ ਰਚਨਾਤਮਕਤਾ ਸੰਭਵ ਹੈ ਜੇਕਰ ਅਸੀਂ ਬੱਚੇ ਨੂੰ ਹਿੱਸਾ ਲੈਣ ਵਾਲੇ ਵਾਂਗੂ ਸਿੱਖਣ ਦੇ ਵਿੱਚ ਸ਼ਾਮਲ ਕਰਦੇ ਹਾਂ ਨਾ ਕਿ ਜਾਣਕਾਰੀ ਪ੍ਰਾਪਤ ਕਰਨ ਵਾਲੇ ਵਾਂਗੂ । ਇਹ ਉਦੇਸ਼ ਸਕੂਲ ਦੀ ਰੁਟੀਨ ਦੇ ਵਿੱਚ ਅਤੇ ਕੰਮ ਕਾਜ ਦੇ ਢੰਗ ਦੇ ਵਿੱਚ ਕਾਫੀ ਤਬਦੀਲੀ ਕਰਦੇ ਹਨ । ਕੰਮ ਨੂੰ ਲਾਗੂ ਕਰਨ ਵਿੱਚ ਕਠੋਰਤਾ ਨੂੰ ਬਰਕਰਾਰ ਰੱਖਣ ਲਈ ਰੋਜਾਨਾ ਦੇ ਟਾਈਮ ਟੇਬਲ ਵਿੱਚ ਲਚਕੀਲਾਪਣ ਜਰੂਰੀ ਹੋਵੇਗਾ ਅਤੇ ਪੜ੍ਹਾਉਣ ਅਤੇ ਸਿਖਾਉਣ ਲਈ ਪੜਾਈ ਦੇ ਜਰੂਰੀ ਦਿਨਾਂ ਦੇ ਵਿੱਚ ਵਾਧਾ ਕਰਨਾ ਪਵੇਗਾ।

# ਤੁਹਾਡੀ ਕਾਰਜ ਪੁਸਤਕ ਬਾਰੇ

ਇਹ ਕਿਤਾਬ **IT204-NQ2012 ਸਪਰੈੱਡਸ਼ੀਟ (ਇੰਟਰਮੀਡੀਏਟ)** ਦੇ ਯੂਨਿਟ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਦੇ ਲਈ ਹੈ । ਤੁਹਾਨੂੰ ਕਿਤਾਬ ਕਲਾਸ ਰੂਮ, ਕੰਮ ਕਰਨ ਦੇ ਸਥਾਨ ਉੱਤੇ ਜਾਂ ਤੁਹਾਡੇ ਆਪਣੇ ਸਮੇਂ ਵਿੱਚ ਤੁਹਾਡੇ ਅਧਿਆਪਕ ਜਾਂ ਟਰੇਨਰ ਦੀ ਦੇਖ ਰੇਖ ਹੇਠ ਵਰਕਬੁੱਕ ਦੁਆਰਾ ਕੰਮ ਕਰਨਾ ਚਾਹੀਦਾ ਹੈ ।

ਇਸ ਕਿਤਾਬ ਦੇ ਵਿੱਚ ਸੈਸ਼ਨ ਹਨ ਜੋ ਕਿ ਤੁਹਾਨੂੰ ਯੋਗਤਾ ਦੇ ਯੂਨਿਟ ਦੇ ਵੱਖ-ਵੱਖ ਪਹਿਲੂ ਉੱਤੇ ਢੁੱਕਵਾਂ ਗਿਆਨ ਅਤੇ ਸਕਿੱਲ (soft and hard) ਪ੍ਰਾਪਤ ਕਰਨ ਵਿੱਚ ਮਦਦ ਕਰਨਗੇ । ਹਰੇਕ ਸੈਸ਼ਨ ਕਾਫੀ ਛੋਟਾ ਹੈ ਅਤੇ ਬੜੀ ਅਸਾਨੀ ਨਾਲ ਤੁਹਾਡੇ ਦੁਆਰਾ ਅਗਲੇ ਸੈਸ਼ਨ ਉੱਤੇ ਜਾਣ ਤੋਂ ਪਹਿਲਾਂ ਅਸਾਨੀ ਨਾਲ ਨਿਪਟਾਇਆ ਅਤੇ ਹਜ਼ਮ ਕੀਤਾ ਜਾ ਸਕਦਾ ਹੈ । ਤੁਹਾਡੇ ਲਈ ਟੈਕਸਟ ਨੂੰ ਲਾਈਵ ਅਤੇ ਇੰਟਰੈਕਟਿਵ ਬਣਾਉਣ ਵਾਸਤੇ ਅਤੇ ਵਿਜ਼ੂਅਲ ਅਪੀਲ ਨੂੰ ਲਿਆਉਣ ਲਈ ਐਨੀਮੇਟਡ ਤਸਵੀਰਾਂ ਅਤੇ ਫੋਟੋਆਂ ਨੂੰ ਸ਼ਾਮਲ ਕੀਤਾ ਗਿਆ ਹੈ । ਤੁਸੀ ਆਪਣੀ ਕਲਪਨਾ ਨੂੰ ਵਰਤਦੇ ਹੋਏ ਜਾਂ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਆਪਣੀ ਉਦਾਹਰਣ ਆਪ ਬਣਾਉਣ ਦੀ ਕੋਸ਼ਿਸ਼ ਵੀ ਕਰ ਸਕਦੇ ਹੋ । ਆਓ ਹੁਣ ਵੇਖੀਏ ਕਿ ਇਸ ਸੈਸ਼ਨ ਵਿੱਚ ਕਿਹੜੇ ਸੈਕਸ਼ਨ ਤੁਹਾਡੇ ਲਈ ਹਨ :

### ਸੈਕਸ਼ਨ 1: ਜਾਣ-ਪਹਿਚਾਣ

ਇਹ ਸੈਕਸ਼ਨ, ਯੂਨਿਟ ਦੇ ਵਿਸ਼ੇ ਨਾਲ ਤੁਹਾਡੀ ਜਾਣ-ਪਹਿਚਾਣ ਕਰਵਾਉਂਦਾ ਹੈ।ਇਹ ਤੁਹਾਨੂੰ ਇਹ ਵੀ ਦੱਸਦਾ ਹੈ ਕਿ ਯੂਨਿਟ ਦੇ ਵਿੱਚ ਸ਼ਾਮਲ ਹੋਰ ਸੈਸ਼ਨਾਂ ਦੇ ਵਿੱਚ ਤੁਸੀ ਕੀ ਸਿੱਖੋਗੇ ।

### ਸੈਕਸ਼ਨ 2: ਸੰਬੰਧਿਤ ਜਾਣਕਾਰੀ

ਇਹ ਸੈਕਸ਼ਨ ਤੁਹਾਨੂੰ ਸੈਸ਼ਨ ਦੇ ਵਿੱਚ ਸ਼ਾਮਲ ਵਿਸ਼ਿਆਂ ਦੇ ਉੱਤੇ ਢੁੱਕਵੀਂ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

ਇਸ ਸੈਕਸ਼ਨ ਦੇ ਵਿੱਚ ਜੋ ਗਿਆਨ ਵਿਕਸਿਤ ਹੋਇਆ ਹੈ ਉਹ ਤੁਹਾਨੂੰ ਕੁਝ ਨਿਸ਼ਚਿਤ ਕਿਰਿਆਵਾਂ ਕਰਨ ਦੇ ਲਈ ਯੋਗ ਬਣਾਏਗਾ । ਅਭਿਆਸ ਨੂੰ ਪੂਰਾ ਕਰਨ ਤੋਂ ਪਹਿਲਾਂ ਵਿਸ਼ੇ ਦੇ ਵੱਖ ਵੱਖ ਪੱਖਾਂ ਉੱਤੇ ਸਮਝ ਵਿਕਸਿਤ ਕਰਨ ਲਈ ਤੁਹਾਨੂੰ ਜਾਣਕਾਰੀ ਨੂੰ ਚੰਗੀ ਤਰਾਂ ਪੜਨਾ ਚਾਹੀਦਾ ਹੈ ।

### ਸੈਕਸ਼ਨ 3: ਅਭਿਆਸ

ਹਰੇਕ ਸੈਸ਼ਨ ਦੇ ਵਿੱਚ ਅਭਿਆਸ ਹੈ ਜੋ ਕਿ ਤੁਹਾਨੂੰ ਸਮੇਂ ਉੱਤੇ ਪੂਰੀ ਕਰਨੀ ਚਾਹੀਦੀ ਹੈ । ਤੁਸੀ ਕਲਾਸ ਰੂਮ , ਘਰ ਜਾਂ ਕੰਮ ਦੇ ਸਥਾਨ ਉੱਤੇ ਕਿਰਿਆਵਾਂ ਨੂੰ ਕਰੋਗੇ । ਇਸ ਸੈਕਸ਼ਨ ਦੇ ਵਿੱਚ ਸ਼ਾਮਲ ਕਿਰਿਆਵਾਂ ਜੋ ਕਿ ਕੰਮ ਦੇ ਸਥਾਨ ਉੱਤੇ ਕੰਮ ਕਰਨ ਵਿੱਚ ਤੁਹਾਨੂੰ ਕੰਪੀਟੈਂਟ ਬਣਨ ਦੇ ਲਈ ਜਰੂਰੀ ਹਨ ਤੁਹਾਡੇ ਗਿਆਨ, ਸਕਿੱਲ ਅਤੇ ਸੁਭਾਅ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਨਗੀਆਂ ।

ਕਿਰਿਆਵਾਂ ਤੁਹਾਡੇ ਅਧਿਆਪਕ ਜਾਂ ਟਰੇਨਰ ਦੀ ਦੇਖਰੇਖ ਹੇਠ ਹੋਣੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਕੰਮ ਪੂਰਾ ਕਰਨ ਦੇ ਵਿੱਚ ਜਾਣਕਾਰੀ ਦੇਵੇਗਾ ਅਤੇ ਤੁਹਾਡੀ ਪਰਫਾਰਮੈਂਸ ਨੂੰ ਸੁਧਾਰਨ ਲਈ ਫੀਡਬੈਕ ਵੀ ਮੁਹੱਈਆ ਕਰਵਾਏਗਾ । ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਨਾਲ ਗੱਲ ਕਰਕੇ ਇੱਕ ਟਾਈਮ ਟੇਬਲ ਤਿਆਰ ਕਰੋ ਅਤੇ ਸਖ਼ਤੀ ਨਾਲ ਨਿਰਧਾਰਤ ਨਿਯਮ ਜਾਂ ਮਿਆਰ ਦੀ ਪਾਲਣਾ ਕਰੋ । ਜੋ ਤੁਹਾਨੂੰ ਸਮਝ ਨਹੀਂ ਆਉਂਦਾ ਉਸਦੀ ਵਿਆਖਿਆ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਨੂੰ ਪੁੱਛਣ ਲਈ ਝਿਜਕਣਾ ਨਹੀਂ [

### ਸੈਕਸ਼ਨ 4: ਅਸੈਸਮੈਂਟ

ਇਸ ਸੈਕਸ਼ਨ ਵਿੱਚ ਸ਼ਾਮਲ ਰੀਵਿਊ (review) ਪ੍ਰਸ਼ਨ ਤੁਹਾਡੀ ਪ੍ਰੋਗਰੈੱਸ ਨੂੰ ਚੈੱਕ ਕਰਨ ਲਈ ਤੁਹਾਡੀ ਮਦਦ ਕਰਨਗੇ। ਅਗਲੇ ਸੈਸ਼ਨ ਉੱਤੇ ਜਾਣ ਤੋਂ ਪਹਿਲਾਂ ਤੁਸੀ ਸਾਰੇ ਪ੍ਰਸ਼ਨਾਂ ਦੇ ਜੁਆਬ ਦੇਣ ਦੇ ਜਰੂਰ ਯੋਗ ਹੋਣੇ ਚਾਹੀਦੇ ਹੋ।

## ਸੈਸ਼ਨ 1: ਸੈਲਾਂ ਵਿੱਚ ਆਟੋਸਮ ਦੀ ਵਰਤੋਂ (USE AUTOSUM IN CELLS)

### ਸਬੰਧਤ ਜਾਣਕਾਰੀ

ਤੁਸੀ ਸਪ੍ਰੈੱਡਸ਼ੀਟ ਵਿੱਚ ਨੇਵੀਗੇਟ (navigate) ਕਰਨਾ, ਸੈਲਾਂ ਨੂੰ ਪੋਪੁਲੇਟ ਕਰਨਾ ਅਤੇ ਕੈਲਕੁਲੇਸ਼ਨ ਕਰਨਾ ਸਿੱਖਿਆ ਹੈ। ਜਿਵੇਂ ਕਿ ਤੁਸੀ ਜਾਣਦੇ ਹੋ ਕਿ ਕੈਲਕੁਲੇਸ਼ਨ ਕਰਨ ਲਈ ਸਪ੍ਰੈੱਡਸ਼ੀਟ ਕਈ ਤਰਾਂ ਦੇ ਮੈਥੇਮੈਟੀਕਲ ਫੰਕਸ਼ਨਾਂ ਦੀ ਪੇਸ਼ਕਸ਼ ਕਰਦੀ ਹੈ। ਸਮ (Sum) ਸਪ੍ਰੈੱਡਸ਼ੀਟ ਵਿੱਚ ਉਪਲੱਬਧ ਫੰਕਸ਼ਨਾਂ ਵਿੱਚੋਂ ਹੈ ਜੋ ਸ਼ੀਟ ਵਿੱਚ ਚੁਣੇ ਗਏ ਨੰਬਰਾਂ ਦਾ ਜੋੜ ਕਰਦਾ ਹੈ।

ਇਸ ਅਭਿਆਸ ਵਿੱਚ ਤੁਸੀ ਸਪ੍ਰੈੱਡਸ਼ੀਟ ਵਿੱਚ " **autosum**" ਫੰਕਸ਼ਨ ਨੂੰ ਜੋੜ ਕਰਨ ਲਈ ਕਿਵੇਂ ਵਰਤਿਆ ਜਾਂਦਾ ਹੈ ਬਾਰੇ ਸਿੱਖੋਗੇ।

ਆਟੋਸਮ ਦੀ ਵਰਤੋਂ ਦਿੱਤੇ ਗਏ ਸੈਲਾਂ ਵਿੱਚ ਆਪਣੇ ਆਪ ਬਿਨਾ ਫਾਰਮੂਲਾ ਲਿਖੇ ਕੀਮਤਾਂ ਦਾ ਜੋੜ ਪਤਾ ਕਰਨ ਲਈ ਕੀਤੀ ਜਾਂਦੀ ਹੈ।

ਸਪ੍ਰੈੱਡਸ਼ੀਟ ਖੋਲੋ ਅਤੇ ਹੇਠਾਂ ਦਿੱਤਾ ਡਾਟਾ ਭਰੋ

| | A | B | C | D | E | F | G | H |
|---|---|---|---|---|---|---|---|---|
| 1 | S.No | Name | English | Hindi | Maths | Science | Total | |
| 2 | 1 | Abhas | 86 | 79 | 92 | 91 | | |
| 3 | 2 | Anita | 90 | 84 | 94 | 85 | | |
| 4 | 3 | Raja | 75 | 85 | 91 | 98 | | |
| 5 | 4 | Subbu | 78 | 89 | 91 | 77 | | |
| 6 | 5 | Priya | 94 | 93 | 100 | 87 | | |
| 7 | | | | | | | | |
| 8 | | | | | | | | |

Figure 1

ਹੁਣ ਹਰੇਕ ਵਿਦਿਆਰਥੀ ਦੇ ਅੰਕਾਂ ਦਾ ਜੋੜ ਕਰਨ ਲਈ ਹੇਠਾਂ ਅਨੁਸਾਰ ਕਰੋ:

- ਸੈਲ G2 ਉੱਤੇ ਜਾਓ। ਜਦੋਂ G2 ਸੈਲ ਚੁਣਿਆ ਹੋਇਆ ਹੈ ਤਾਂ ***Home*** ਟੈਬ ਦੇ ਵਿੱਚ ***Editing*** ਗਰੁੱਪ ਦੇ ਹੇਠਾਂ ***AutoSum*** ਆਪਸ਼ਨ ਉੱਤੇ ਕਲਿੱਕ ਕਰੋ।




Figure 2

ਹੇਠਾਂ ਤਸਵੀਰ ਵਿੱਚ ਦਿਖਾਇਆ ਹੈ ਸੈੱਲ C2 ਤੋਂ F2 ਤੱਕ ਕੀਮਤਾਂ ਆਪਣੇ ਆਪ ਚੁਣੀਆਂ ਜਾਣਗੀਆਂ।



| | A | B | C | D | E | F | G | H | I |
|---|---|---|---|---|---|---|---|---|---|
| 1 | S.No | Name | English | Hindi | Maths | Science | Total | | |
| 2 | 1 | Abhas | 86 | 79 | 92 | 91 | =SUM(C2:F2) | | |
| 3 | 2 | Anita | 90 | 84 | 94 | 85 | SUM(number1, [number2], ...) | | |
| 4 | 3 | Raja | 75 | 85 | 91 | 98 | | | |
| 5 | 4 | Subbu | 78 | 89 | 91 | 77 | | | |
| 6 | 5 | Priya | 94 | 93 | 100 | 87 | | | |
| 7 | | | | | | | | | |

Figure 3

- ਐਂਟਰ ਦਬਾਓ।
  - ਸੈੱਲ G3 ਵਿੱਚ ਕੁੱਲ ਜੋੜ ਦਿਖਾਈ ਦਿੰਦਾ ਹੈ।
  - ਇਸੇ ਤਰਾਂ ਬਾਕੀ ਵਿਦਿਆਰਥੀਆਂ ਦੇ ਕੁੱਲ ਅੰਕਾਂ ਦਾ ਜੋੜ ਕੈਲਕੁਲੇਟ ਕਰੋ।



| | A | B | C | D | E | F | G |
|---|---|---|---|---|---|---|---|
| 1 | S.No | Name | English | Hindi | Maths | Science | Total |
| 2 | 1 | Abhas | 86 | 79 | 92 | 91 | 348 |
| 3 | 2 | Anita | 90 | 84 | 94 | 85 | 353 |
| 4 | 3 | Raja | 75 | 85 | 91 | 98 | 349 |
| 5 | 4 | Subbu | 78 | 89 | 91 | 77 | 335 |
| 6 | 5 | Priya | | 93 | 100 | 87 | 280 |
| 7 | | | | | | | |

Figure 4

ਨੋਟ:ਆਟੋਸਮ (Autosum) ਸੈੱਲਾਂ ਦੇ ਆਲੇ ਦੁਆਲੇ ਹੋਰੀਜ਼ੋਨਟਲ ਜਾਂ ਵਰਟੀਕਲੀ ਆਪਣੇ ਆਪ ਕੀਮਤਾਂ ਨੂੰ ਚੁਣ ਲੈਂਦਾ ਹੈ। ਉਪਰ ਉਦਾਹਰਣ ਵਿੱਚ ਤੁਸੀ ਖੱਬੇ ਤੋਂ ਸੱਜੇ ਦਿੱਤੇ ਗਏ ਨੰਬਰਾਂ ਦਾ ਜੋੜ ਕਰਨਾ ਚਾਹੁੰਦੇ ਹੋ, ਦੋ ਵਿਅਕਤੀਆਂ ਦਾ ਜੋੜ ਪਤਾ ਕਰਨ ਤੋਂ ਬਾਅਦ ਜਦੋਂ ਤੁਸੀ ਦੂਜੇ ਵਿਅਕਤੀ ਦਾ ਜੋੜ ਪਤਾ ਕਰਨ ਦੀ ਕੋਸ਼ਿਸ਼ ਕਰਦੇ ਹੋ ਤਾਂ ਮੌਜੂਦਾ ਸੈੱਲ ਦੇ ਸਭ ਤੋਂ ਉਪੱਰ ਜੋ ਕੀਮਤ ਹੈ ਉਹ ਚੁਣੀ ਜਾਂਦੀ ਹੈ। ਇਸ ਹਾਲਤ ਵਿੱਚ ਤੁਹਾਨੂੰ ਉਹਨਾਂ ਸੈੱਲਾਂ ਦੀ ਕੀਮਤ ਚੁਣਨੀ ਪੈਂਦੀ ਹੈ ਜਿਹਨਾਂ ਦਾ ਤੁਸੀ ਜੋੜ ਕਰਨਾ ਚਾਹੁੰਦੇ ਹੋ।

ਹੁਣ ਕਿਸੇ ਇੱਕ ਵਿਦਿਆਰਥੀ ਦੇ ਇੱਕ ਜਾਂ ਵੱਧ ਵਿਸ਼ਿਆਂ ਵਿੱਚੋਂ ਅੰਕਾਂ ਨੂੰ ਬਦਲੋ।ਵਿਦਿਆਰਥੀ ਦੇ ਕੁੱਲ ਅੰਕਾਂ ਜੋੜ ਆਪਣੇ ਆਪ ਕੈਲਕੁਲੇਟ ਹੋ ਜਾਵੇਗਾ। ਫਾਰਮੂਲੇ ਦੀ ਆਟੋਮੈਟਿਕ ਕੈਲਕੁਲੇਸ਼ਨ (*Automatic calculation*) ਇਲੈਕਟ੍ਰਾਨਿਕ ਸਪ੍ਰੈੱਡਸ਼ੀਟ ਦੀ ਇੱਕ ਬਹੁਤ ਹੀ ਮਹੱਤਵਪੂਰਨ ਸ਼ਕਤੀਸ਼ਾਲੀ ਵਿਸ਼ੇਸ਼ਤਾ ਹੈ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਆਟੋਸਮ ਫੰਕਸ਼ਨ ਨੂੰ ਵਰਤ ਕੇ ਫਾਰਮੂਲਾ ਲਿਖੇ ਬਿਨਾ ਕੈਲਕੁਲੇਸ਼ਨ ਕਰੋ। |
| 2 | ਮਹੀਨੇ ਦੌਰਾਨ ਕੀਤੇ ਗਏ ਆਪਣੇ ਨਿੱਜੀ ਖਰਚ ਦੀ ਇੱਕ ਸੂਚੀ ਤਿਆਰ ਕਰੋ ਅਤੇ ਆਟੋਸਮ ਆਪਸ਼ਨ ਨੂੰ ਵਰਤ ਕੇ ਕੁੱਲ ਜੋੜ ਕੈਲਕੁਲੇਟ ਕਰੋ। |
| 3 | ਮਹੀਨੇ ਦੇ ਨਾਵਾਂ ਅਤੇ ਮਹੀਨੇ ਦੇ ਵਿੱਚ ਛੁੱਟੀਆਂ ਦੀ ਲਿਸਟ ਬਣਾਓ। ਜੋੜੋ ਅਤੇ ਆਟੋਸਮ ਫੰਕਸ਼ਨ ਦੀ ਵਰਤੋਂ ਨਾਲ ਸਾਲ ਵਿੱਚ ਕੁੱਲ ਛੁੱਟੀਆਂ ਨੂੰ ਕੈਲਕੁਲੇਟ ਕਰੋ। |

## ਮੁਲਾਂਕਣ ( ASSESSMENT )

**ਖਾਲੀ ਥਾਵਾਂ ਭਰੋ:**

1. ਫਾਰਮੂਲੇ ਦੀ _______ _______ ਇਲੈਕਟ੍ਰਾਨਿਕ ਸਪ੍ਰੈੱਡਸ਼ੀਟ ਦੀ ਇੱਕ ਬਹੁਤ ਹੀ ਮਹੱਤਵਪੂਰਨ ਸ਼ਕਤੀਸ਼ਾਲੀ ਵਿਸ਼ੇਸ਼ਤਾ ਹੈ ।
2. ਫਾਰਮੂਲਾ ਲਿਖੇ ਬਿਨਾ ਆਪਣੇ ਆਪ ਸੈੱਲਾਂ ਵਿੱਚ ਜੋੜ ਕਰਨ ਲਈ _______ਦੀ ਵਰਤੋ ਕੀਤੀ ਜਾਂਦੀ ਹੈ ।
3. **AutoSum** ਆਪਸ਼ਨ **Home** ਟੈਬ ਦੇ ਹੇਠਾਂ _______ਗਰੁੱਪ ਵਿੱਚ ਉਪਲੱਬਧ ਹੁੰਦੀ ਹੈ ।
4. **AutoSum** ਆਪਣੇ ਆਪ ਸੈੱਲਾਂ ਦੇ ਆਲੇ ਦੁਆਲੇ _______ਜਾਂ _______ਕੀਮਤਾਂ ਨੂੰ ਚੁਣ ਲੈਂਦੀ ਹੈ ।

## ਸੈਸ਼ਨ 2: ਕੰਡੀਸ਼ਨਲ ਫਾਰਮੈਟਿੰਗ (CONDITIONAL FORMATTING)

### ਸਬੰਧਤ ਜਾਣਕਾਰੀ

ਕੰਡੀਸ਼ਨਲ ਫਾਰਮੈਟਿੰਗ ਤੁਹਾਨੂੰ ਸੈਲਾਂ ਦੀ ਇਸ ਵਿੱਚ ਕੀਮਤ ਦੇ ਅਧਾਰ ਉੱਤੇ ਫਾਰਮੈਟਿੰਗ ਬਦਲਣ (font color, border, shading) ਦੀ ਆਗਿਆ ਦਿੰਦੀ ਹੈ। ਹਾਂ ਤੁਸੀ ਉਹ ਹੱਥ ਨਾਲ ਵੀ ਕਰ ਸਕਦੇ ਹੋ ਪਰ ਇਹ ਥਕਾਉਣ ਵਾਲਾ ਕੰਮ ਹੋ ਸਕਦਾ ਹੈ ਜੇਕਰ ਤੁਹਾਡੇ ਕੋਲ ਬਹੁਤ ਮਾਤਰਾ ਦੇ ਵਿੱਚ ਡਾਟਾ ਹੈ। ਇਸ ਲਈ ਤੁਸੀ ਸੈੱਲ ਵਿੱਚ ਕੀਮਤ ਲਈ ਇੱਕ ਕੰਡੀਸ਼ਨ ਨਿਰਧਾਰਿਤ ਕਰੋ ਅਤੇ ਜੇਕਰ ਕੰਡੀਸ਼ਨ ਸਹੀ ਹੈ ਤਾਂ ਸੈੱਲ ਦੀ ਫਾਰਮੈਟਿੰਗ ਆਪਣੇ ਆਪ ਬਦਲ ਜਾਂਦੀ ਹੈ। ਇਹ ਵਿਸ਼ੇਸ਼ਤਾ ਉਦੋਂ ਬਹੁਤ ਲਾਭਦਾਇਕ ਹੁੰਦੀ ਜਦੋਂ ਤੁਸੀ ਲਾਭ ਜਾਂ ਹਾਨੀ ਜਾਂ ਤਾਪਮਾਨ ਤਬਦੀਲੀ ਸਪ੍ਰੈੱਡਸ਼ੀਟ ਜਾਂ ਮਾਰਕਸ਼ੀਟ ਉੱਤੇ ਕੰਮ ਕਰ ਰਹੇ ਸੀ। ਤੁਸੀ ਸੈਲਾਂ ਦੇ ਵਿੱਚ ਦਿੱਤੀ ਗਈ ਕੰਡੀਸ਼ਨ ਤੋਂ ਵੱਧ ਕੀਮਤ ਨੂੰ ਅਲੱਗ ਰੰਗ ਅਤੇ ਦੂਜੀ ਘੱਟ ਨੂੰ ਹੋਰ ਰੰਗ ਦੇ ਨਾਲ ਹਾਈਲਾਈਟ ਕਰ ਸਕਦੇ ਹੋ।

ਅਸਲ ਵਿੱਚ ਤੁਸੀ ਇੱਕ ਜਾਂ ਜਿਆਦਾ ਸੈੱਲਾਂ ਨੂੰ ਚੁਣ ਸਕਦੇ ਹੋ, ਅਤੇ ਨਿਯਮ (conditions) ਬਣਾ ਸਕਦੇ ਹੋ ਕਿ ਕਦੋਂ ਅਤੇ ਕਿਵੇਂ ਉਹ ਸੈੱਲ ਫਾਰਮੈਟ ਹੋਣ। ਕੰਡੀਸ਼ਨ ਨਾਲ ਚੁਣੇ ਗਏ ਸੈੱਲਾਂ ਦੇ ਕੰਟੈਂਟ ਜਾਂ ਦੂਜੇ ਸੈਲਾਂ ਦੇ ਕੰਟੈਂਟ ਉੱਤੇ ਅਧਾਰਿਤ ਹੋ ਸਕਦੀ ਹੈ।

ਤੁਸੀ ਹੇਠਾਂ ਦਿੱਤੇ ਫਾਰਮੈਟ ਕੰਟਰੋਲ ਕਰ ਸਕਦੇ ਹੋ:

- Number format
- Font, font style, and font colour (but not font size)
- Fill colour and fill pattern
- Border colour and border style (but not border thickness)

ਇੱਕ ਨਵੀਂ ਸਪ੍ਰੈੱਡਸ਼ੀਟ ਖੋਲੋ ਅਤੇ ਹੇਠਾਂ ਦਿੱਤਾ ਡਾਟਾ ਭਰੋ

| | A | B | C | D | E | F |
|---|---|---|---|---|---|---|
| 1 | Name | Production in 2008 | Production in 2009 | Production in 2010 | Production in 2011 | |
| 2 | Copper | 87 | 81 | 75 | 90 | |
| 3 | Iron | 67 | 88 | 94 | 95 | |
| 4 | Zinc | 77 | 85 | 72 | 65 | |
| 5 | Manganese | 88 | 68 | 79 | 84 | |
| 6 | | | | | | |

Figure 5

ਹੁਣ ਡਾਟੇ ਲਈ ਕੰਡੀਸ਼ਨਲ ਫਾਰਮੈਟਿੰਗ ਅਪਲਾਈ ਕਰਨ ਵਾਸਤੇ ਹੇਠਾਂ ਅਨੁਸਾਰ ਕਰੋ

- ਉਹਨਾਂ ਸਾਰੇ ਸੈੱਲਾਂ ਨੂੰ ਚੁਣੋ ਜਿਹਨਾਂ ਨੂੰ ਤੁਸੀ ਕੰਡੀਸ਼ਨ ਦੇ ਅਨੁਸਾਰ ਫਾਰਮੈਟ ਕਰਨਾ ਚਾਹੁੰਦੇ ਹੋ।

| | A | B | C | D | E | F |
|---|---|---|---|---|---|---|
| 1 | Name | Production in 2008 | Production in 2009 | Production in 2010 | Production in 2011 | |
| 2 | Copper | 87 | 81 | 75 | 90 | |
| 3 | Iron | 67 | 88 | 94 | 95 | |
| 4 | Zinc | 77 | 85 | 72 | 65 | |
| 5 | Manganese | 88 | 68 | 79 | 84 | |
| 6 | | | | | | |

Figure 6

***home*** ਟੈਬ ਦੇ ਵਿੱਚ ***Styles*** ਗਰੁੱਪ ਦੇ ਹੇਠ ਉਪਲੱਬਧ ***Conditional Formatting*** ਆਪਸ਼ਨ ਉੱਤੇ ਕਲਿੱਕ ਕਰੋ। ਇੱਕ ਡਰਾਪ ਡਾਊਨ ਲਿਸਟ ਦਿਸਦੀ ਹੈ ।




**Figure 7**

***Highlight Cells Rules*** ਆਪਸ਼ਨ ਉੱਤੇ ਕਲਿੱਕ ਕਰੋ, ਇੱਕ ਸਬ-ਮੀਨੂ ਦਿਖਾਈ ਦਿੰਦਾ ਹੈ।

- ਨੋਟ:ਤੁਸੀ ਆਪਣੀ ਲੋੜਾਂ ਦੇ ਅਨੁਸਾਰ ਦਿੱਤੀ ਗਈ ਕੰਡੀਸ਼ਨ ਚੁਣ ਸਕਦੇ ਹੋ । ਇਸ ਉਦਾਹਰਣ ਵਿੱਚ ਜੇਕਰ ਤੁਸੀ ਜੇਕਰ ਉਹਨਾਂ ਕੀਮਤਾਂ ਨੂੰ ਹਾਈਲਾਈਟ ਕਰਨਾ ਚਾਹੁੰਦੇ ਹੋ ਜੋ 75 ਤੋਂ ਵੱਡੀਆਂ ਹਨ ਤਾਂ ਸਬ-ਮੀਨੂ ਦੇ ਹੇਠਾਂ ਉਪਲੱਬਧ "Greater Than..." ਨੂੰ ਚੁਣੋ । ਇੱਕ ਡਾਇਆਲਾਗ ਬਾਕਸ ਦਿਖਾਈ ਦਿੰਦਾ ਹੈ ।




**Figure 8**

- ਬਾਕਸ ਵਿੱਚ ਕੀਮਤ ਨਿਰਧਾਰਿਤ ਕਰੋ ਅਤੇ **with** ਫੀਲਡ ਤੋਂ ਅਗਲੇ ਡਾਊਨ ਐਰੋ ਉੱਤੇ ਕਲਿੱਕ ਕਰੋ ਅਤੇ ਕੰਡੀਸ਼ਨ ਲਈ ਡਰਾਪ ਡਾਊਨ ਲਿਸਟ ਵਿੱਚੋਂ ਪ੍ਰੀਡਿਫਾਇੰਡ ਫਾਰਮੈਟ ਚੁਣੋ । ਜੇਕਰ ਤੁਸੀ ਸੈੱਲ ਕੰਟੈਂਟ ਨੂੰ ਆਪਣੇ ਫਾਰਮੈਟਿੰਗ ਸਟਾਈਲ ਨਾਲ ਹਾਈਲਾਈਟ ਕਰਨਾ ਚਾਹੁੰਦੇ ਹੋ ਤਾਂ ਡਰਾਪ ਡਾਊਨ ਲਿਸਟ ਵਿੱਚੋਂ ***Custom Format*** ਆਪਸ਼ਨ ਉੱਤੇ ਕਲਿੱਕ ਕਰੋ ।
- ਇੱਕ ***Format Cells*** ਡਾਇਆਲਾਗ ਬਾਕਸ ਦਿਖਾਈ ਦਿੰਦਾ ਹੈ । ਤੁਸੀ **Font** ਟੈਬ ਦੇ ਹੇਠਾਂ ਅਲੱਗ-2 ਫੌਂਟ ਰੰਗ, **Border** ਟੈਬ ਦੇ ਹੇਠਾਂ ਬਾਰਡਰ ਸਟਾਇਲ ਅਤੇ ਰੰਗ ਅਤੇ **Fill** ਟੈਬ ਦੇ ਹੇਠਾਂ ਫਿੱਲ ਕਲਰ ਚੁਣ ਸਕਦੇ ਹੋ ।
- ਅੱਗੇ ਵਧੋ ਅਤੇ ਹੇਠਾਂ ਦਿੱਤਾ ਡਾਟਾ ਬਣਾਓ ਇਸ ਨੂੰ ਦਿਖਾਏ ਗਏ ਤਰੀਕੇ ਨਾਲ ਫਾਰਮੈਟ ਕਰੋ ।

| | A | B | C | D | E | F |
|---|---|---|---|---|---|---|
| 1 | Name | Production in 2008 | Production in 2009 | Production in 2010 | Production in 2011 | |
| 2 | Copper | 87 | 81 | 75 | 90 | |
| 3 | Iron | 67 | 88 | 94 | 95 | |
| 4 | Zinc | 77 | 85 | 72 | 65 | |
| 5 | Manganese | 88 | 68 | 79 | 84 | |
| 6 | | | | | | |

**Figure 9**

ਨੋਟ:ਇਸੇ ਤਰਾਂ ਤੁਸੀ ਚੁਣੀ ਗਈ ਕੀਮਤਾਂ ਜਿਵੇਂ less than, equal to, between ਆਦਿ ਲਈ ਕਿ ਵੱਖ-2 ਕੰਡੀਸ਼ਨਾਂ ਸੈੱਟ ਕਰ ਸਕਦੇ ਹੋ ।

ਤੁਸੀ ਆਪਣੀ ਮਰਜੀ ਅਨੁਸਾਰ ਸੈੱਲ ਐਡਰੈੱਸ ਵੀ ਨਿਰਧਾਰਿਤ ਕਰ ਸਕਦੇ ਹੋ ਜਿੱਥੇ ਕੀਮਤ ਸਟੋਰ ਹੋਈ ਹੈ ।ਇਹ ਬਹੁਤ ਹੀ ਸਹਾਇਕ ਹੋ ਸਕਦਾ ਹੈ ਜਿਵੇਂ ਸਿਰਫ ਇੱਕ ਥਾਂ ਉੱਤੇ ਕੀਮਤ ਬਦਲ ਕੇ, ਕੰਡੀਸ਼ਨਲ ਫਾਰਮੈਟਿੰਗ ਪਹਿਲਾਂ ਚੁਣੀ ਗਈ ਰੇਂਜ ਉੱਤੇ ਸਭ ਕਿਤੇ ਬਦਲ ਸਕਦਾ ਹੈ । ਉਦਾਹਰਣ ਹੇਠਾਂ ਤਸਵੀਰ ਵਿੱਚ ਦਿਖਾਈ ਗਈ ਹੈ :




**Figure 10**

ਨਤੀਜਾ ਹੇਠਾਂ ਦਿਖਾਇਆ ਗਿਆ ਹੈ:




**Figure 10**

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਡਾਟਾ ਸਬਸੈੱਟ ਉੱਤੇ ਕੰਡੀਸ਼ਨਲ ਫਾਰਮੈਟਿੰਗ ਕਰੋ । |
| 2 | ਘੱਟੋ ਘੱਟ 10 ਵਿਦਿਆਰਥੀਆਂ ਅਤੇ 5 ਵਿਸ਼ਿਆਂ ਦੀ ਅੰਕ ਸੂਚੀ ਬਣਾਓ । ਜਿਹੜੇ ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਉਸ ਦੇ ਟੈਕਸਟ ਨੂੰ ਹਰੇ ਰੰਗ ਨਾਲ ਅਤੇ ਨੀਲੇ ਨਾਲ ਭਰ ਕੇ ਹਾਈਲਾਈਟ ਕਰੋ । ਇਸ ਵਰਕਸ਼ੀਟ ਨੂੰ Marks_{your name}. ਨਾਮ ਨਾਲ ਸੇਵ ਕਰੋ । |

## ਮੁਲਾਂਕਣ ( ASSESSMENT )

### ਖਾਲੀ ਥਾਵਾਂ ਭਰੋ:

1. ____________ ਤੁਹਾਨੂੰ ਸੈਲਾਂ ਦੀ ਇਸ ਵਿੱਚ ਕੀਮਤ ਦੇ ਅਧਾਰ ਤੇ ਫਾਰਮੈਟਿੰਗ ਬਦਲਣ ( font color, border, shading) ਕਰਨ ਦੀ ਆਗਿਆ ਦਿੰਦੀ ਹੈ ।

2. ***Home*** ਟੈਬ ਦੇ ਵਿੱਚ ____________ਗਰੁੱਪ ਦੇ ਹੇਠ ਉਪਲੱਬਧ ***Conditional Formatting*** ਆਪਸ਼ਨ ਉੱਤੇ ਕਲਿੱਕ ਕਰੋ ।

### ਹੇਠਾਂ ਉੱਤਰ ਦਿਓ

1. ਕਿਸੇ ਪੰਜ ਕੰਡੀਸ਼ਨਾਂ/ਫਾਰਮੈਟਸ/ਆਈਟਮਾਂ ਦੀ ਸੂਚੀ ਬਣਾਓ ਜੋ ਕੰਡੀਸ਼ਨਲ ਫਾਰਮੈਟਿੰਗ ਲਈ ਵਰਤੀਆਂ ਜਾ ਸਕਣ ।

## ਸੈਸ਼ਨ 3: ਰੋਅ ਅਤੇ ਕਾਲਮ ਨੂੰ ਹਾਈਡ/ਅਨ-ਹਾਈਡ ਅਤੇ ਫਰੀਜ਼ ਕਰਨਾ (HIDE / UNHIDE / FREEZE ROWS AND COLUMNS )

### ਸਬੰਧਤ ਜਾਣਕਾਰੀ

ਕਈ ਵਾਰੀ ਤੁਹਾਡੇ ਕੋਲ ਡਾਟਾ ਰੋਅਜ਼ ਅਤੇ ਕਾਲਮਾਂ ਦੇ ਵਿੱਚ ਹੁੰਦਾ ਹੈ ਜਿਹੜਾ ਕਿ ਫਾਰਮੂਲਾ ਜਾਂ ਚਾਰਟ ਲਈ ਲੋੜੀਂਦਾ ਹੁੰਦਾ ਹੈ, ਪਰ ਤੁਸੀ ਨਹੀਂ ਚਾਹੁੰਦੇ ਕਿ ਡਾਟਾ ਦਿਖਾਈ ਦੇਵੇ। ਇੱਕ ਬਹੁਤ ਹੀ ਅਸਾਨ ਸਪ੍ਰੈੱਡਸ਼ੀਟ ਦੀ ਵਿਸ਼ੇਸ਼ਤਾ ਰੋਅ/ਕਾਲਮ ਨੂੰ ਛੁਪਾਉਣ ਦੀ ਯੋਗਤਾ ਹੈ ਜੋ ਕਿ ਆਖਰੀ ਯੂਜ਼ਰ ਨੂੰ ਦਿਖਾਈ ਨਹੀਂ ਦਿੰਦੀ। ਹਾਲਾਂਕਿ ਇਹ ਦਿਖਾਈ ਨਹੀਂ ਦਿੰਦਾ ਪਰ ਇਹ row/column ਵਿੱਚ ਛੁਪਿਆ ਡਾਟਾ ਕੈਲਕੁਲੇਸ਼ਨਾਂ ਲਈ ਉਪਲੱਬਧ ਹੁੰਦਾ ਹੈ।

**ਫਰੀਜ਼ਿੰਗ (Freezing) ਰੋਅ** ਅਤੇ ਕਾਲਮ ਸਪ੍ਰੈੱਡਸ਼ੀਟ ਦੀ ਇੱਕ ਹੋਰ ਕੰਮ ਆਉਣ ਵਾਲੀ ਵਿਸ਼ੇਸ਼ਤਾ ਹੈ। ਜਦੋਂ ਤੁਸੀ ਡਾਟੇ ਦੀ ਬਹੁਤ ਸਾਰੀ ਮਾਤਰਾ ਨਾਲ ਕੰਮ ਕਰਦੇ ਹੋ ਜਿਸ ਵਿੱਚ ਕਾਫੀ ਰੋਅਜ਼ ਅਤੇ ਕਾਲਮ ਹੋਣ ਤਾਂ ਤੁਸੀ ਚਾਹੋਗੇ ਕਿ ਤੁਹਾਡਾ ਹੈਡਰ ਸਥਿਰ ਰਹੇ, ਜਦੋਂ ਕਿ ਤੁਸੀ ਡਾਟੇ ਵਿੱਚ ਸਕਰੋਲ ਕਰਦੇ ਹੋ ਤਾਂ ਜੋ ਤੁਸੀ ਰੋਅਜ਼ ਅਤੇ ਕਾਲਮਜ਼ ਦੇ ਨਾਮ ਪਹਿਚਾਣ ਸਕੋ।

ਇੱਕ ਨਵੀਂ ਵਰਕਸ਼ੀਟ ਖੋਲੋ। ਰੋਅ ਜਾਂ ਕਾਲਮ ਨੂੰ ਛੁਪਾਉਣ ਲਈ ਹੇਠਾਂ ਅਨੁਸਾਰ ਕਰੋ :

- ਕਿਸੇ ਰੋਅ ਜਾਂ ਕਾਲਮ ਨੂੰ ਛੁਪਾਉਣ ਲਈ ਤੁਸੀ ਜਾਂ ਤਾਂ ਖਾਸ ਰੋਅ ਜਾਂ ਕਾਲਮ ਜਿਸਨੂੰ ਛੁਪਾਉਣਾ ਹੈ ਨੂੰ ਚੁਣ ਸਕਦੇ ਹੋ ਜਾਂ ਇਸੇ ਰੋਅ ਜਾਂ ਕਾਲਮ ਦੇ ਇੱਕ ਸੈੱਲ ਨੂੰ ਚੁਣ ਸਕਦੇ ਹੋ। ( ਉਦਾਹਰਣ ਹੇਠਾਂ )
- ***Home*** ਟੈਬ ਦੇ ਵਿੱਚ ***Cells*** ਗਰੁੱਪ ਦੇ ਹੇਠਾਂ ਉਪਲੱਬਧ ***Format*** ਆਪਸ਼ਨ ਉੱਤੇ ਕਲਿੱਕ ਕਰੋ।




**Figure 12**

- ਹੇਠਾਂ ਦਿਖਾਏ ਅਨੁਸਾਰ ਇੱਕ ਡਰਾਪ ਡਾਊਨ ਦਿਖਾਈ ਦਿੰਦੀ ਹੈ।




**Figure 13**

• **Hide & Unhide Hide Rows** ਉੱਤੇ ਕਲਿੱਕ ਕਰੋ । ਹੇਠਾਂ ਦਿਖਾਏ ਅਨੁਸਾਰ ਸਪ੍ਰੈੱਡਸ਼ੀਟ ਦਿਖਾਈ ਦੇਵੇਗੀ ।

ਨੋਟ : ਇਸ ਦੇ ਉਲਟ ਤੁਸੀ ਰੋਅ/ਕਾਲਮ ਨੂੰ ਚੁਣ ਸਕਦੇ ਹੋ, ਰਾਈਟ ਕਲਿੱਕ ਕਰੋ ਅਤੇ ***Hide*** ਨੂੰ ਚੁਣੋ ।




**Figure 14**

ਨੋਟ:ਇਸ ਉਦਾਹਰਣ ਵਿੱਚ ਸਪ੍ਰੈੱਡਸ਼ੀਟ ਦੀ ਤੀਜੀ ਲਾਈਨ ਵਿੱਚ ਸੈੱਲ ਚੁਣਿਆ ਗਿਆ ਸੀ ਅਤੇ ਉਸ ਤੋਂ ਬਾਅਦ **Hide Rows** ਆਪਸ਼ਨ ਚੁਣੀ ਗਈ ਸੀ । ਇਸ ਲਈ ਤੀਜੀ ਲਾਈਨ (row) ਛੁਪੀ ਹੋਈ ਹੈ । ਜੇਕਰ ਤੁਸੀ ਇਸ ਦੀ ਬਜਾਇ ***Hide Columns*** ਚੁਣਿਆ ਹੁੰਦਾ ਤਾਂ ਕੀ ਹੁੰਦਾ ?

• ਜੋ ਛੁਪਿਆ ਹੋਇਆ ਹੈ ਉਸ ਕਾਲਮ ਜਾਂ ਰੋਅ ਨੂੰ ਦਿਖਾਉਣ (unhide) ਲਈ ਤੁਹਾਨੂੰ ਉਸ ਸੈੱਲ ਤੋਂ ਪਹਿਲਾਂ ਜਾਂ ਬਾਅਦ ਦੇ ਵਿੱਚ ਕੋਈ ਵੀ ਸੈੱਲ ਸਿਲੈਕਟ ਕਰਨਾ ਪੈਂਦਾ ਹੈ ਉਸ ਤੋਂ ਬਾਅਦ ***Home*** ਟੈਬ ਦੇ ਹੇਠਾਂ ਉਪਲੱਬਧ ***Format*** ਆਪਸ਼ਨ ਵਿੱਚ ***Unhide Rows*** ਉੱਤੇ ਕਲਿੱਕ ਕਰੋ ।

ਰੋਅ ਜਾਂ ਕਾਲਮ ਨੂੰ ਫਰੀਜ਼ (freeze) ਕਰਨ ਲਈ ਹੇਠਾਂ ਅਨੁਸਾਰ ਕਰੋ:

  • ਇੱਕ ਨਵੀਂ ਸਪ੍ਰੈੱਡਸ਼ੀਟ ਖੋਲੋ ।
  • ***View*** ਟੈਬ ਦੇ ਵਿੱਚ ***Window*** ਗਰੁੱਪ ਦੇ ਹੇਠ ਉਪਲੱਬਧ ***Freeze Panes*** ਆਪਸ਼ਨ ਉੱਤੇ ਕਲਿੱਕ ਕਰੋ ।

• ਹੇਠਾਂ ਅਨੁਸਾਰ ਇੱਕ ਡਰਾਪ ਡਾਊਨ ਲਿਸਟ ਦਿਖਾਈ ਦਿੰਦੀ ਹੈ । ***Freeze Panes*** ਉੱਤੇ ਕਲਿੱਕ ਕਰੋ । ਇਹ ਕਰਨ ਉੱਤੇ ਉੱਪਰ ਸਾਰੀਆਂ ਰੋਅਜ਼ (rows) ਅਤੇ ਚੁਣੇ ਗਏ ਸੈੱਲ ਦੇ ਖੱਬੇ ਪਾਸੇ ਸਾਰੇ ਕਾਲਮ (columns) ਫਰੀਜ਼ (freeze) ਹੋ ਜਾਣਗੇ ।

• ਆਪਣਾ ਮਾਊਸ ਸਪ੍ਰੈੱਡਸ਼ੀਟ ਵਿੱਚ ਸਕਰੋਲ ਕਰੋ ਫਰੀਜ਼ ਕੀਤੇ ਹੋਏ ਰੋਅਜ਼ ਅਤੇ ਕਾਲਮਜ਼ ਸਥਿਰ ਰਹਿੰਦੇ ਹਨ।




**Figure 15**

ਨੋਟ: ਜਿੱਥੇ ਤੁਹਾਡਾ ਕਰਸਰ ਰੱਖਦੇ ਹੋ ਉਥੇ ਪੇਨਸ (panes)ਬਣਦੇ ਹਨ।ਆਪਸ਼ਨ ਨੂੰ ਦੁਬਾਰਾ ਚੁਣੋ ਅਤੇ ਉਪਲੱਬਧ ਆਪਸ਼ਨ ਵਿੱਚ ਬਦਲਾਵ ਨੂੰਨੋਟ ਕਰੋ । ਅੱਗੇ ਵਧੋ ਅਤੇ ਦੂਜੀਆਂ ਆਪਸ਼ਨਾਂ ਨੂੰ ਵੀ ਕਰਨ ਦੀ ਕੋਸ਼ਿਸ਼ ਕਰੋ । ਤੁਸੀ ਸਾਰੀ ਰੋਅਜ਼ ਜਾਂ ਕਾਲਮਸ ਨੂੰ ਚੁਣ ਕੇ ਸਾਰੀ ਹੀ ਰੋਅਜ਼ ਜਾਂ ਕਾਲਮਸ ਨੂੰ ਵੀ ਫਰੀਜ਼ ਕਰ ਸਕਦੇ ਹੋ । ਅਤੇ ਸਾਰੀ ਰੋਅਜ਼ ਜਾਂ ਕਾਲਮਸ ਨੂੰ ਫਰੀਜ਼ ਕਰਨ ਲਈ “Freeze Panes” ਉੱਤੇ ਕਲਿੱਕ ਕਰੋ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਰੋਅਜ਼/ਕਾਲਮਜ਼ ਨੂੰ **Hide/unhide** ਕਰੋ । |
| 2 | ਰੋਅਜ਼/ਕਾਲਮਜ਼ ਨੂੰ **Freeze/unfreeze** ਕਰੋ । |
| 3 | B2 ਉੱਤੇ ਕਰਸਰ ਨੂੰ ਰੱਖਦੇ ਹੋਏ ਹੇਠਾਂ ਦਿੱਤੀ ਗਈ ਵਰਕਸ਼ੀਟ ਨੂੰ ਬਣਾਓ, ਫਰੀਜ਼ਿੰਗ ਦੀਆਂ ਸਾਰੀਆਂ ਆਪਸ਼ਨਾਂ ਨੂੰ ਕਰਨ ਦੀ ਕੋਸ਼ਿਸ਼ ਕਰੋ ਅਤੇ ਪ੍ਰਭਾਵ ਦਾ ਨਿਰੀਖਣ ਕਰੋ । ਕਾਲਮਜ਼ ਅਤੇ ਰੋਅਜ਼ ਦੀ ਹਲਚਲ ਨੂੰ ਖਾਸ ਤੌਰ ਤੇ ਨੋਟ ਕਰੋ । ਵਰਕਸ਼ੀਟ ਨੂੰ expenses_{your name} ਵਜੋਂ ਸੇਵ ਕਰੋ । |

G6 fx 680

| | A | B | C | D | E | F | G | H | I |
|---|---|---|---|---|---|---|---|---|---|
| 1 | Name | January | February | March | April | May | June | | |
| 2 | House Rent | 2500 | 2550 | 2550 | 3000 | 3500 | 3600 | | |
| 3 | Electric Bill | 700 | 750 | 800 | 850 | 900 | 625 | | |
| 4 | Grocery Expenses | 1000 | 1200 | 950 | 850 | 1500 | 1250 | | |
| 5 | Travelling Expenses | 500 | 600 | 750 | 680 | 1000 | 950 | | |
| 6 | Phone/Mobile Bill | 400 | 500 | 350 | 600 | 800 | 680 | | |
| 7 | | | | | | | | | |
| 8 | | | | | | | | | |
| 9 | | | | | | | | | |

## ਮੁਲਾਂਕਣ ( ASSESSMENT )

ਖਾਲੀ ਥਾਵਾਂ ਭਰੋ:

1. ਜਦੋਂ ਰੋਅ ਨੂੰ ਫਰੀਜ਼ ਕੀਤਾ ਜਾਂਦਾ ਹੈ ਤਾਂ _________ ਸਥਿਰ ਰਹਿੰਦੀ ਹੈ ।
2. _________ ਟੈਬ ਦੇ ਵਿੱਚ _________ਗਰੁੱਪ ਦੇ ਹੇਠ ਉਪਲੱਬਧ ***Freeze Panes*** ਆਪਸ਼ਨ ਉੱਤੇ ਕਲਿੱਕ ਕਰੋ ।
3. ਜਿੱਥੇ ਤੁਹਾਡਾ _________ਰੱਖਿਆ ਜਾਂਦਾ ਹੈ ਉਥੇ ਪੇਨਸ (panes) ਬਣਦੇ ਹਨ ।

## ਸੈਸ਼ਨ 4: ਪੇਜ ਬਰੇਕ ਸੈੱਟ ਕਰਨਾ (SETTING PAGE BREAKS)

## ਸਬੰਧਤ ਜਾਣਕਾਰੀ

ਵਰਕਸ਼ੀਟ ਪ੍ਰਿੰਟ ਕਰਨ ਲਈ ਠੀਕ ਜਿਹੜੇ ਪੇਜਾਂ ਨੂੰ ਤੁਸੀ ਪ੍ਰਿੰਟ ਕਰਨਾ ਚਾਹੁੰਦੇ ਹੋ, ਤੁਸੀ ਵਰਕਸ਼ੀਟ ਵਿੱਚ ਪ੍ਰਿੰਟ ਕਰਨ ਤੋਂ ਪਹਿਲਾਂ ਪੇਜ ਬਰੇਕਸ (page breaks ) ਸੈੱਟ ਕਰ ਸਕਦੇ ਹੋ । ਇਹ ਵਿਸ਼ੇਸ਼ਤਾ ਬਹੁਤ ਹੀ ਫਾਇਦੇਮੰਦ ਹੈ ਖਾਸ ਤੌਰ ਉੱਤੇ ਉਦੋਂ ਜਦੋਂ ਬਹੁਤ ਸਾਰੀਆਂ ਸ਼ੀਟਾਂ ਨੂੰ ਪ੍ਰਿੰਟ ਕੀਤਾ ਜਾਂਦਾ ਹੈ । ਇਹ ਵੇਖਣ ਲਈ ਕਿ ਕਿਵੇਂ ਦੂਜੇ ਬਦਲਾਵ (e.g. changing row height / column width) ਆਟੋਮੈਟਿਕ ਪੇਜ ਬ੍ਰੇਕ ਨੂੰ ਪ੍ਰਭਾਵਿਤ ਕਰਦੇ ਹਨ, ਤੁਸੀ "Page Break preview" ਨੂੰ ਵਰਤ ਸਕਦੇ ਹੋ ।

ਇਸ ਅਭਿਆਸ ਵਿੱਚ ਤੁਸੀ ਸਿੱਖੋਗੇ ਕਿ ਸਪ੍ਰੈੱਡਸ਼ੀਟ ਵਿੱਚ ਪੇਜ ਬ੍ਰੇਕ ਨੂੰ ਕਿਵੇਂ ਸੈੱਟ ਕੀਤਾ ਜਾਂਦਾ ਹੈ।

ਇੱਕ ਨਵੀਂ ਸਪ੍ਰੈੱਡਸ਼ੀਟ ਖੋਲੋ ਅਤੇ ਹੇਠਲੀ ਸ਼ੀਟ ਬਣਾਓ । ***View*** ਟੈਬ ਦੇ ਉਤੇ ***Workbook Views*** ਗਰੁੱਪ ਦੇ ਵਿੱਚ ***Page Break Preview*** ਉੱਤੇ ਕਲਿੱਕ ਕਰੋ ।




**Figure 16**

ਹੁਣ ਪੇਜ ਬ੍ਰੇਕ ਨੂੰ ਸੈੱਟ ਕਰਨ ਲਈ ਹੇਠਾਂ ਅਨੁਸਾਰ ਕਰੋ :

- ਵਰਟੀਕਲ ਪੇਜ ਬ੍ਰੇਕ ਨੂੰ ਦਾਖਲ ਕਰਨ ਲਈ, ਜਿੱਥੇ ਤੁਸੀ ਪੇਜ ਬ੍ਰੇਕ ਦਾਖਲ ਕਰਨਾ ਚਾਹੁੰਦੇ ਹੋ ਉਸਦੇ ਹੇਠਾਂ ਰੋਅ ਨੂੰ ਸਿਲੈਕਟ ਕਰੋ । ਹੋਰੀਜ਼ੋਂਟਲ ਪੇਜ ਬ੍ਰੇਕ ਨੂੰ ਦਾਖਲ ਕਰਨ ਲਈ, ਜਿੱਥੇ ਤੁਸੀ ਪੇਜ ਬ੍ਰੇਕ ਦਾਖਲ ਕਰਨਾ ਚਾਹੁੰਦੇ ਹੋ ਉਸ ਕਾਲਮ ਦੇ ਸੱਜੇ ਪਾਸੇ ਨੂੰ ਸਿਲੈਕਟ ਕਰੋ ।

- ***Page Layout*** ਟੈੱਬ ਦੇ ਵਿੱਚ ***Page Setup*** ਗਰੁੱਪ ਦੇ ਹੇਠ ***Breaks*** ਡਾਊਨ ਐਰੋ ਉੱਤੇ ਕਲਿੱਕ ਕਰੋ । ਹੇਠਾਂ ਦਰਸਾਏ ਅਨੁਸਾਰ ਇਕ ਡਰਾਪ ਡਾਊਨ ਦਿਖਾਈ ਦਿੰਦੀ ਹੈ ।




**Figure 17**

- ***Insert Page Break*** ਆਪਸ਼ਨ ਉਤੇ ਕਲਿੱਕ ਕਰੋ ।ਹੇਠਾਂ ਅਨੁਸਾਰ ਸਪ੍ਰੈੱਡਸੀਟ ਦਿਖਾਈ ਦਿੰਦੀ ਹੈ । ਜੋ ਕੰਟੈਂਟ ਤੁਸੀ ਟਾਈਪ ਕੀਤਾ ਹੈ ਉਹ ਪਹਿਲੇ ਪੇਜ ਵਿੱਚ ਆਉਂਦਾ ਹੈ ਅਤੇ ਤੁਸੀ ਇਸ ਨੂੰ ਪ੍ਰਿੰਟ ਕਰ ਸਕਦੇ ਹੋ ।
- ਪੇਜ ਬ੍ਰੇਕ ਨੂੰ ਮੂਵ ਕਰਨ ਲਈ ਸਿਰਫ ਪੇਜ ਬ੍ਰੇਕ ਨੂੰ ਡਰੈਗ ਕਰਕੇ ਲੋੜੀਂਦੀ ਥਾਂ ਉਤੇ ਲੈ ਜਾਓ।




**Figure 18**

ਨੋਟ : ***Breaks*** ਡਰਾਪ ਡਾਊਨ ਲਿਸਟ ਵਿੱਚੋਂ ***Remove Page Break*** ਆਪਸ਼ਨ ਉਤੇ ਕਲਿੱਕ ਕਰਕੇ ਤੁਸੀ ਪੇਜ ਬ੍ਰੇਕ ਨੂੰ ਹਟਾ (remove) ਵੀ ਸਕਦੇ ਹੋ ।
ਪੇਜ ਬ੍ਰੇਕ ਵਿੱਚ ਜਦੋਂ ਤੁਸੀ ਕੰਮ ਖਤਮ ਕਰ ਲੈਂਦੇ ਹੋ ਤਾਂ ਨੋਰਮਲ ਵਿਊ ਵਿੱਚ ਵਾਪਸ ਆਉਣ ਲਈ **View** ਟੈਬ ਦੇ ਹੇਠਾਂ **Workbook Views** ਗਰੁੱਪ ਵਿੱਚ **Normal** ਉਤੇ ਕਲਿੱਕ ਕਰੋ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਪੇਜ ਬ੍ਰੇਕ ਨੂੰ ਸੈਟ, ਮੂਵ ਅਤੇ ਡੀਲੀਟ ਕਰੋ। |
| 2 | ਹੇਠਾਂ ਦਿੱਤੀ ਵਰਕਸ਼ੀਟ ਬਣਾਓ । ਕਲੋਜ਼ਿੰਗ ਬੈਲੇਂਸ ਕੈਲਕੁਲੇਟ ਕਰੋ । ਲਿਸਟ ਵਿੱਚ 10 ਹੋਰ ਵਸਤੂਆਂ ਦੀ ਸੂਚੀ ਜੋੜੋ ਅਤੇ ਪ੍ਰਿੰਟਿੰਗ ਲਈ ਪੇਜ ਬ੍ਰੇਕ ਸੈੱਟ ਕਰੋ । ਜੇਕਰ ਕੰਟੈਂਟ ਇੱਕ ਪੇਜ ਉਤੇ ਫਿੱਟ ਨਹੀਂ ਆਉਂਦਾ ਤਾਂ ਪੇਜ ਬ੍ਰੇਕ ਨੂੰ ਮੂਵ ਕਰੋ । ਇਸ ਫਾਈਲ ਨੂੰ ਅਗਲੀ ਅਭਿਆਸ ਵਿੱਚ ਵਰਤਣ ਲਈ items_{your name}ਨਾਮ ਨਾਲ ਸੇਵ ਕਰੋ । |

| | A | B | C | D | E |
|---|---|---|---|---|---|
| 1 | S.No. | Item Code | Item Name | Opening Balance | Closing Balance |
| 2 | 1 | A001 | Pencils - HB | 800 | |
| 3 | 2 | A002 | Pencils - 1H | 102 | |
| 4 | 3 | A003 | Copy - English | 176 | |
| 5 | 4 | A004 | Copy - Maths | 213 | |
| 6 | 5 | A005 | Registers | 112 | |
| 7 | 6 | A006 | Geometry Box | 35 | |
| 8 | 7 | A007 | Set of 6 sketch pens | 75 | |
| 9 | 8 | A008 | Fountain Pens | 79 | |
| 10 | 9 | A009 | Ball point pens | 231 | |
| 11 | 10 | A010 | Staplers | 12 | |

## ਮੁਲਾਂਕਣ (ASSESSMENT)

**ਖਾਲੀ ਥਾਵਾਂ ਭਰੋ:**

1. _ ________ ਪੇਜ ਬ੍ਰੇਕ ਨੂੰ ਦਾਖਲ ਕਰਨ ਲਈ, ਜਿੱਥੇ ਤੁਸੀ ਪੇਜ ਬ੍ਰੇਕ ਦਾਖਲ ਕਰਨਾ ਚਾਹੁੰਦੇ ਹੋ ਉਸਦੇ ਹੇਠਾਂ ਰੋਅ ਨੂੰ ਸਿਲੈਕਟ ਕਰੋ ।
2. ________ ਪੇਜ ਬ੍ਰੇਕ ਨੂੰ ਦਾਖਲ ਕਰਨ ਲਈ, ਜਿੱਥੇ ਤੁਸੀ ਪੇਜ ਬ੍ਰੇਕ ਦਾਖਲ ਕਰਨਾ ਚਾਹੁੰਦੇ ਹੋ ਉਸ ਕਾਲਮ ਦੇ ਸੱਜੇ ਪਾਸੇ ਨੂੰ ਸਿਲੈਕਟ ਕਰੋ ।
3. ਪੇਜ ਬ੍ਰੇਕ ਆਪਸ਼ਨ ***Page Layout*** ਟੈੱਬ ਦੇ ਵਿੱਚ ________ਗਰੁੱਪ ਦੇ ਹੇਠ ਉਪਲੱਬਧ ਹੁੰਦੀ ਹੈ ।
4. ਨੋਰਮਲ ਵਿਊ ਵਿੱਚ ਵਾਪਸ ਆਉਣ ਲਈ **View** ਟੈਬ ਦੇ ਹੇਠਾਂ ________ਗਰੁੱਪ ਵਿੱਚ ________ਉੱਤੇ ਕਲਿੱਕ ਕਰੋ ।

## ਸੈਸ਼ਨ 5:ਪੇਜ ਲੇਆਉਟ ਸੈਟ ਕਰਨਾ (SETING PAGE LAYOUT)

ਜੇਕਰ ਤੁਹਾਡੇ ਕੋਲ ਇੱਕ ਵਰਕਸ਼ੀਟ ਹੈ ਜਿਸ ਵਿੱਚ ਕਈ ਚਾਰਟਸ ਦੇ ਨਾਲ ਕਾਫੀ ਜਿਆਦਾ ਡਾਟਾ ਹੈ ਅਤੇ ਤੁਸੀ ਇਕ ਪ੍ਰੋਫੈਸ਼ਨਲ ਦਿੱਖ ਵਾਲਾ ਪ੍ਰਿੰਟ ਲੈਣਾ ਚਾਹੁੰਦੇ ਹੋ ਤਾਂ ਤੁਸੀ ਕੀ ਕਰੋਗੇ ? ਸਪ੍ਰੈੱਡਸ਼ੀਟ ਸਾਫਟਵੇਅਰ ਪੇਜ ਆਰਗੇਨਾਈਜਿੰਗ ਲਈ ਕਈ ਤਰਾਂ ਦੀਆਂ ਪੇਜ ਲੇਆਉਟ ਆਪਸ਼ਨਾਂ, ਪੇਜ ਲੇਆਉਟ ਆਪਸ਼ਨ ਦੀ ਵਰਤੋਂ ਨਾਲ ਮੁਹੱਈਆ ਕਰਵਾਉਂਦਾ ਹੈ। ਇਸ ਅਭਿਆਸ ਵਿੱਚ ਤੁਸੀ ਸਪ੍ਰੈੱਡਸ਼ੀਟ ਐਪਲੀਕੇਸ਼ਨ ਵਿੱਚ ਸਿੱਖੋਗੇ ਕਿ ਪੇਜ ਲੇਆਉਟ ਕਿਵੇਂ ਸੈੱਟ ਕੀਤੀ ਜਾਂਦੀ ਹੈ । ਇੱਕ ਨਵੀਂ ਸਪ੍ਰੈੱਡਸ਼ੀਟ ਖੋਲੋ ।

ਪੇਜ ਲੇਆਉਟ ਸੈੱਟ ਕਰਨ ਲਈ ਹੇਠਾਂ ਅਨੁਸਾਰ ਕਰੋ :

- ***View*** ਟੈਬ ਦੇ ਉਤੇ ***Workbook Views*** ਗਰੁੱਪ ਦੇ ਵਿੱਚ ***Page Layout*** ਆਪਸ਼ਨ ਉੱਤੇ ਕਲਿੱਕ ਕਰੋ । ਹੇਠਾਂ ਅਨੁਸਾਰ ਸਪ੍ਰੈੱਡਸ਼ੀਟ ਦਿਖਾਈ ਦੇਵੇਗੀ । ਇੱਥੇ ਤੁਸੀ ਸੈਟ ਕਰ ਸਕਦੇ ਹੋ ।
    - Margins
    - Orientation
    - Page headers and footers
    - Hide or display grid lines
    - Size of the page
    - Define the print area
    - Specify the background




**Figure 19**

- ***Page Setup*** ਗਰੁੱਪ ਦੇ ਹੇਠ ***Margins*** ਆਪਸ਼ਨ ਉੱਤੇ ਕਲਿੱਕ ਕਰੋ, ਇੱਕ ਡਰਾਪ ਡਾਊਨ ਲਿਸਟ ਤਸਵੀਰ 20 ਦੀ ਤਰਾਂ ਦਿਖਾਈ ਦਿੰਦੀ ਹੈ ।




**Figure 20**

- ਤੁਸੀ ਜਾਂ ਤਾਂ ਉਪਲੱਬਧ ਪ੍ਰੀਡਿਫਾਇੰਟ ਮਾਰਜਿਨ ਆਪਸ਼ਨਾਂ ਵਿੱਚੋਂ ਕੋਈ ਵੀ ਆਪਸ਼ਨ ਚੁਣ ਸਕਦੇ ਹੋ ਜਾਂ ਤੁਸੀ ਆਪਣਾ ਮਾਰਜਨ ***Custom Margins..*** ਆਪਸ਼ਨ ਉੱਤੇ ਕਲਿੱਕ ਕਰਕੇ ਆਪ ਡਿਫਾਇਨ ਕਰ ਸਕਦੇ ਹੋ । ਇੱਕ ਡਾਇਆਲਾਗ ਬਾਕਸ ਦਿਖਾਈ ਦਿੰਦਾ ਹੈ ।




**Figure 21**

- ਡਾਇਆਲਾਗ ਬਾਕਸ ਦੇ ਹੇਠ ਉਪਲੱਬਧ ਆਪਸ਼ਨਾਂ ਵਿੱਚੋਂ ਤੁਸੀ ਹੱਥ ਨਾਲ ਵੀ ਮਾਰਜਿਨ ਵੈਲਯੂ ਸੈੱਟ ਕਰ ਸਕਦੇ ਹੋ ।
- *Page Layout* ਟੈਬ ਦੇ ਵਿੱਚ *Page Setup* ਗਰੁੱਪ ਦੇ ਹੇਠ *Orientation* ਆਪਸ਼ਨ ਉੱਤੇ ਕਲਿੱਕ ਕਰਕੇ ਤੁਸੀ ਪੇਜ ਦੀ ਓਰੀਐਂਟੇਸ਼ਨ ਜਾਂ ਤਾਂ ਪੋਰਟਰੇਟ ਜਾਂ ਫਿਰ ਲੈਂਡਸਕੇਪ ਸੈਟ ਕਰ ਸਕਦੇ ਹੋ ।
- ਏਰੀਆ ਦੀ ਚੋਣ ਕਰਕੇ ਤੁਸੀ ਪ੍ਰਿੰਟ ਕੀਤਾ ਜਾਣ ਵਾਲਾ ਏਰੀਆ ਨਿਰਧਾਰਿਤ ਕਰ ਸਕਦੇ ਹੋ । ਹੇਠਾਂ ਅਨੁਸਾਰ ਇੱਕ ਡਰਾਪ ਡਾਊਨ ਲਿਸਟ ਦਿਖਾਈ ਦਿੰਦੀ ਹੈ ।




**Figure 22**

- ਚੁਣੇ ਹੋਏ ਨੂੰ ਪ੍ਰਿੰਟ ਕਰਨ ਲਈ ਸੈਟ ਕਰਨ ਵਾਸਤੇ ***Set Print Area*** ਉੱਤੇ ਕਲਿੱਕ ਕਰੋ । ਤੁਸੀ ***Clear Print Area*** ਆਪਸ਼ਨ ਉੱਤੇ ਕਲਿੱਕ ਕਰਕੇ ਪ੍ਰਿੰਟ ਏਰੀਆ ਕਲੀਅਰ ਵੀ ਕਰ ਸਕਦੇ ਹੋ ।
- ਤੁਸੀ ***Page Layout*** ਟੈਬ ਦੇ ਵਿੱਚ ***Page Setup*** ਗਰੁੱਪ ਦੇ ਹੇਠ ***Background*** ਆਪਸ਼ਨ ਉੱਤੇ ਕਲਿੱਕ ਕਰਕੇ ਆਪਣੀ ਸ਼ੀਟ ਲਈ ਬੈਕਗ੍ਰਾਊਂਡ ਨਿਰਧਾਰਿਤ ਕਰ ਸਕਦੇ ਹੋ ।

## ਅਭਿਆਸ

| ਲੜੀ ਨੰ. | ਕਿਰਿਆਵਾਂ |
|---|---|
| 1 | ਪਿਛਲੀ ਅਭਿਆਸ ਵਿੱਚ items_{your name}. ਨਾਮ ਨਾਲ ਬਣਾਈ ਵਰਕਸ਼ੀਟ ਨੂੰ ਖੋਲੋ । ਮਾਰਜਿਨ ਵਿੱਚ ਸੁਧਾਰ ਕਰੋ, ਡਾਕੂਮੈਂਟ ਨੂੰ ਪ੍ਰਿੰਟ ਪ੍ਰਿਵਿਊ ਨਾਲ ਵੇਖੋ ਅਤੇ ਬਦਲਾਵ ਨੂੰ ਅਬਜ਼ਰਬ ਕਰੋ । |

## ਮੁਲਾਂਕਣ (ASSESSMENT)

**ਖਾਲੀ ਥਾਵਾਂ ਭਰੋ:**

1. ਸਪ੍ਰੈੱਡਸ਼ੀਟ ਸਾਫਟਵੇਅਰ ਕਈ ਤਰਾਂ ਦੀਆਂ ਪੇਜ ਲੇਆਊਟ ਆਪਸ਼ਨਾਂ ___________ਵਿਊ ਦੀ ਵਰਤੋਂ ਨਾਲ ਪੇਜ ਆਰਗੇਨਾਈਜ਼ਿੰਗ ਲਈ ਮੁਹੱਈਆ ਕਰਵਾਉਂਦਾ ਹੈ ।
2. ਮਾਰਜਿਨ ਆਪਸ਼ਨ ___________ਗਰੁੱਪ ਦੇ ਹੇਠ ___________ਟੈਬ ਵਿੱਚ ਉਪਲੱਬਧ ਹੁੰਦੀ ਹੈ ।
3. ਪੇਜ ਓਰੀਐਂਟੇਸ਼ਨ ਦੋ ਤਰਾਂ ਦੀ ___________ਅਤੇ ___________ਹੁੰਦੀ ਹੈ ।

## ਸੈਸ਼ਨ 6: ਕਾਰਜ ਪੁਸਤਕ ਵਿਊ ਮੈਨੇਜ ਕਰਨਾ (MANAGING WORKBOOK VIEWS)

### ਸਬੰਧਤ ਜਾਣਕਾਰੀ

ਪ੍ਰਿੰਟਿੰਗ ਵੇਲੇ ਸ਼ੀਟ ਦੇ ਨਤੀਜੇ ਵੇਖਣ ਦੇ ਮਕਸਦ ਲਈ ਸਪ੍ਰੈੱਡਸ਼ੀਟ ਯੂਜ਼ਰ ਨੂੰ ਪਰਿਵਰਤਨਸ਼ੀਲ ਵਿਊ ਦੀ ਪੇਸ਼ਕਸ਼ ਕਰਦੀ ਹੈ ।

ਸਪ੍ਰੈੱਡਸ਼ੀਟ ਵਿੱਚ 5 ਤਰਾਂ ਦੀਆਂ ਕਿਸਮਾਂ ਦੇ ਵਿਊ (views) ਉਪਲੱਬਧ ਹਨ।

- Normal
- Page Layout
- Page Break Preview
- Custom Views
- Full Screen

**View** ਟੈਬ ਦੇ ਵਿੱਚ **Workbook Views** ਦੇ ਹੇਠਾਂ ਸਹੀ ਆਪਸ਼ਨ ਕਲਿੱਕ ਕਰਕੇ ਤੁਸੀ ਉੱਪਰ ਦੱਸੇ ਵਿਊ ਵਿੱਚੋਂ ਕੋਈ ਇੱਕ ਚੁਣ ਸਕਦੇ ਹੋ।




**Figure 23**

**Normal View :** ਸਪ੍ਰੈੱਡਸ਼ੀਟ ਐਪਲੀਕੇਸ਼ਨ ਦਾ ਡਿਫਾਲਟ ਵਿਊ, ਨਾਰਮਲ ਵਿਊ (**Normal View**) ਹੈ । ਇਹ ਵਰਕ ਏਰੀਆ ਦੇ ਵਿੱਚ ਅਰੇਂਜ ਕੀਤੇ ਸੈੱਲਾਂ ਦਾ ਸਮੂਹ ਹੈ ।

**Page Layout :** ਇੱਕ ਵਰਕ ਸ਼ੀਟ ਜਿਸ ਵਿੱਚ ਕਈ ਚਾਰਟਸ ਜਾਂ ਕਾਫੀ ਮਾਤਰਾ ਵਿੱਚ ਡਾਟਾ ਹੋਵੇ ਨੂੰ ਛੇਤੀ ਠੀਕ ਕਰਨ ਲਈ, ਤੁਸੀ ਪੇਜ ਲੇਆਉਟ ਵਿਊ ਨੂੰ ਚੁਣ ਸਕਦੇ ਹੋ ਅਤੇ ਪ੍ਰੋਫੈਸ਼ਨਲ ਦਿੱਖ ਵਾਲੇ ਨਤੀਜੇ ਪ੍ਰਾਪਤ ਕਰ ਸਕਦੇ ਹੋ।

**Page Break Preview :** ਇਹ ਆਪਸ਼ਨ ਪੇਜ ਲੇਆਉਟ ਆਪਸ਼ਨ ਦੇ ਵਾਂਗ ਹੀ ਹੈ ਬਸ ਇਸ ਵਿੱਚ ਤੁਸੀ ਪੇਜ ਏਰੀਆ ਸੈੱਟ ਕਰ ਸਕਦੇ ਹੋ ਜਿਹੜਾ ਕਿ ਪੇਜ ਬ੍ਰੇਕ ਤੋਂ ਬਾਅਦ ਪੇਜ ਦੀ ਤਰਾਂ ਸੈਟ ਕਰਨਾ ਹੈ ।

**Custom Views**: ਜੇਕਰ ਤੁਸੀ ਡਾਕੂਮੈਂਟ ਦਾ ਸਿਲੈਕਟ ਕੀਤਾ ਹੋਇਆ ਏਰੀਆ ਵੇਖਣਾ ਚਾਹੁੰਦੇ ਹੋ ਤਾਂ ਤੁਸੀ ਕਸਟਮ ਵਿਊ ਆਪਸ਼ਨ ਵਰਤ ਸਕਦੇ ਹੋ । ਉਦਾਹਰਣ ਲਈ ਜੇਕਰ ਤੁਸੀ ਖਾਸ ਰੋਅ ਅਤੇ ਕਾਲਮ ਵੱਲ ਇਸ਼ਾਰਾ ਕਰਨਾ ਚਾਹੁੰਦੇ ਹੋ ਤਾਂ ਤੁਸੀ ਉਸ ਨੂੰ ਕਸਟਮ ਵਿਊ ਵਿੱਚ ਸ਼ਾਮਲ ਕਰ ਸਕਦੇ ਹੋ ।

**Full Screen**: ਇਸ ਆਪਸ਼ਨ ਨੂੰ ਚੁਣਨ ਉੱਤੇ ਵਰਕ ਬੁੱਕ ਪੂਰੀ ਸਕਰੀਨ ਨੂੰ ਢੱਕ ਲੈਂਦੀ ਹੈ । ਇਸ ਵਿਊ ਵਿੱਚ ਸਾਰੇ ਟੈਬ ਛੁਪ ਜਾਂਦੇ ਹਨ।ਟੈਬ ਨੂੰ ਦੁਬਾਰਾ ਵਾਪਸ ਲਿਆਉਣ ਲਈ **File→ Restore** ਉੱਤੇ ਕਲਿੱਕ ਕਰੋ ।

ਇਸਦੇ ਨਾਲ ਸਪ੍ਰੈੱਡਸ਼ੀਟ ਵਿੱਚ ਤੁਸੀ ਮਲਟੀਪਲ ਵਿੰਡੋਜ਼ ਨੂੰ ਖੋਲ ਸਕਦੇ ਹੋ ਜੋ ਮੌਜੂਦਾ ਸਪ੍ਰੈੱਡਸ਼ੀਟ ਨੂੰ ਦਿਖਾਉਂਦਾ ਹੈ ਅਤੇ ਤਦ ਉਹਨਾਂ ਵਿੰਡੋਜ਼ ਦਾ ਕਈ ਢੰਗਾ ਵਿੱਚ ਪ੍ਰਬੰਧ ਕਰਦਾ ਹੈ । ਤੁਸੀ ਮਲਟੀਪਲ ਵਰਕਬੁੱਕ ਵਿੰਡੋਜ਼ ਨੂੰ ਵੀ ਖੋਲ ਸਕਦੇ ਹੋ ਅਤੇ ਉਹਨਾਂ ਦਾ ਪ੍ਰਬੰਧ ਕਰ ਸਕਦੇ ਹੋ।

ਅਲੱਗ ਵਿੰਡੋ ਵਿੱਚ ਵਰਕਬੁੱਕ ਦਾ ਦੂਜਾ ਇਂਸਟਾਂਸ ਖੋਲਣ ਲਈ :

- ***Window*** ਗਰੁੱਪ ਦੇ ਵਿੱਚ ***View*** ਟੈਬ ਦੇ ਉਤੇ ***New Window*** ਬਟਨ ਕਲਿੱਕ ਕਰੋ।

ਮਲਟੀਪਲ ਪ੍ਰੋਗਰਾਮ ਵਿੰਡੋ ਦਾ ਪ੍ਰਬੰਧ ਕਰਨ ਲਈ:

- ***Window*** ਗਰੁੱਪ ਵਿਚ ***Arrange All*** ਬਟਨ ਉੱਤੇ ਕਲਿੱਕ ਕਰੋ । ਇਕ ***Arrange Windows*** ਡਾਈਲਾਗ ਬਾਕਸ ਦਿਸਦਾ ਹੈ।
- ***Tiled***, ***Horizontal***, ***Vertical*** ਜਾਂ ***Cascade*** ਆਪਸ਼ਨ ਉੱਤੇ ਕਲਿੱਕ ਕਰੋ ।
- ਮੌਜੂਦਾ ਵਰਕਬੁੱਕ ਦੇ ਸਿਰਫ ਵਿੰਡੋ ਡਿਸਪਲੇਇੰਗ ਵਿਊ ਨੂੰ ਸ਼ਾਮਲ ਕਰਨ ਲਈ ***Windows of active workbook*** ਚੈੱਕ ਬਾਕਸ ਨੂੰ ਚੁਣੋ ।
- ***OK*** ਉੱਤੇ ਕਲਿੱਕ ਕਰੋ।




Figure 24

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | **View** ਮੀਨੂੰ ਉਤੇ ਵਿੰਡੋ ਗਰੁੱਪ ਵਿੱਚ ਕਮਾਂਡਸ ਦੀ ਵਰਤੋਂ ਕਰਕੇ ਅਭਿਆਸ SS2 ਵਿੱਚ ਬਣਾਈ ਵਰਕਸ਼ੀਟ ਨਾਮ Marks_{your name}, SS3 ਨਾਮ expenses_{your name} ਅਤੇ SS 4 ਨਾਮ items_{your name} ਨੂੰ ਦੁਬਾਰਾ ਖੋਲੋ।ਤਿੰਨੇ ਵਿੰਡੋਜ਼ ਨੂੰ Tile ਕਰੋ ਅਤੇ ਤਦ ਉਹਨਾਂ ਨੂੰ ਅਰੇਂਜ ਕਰੋ ਕਿ ਉਹ ਇੱਕ ਦੂਜੇ ਨੂੰ ਢੱਕ ਲੈਣ । ਹਰੇਕ ਵਿੰਡੋ ਨੂੰ ਅਲੱਗ ਮੂਵ ਕਰੋ ਅਤੇ ਵੇਖੋ ਦੂਜੀਆਂ ਵਿੱਚ ਕੀ ਹੁੰਦਾ ਹੈ। **Cascade** ਅਤੇ **Tile** ਆਪਸ਼ਨ ਨੂੰ ਵੀ ਕਰਨ ਦੀ ਕੋਸ਼ਿਸ਼ ਕਰੋ। |
| 2 | ਇਕ ਵਰਕਬੁੱਕ ਦੇ ਦੂਜੇ ਇਨਸਟਾਂਸ ਨੂੰ ਖੋਲਣ ਲਈ ਨਿਊ ਵਿੰਡੋ ਕਮਾਂਡ ਨੂੰ ਵਰਤੋਂ । ਫਿਰ ਐਕਟਿਵ ਵਰਕਬੁੱਕ ਦੀਆਂ ਦੋ ਵਿੰਡਜ਼ਸ ਨੂੰ ਹੋਰੀਜ਼ੋਂਟਲੀ ਅਰੇਂਜ ਕਰੋ । |

## ਮੁਲਾਂਕਣ (ASSESSMENT)

**ਖਾਲੀ ਥਾਂਵਾਂ ਭਰੋ:**

1. ਅਲੱਗ-2 ਵਿਊਸ (views) ਦੀਆਂ ਕਿਸਮਾਂ ਵਿਊ ਟੈਬ ਵਿੱਚ __________ ਹੇਠ ਉਪਲੱਬਧ ਹਨ ।
2. ਵਿਊ ਦੀਆਂ ਪੰਜ ਕਿਸਮਾਂ __________,__________,__________,__________ ਅਤੇ __________ ਹਨ ।
3. __________ ਵਰਕ ਬੁੱਕ ਦਾ ਸਿਲੈਕਟ ਕੀਤਾ ਹੋਇਆ ਏਰੀਆ ਵੇਖਣ ਵਿੱਚ ਸਹਾਇਤਾ ਕਰਦਾ ਹੈ ।

## ਸੈਸ਼ਨ 7: ਸੈੱਲ ਅਤੇ ਰੇਂਜ ਨਾਮ ਅਪਲਾਈ ਕਰਨਾ (APPLYING CELL AND RANGE NAMES)

### ਸਬੰਧਤ ਜਾਣਕਾਰੀ

ਤੁਸੀ ਵਰਕਸ਼ੀਟ ਵਿਚ ਸੈੱਲਾਂ ਦਾ ਨਾਮ ਨਿਰਧਾਰਿਤ ਕਰ ਸਕਦੇ ਹੋ ਅਤੇ ਤੇਜ਼ੀ ਨਾਲ ਖਾਸ ਸੈੱਲ ਨੂੰ ਲੱਭਣ ਲਈ ਨਾਮ ਭਰ ਕੇ ਇਸ ਨੂੰ ਵਰਤੋ । ਇਹ ਲਾਭਦਾਇਕ ਹੋ ਸਕਦਾ ਹੈ ਜਦੋਂ ਤੁਸੀ ਵੱਡੀਆਂ ਸਪ੍ਰੈਡਸ਼ੀਟਾਂ ਨਾਲ ਕੰਮ ਕਰ ਰਹੇ ਹੋ । ਉਦਾਹਰਣ ਲਈ, ਜੇਕਰ ਤੁਹਾਡੇ ਕੋਲ ਕਰਿਆਨੇ ਅਤੇ ਕੀਮਤਾਂ ਦੀਆਂ ਲੰਬੀਆਂ ਸੂਚੀਆਂ ਹਨ ਤਾਂ ਤੁਸੀ ਛੇਤੀ ਹੀ ਲੱਭਣ ਅਤੇ ਸਾਰੀ ਸੂਚੀ ਵਿਚੋਂ ਫਲਾਂ ਦੀ ਕੁੱਲ ਕੀਮਤ ਪਤਾ ਕਰਨ ਲਈ ਨਾਮ ਨੂੰ ਵਰਤ ਸਕਦੇ ਹੋ । ਇਸ ਅਭਿਆਸ ਵਿਚ ਤੁਸੀ ਸੈੱਲ ਅਤੇ ਰੇਂਜ ਨਾਮ ਨਾਲ ਕੰਮ ਕਰਨਾ ਸਿਖੱਗੇ ।

ਇਕ ਨਵੀਂ ਸਪ੍ਰੈਡਸ਼ੀਟ ਖੋਲੋ ਅਤੇ ਹੇਠਾਂ ਦਿੱਤੀਆਂ ਕੀਮਤਾਂ ਭਰੋ (ਤਸਵੀਰ ਹੇਠਾਂ ਹੈ) :

E10 | fx

| | A | B |
|---|---|---|
| 1 | Groceries Price List | |
| 2 | Item | Cost |
| 3 | Apple | 30 |
| 4 | Banana | 5 |
| 5 | Cabbage | 20 |
| 6 | Cauliflower | 20 |
| 7 | Cherry | 20 |
| 8 | Chilli | 100 |
| 9 | Cucumber | 30 |
| 10 | Ginger | 60 |
| 11 | Grape | 30 |
| 12 | Guava | 30 |
| 13 | Mango | 12 |
| 14 | Pineapple | 15 |
| 15 | Potato | 20 |
| 16 | Pumpkin | 25 |
| 17 | Spinach | 25 |
| 18 | Tomato | 14 |

**Figure 25**

ਹੁਣ ਰੇਂਜ ਨੇਮ ਨੂੰ ਅਪਲਾਈ ਕਰਨ ਲਈ ਹੇਠਾਂ ਅਨੁਸਾਰ ਕਰੋ:

- ਸੈੱਲਾਂ ਦੇ ਵਿਰੁੱਧ ਖਰਚੇ ਨੂੰ ਚੁਣੋ ਜੋ ਕਿ ਐਪਲ, ਬਨਾਨਾ, ਚੈਰੀ, ਗਰੇਪਸ, ਗਾਵਾ, ਮੈਗੋਂ, ਪਾਈਨੈਪਲ ਦੀਆਂ ਕੀਮਤਾਂ ਹਨ। ( **Ctrl** ਕੀਅ ਨੂੰ ਦਬਾ ਕੇ ਰੱਖੋ ਅਤੇ ਸੈਲਾਂ ਉੱਤੇ ਕਲਿੱਕ ਕਰੋ-ਤੁਸੀ ਚੁਣੀਂਦਾ ਸੈੱਲ ਇਕੱਠਾ ਚੁਣ ਸਕਦੇ ਹੋ !) ਰਾਈਟ ਕਲਿੱਕ ਕਰੋ ਅਤੇ ***Name a Range….*** ਨੂੰ ਚੁਣੋ । ਇਸ ਦੇ ਉਲਟ ਤੁਸੀ ***Formulas*** ਟੈਬ ਵਿੱਚ ***Defines Names*** ਗਰੁੱਪ ਹੇਠ ***Defines Name*** ਨੂੰ ਚੁਣ ਸਕਦੇ ਹੋ ।
- ਨਾਮ ਭਰਨ ਲਈ ਇੱਕ ***New Name*** ਡਾਇਆਲਾਗ ਬਾਕਸ ਦਿਸਦਾ ਹੈ । ***Name*** ਫੀਲਡ ਵਿੱਚ **Fruits** ਭਰੋ ਅਤੇ **OK** ਉੱਤੇ ਕਲਿੱਕ ਕਰੋ। (ਤਸਵੀਰ ਹੇਠਾਂ ਹੈ)




**Figure 26**

- ਜਿਹੜੇ ਸੈਲਾਂ ਦੇ ਵਿੱਚ *Cabbage, Cauliflower, Chilli, Cucumber, Ginger, Potato, Pumpkin, Spinach, Tomato* ਕੀਮਤ ਹੈ ਉਹਨਾਂ ਦੇ ਸਾਹਮਣੇ ਖਰਚ (cost) ਨੂੰ ਚੁਣੋ । ਰਾਈਟ ਉੱਤੇ ਕਲਿੱਕ ਕਰੋ ਅਤੇ ਇਸ ਗਰੁੱਪ ਲਈ **Vegetables** ਨਾਮ ਡਿਫਾਈਨ ਕਰੋ ।




**Figure 27**

ਜੇਕਰ ਤੁਸੀ ਲਿਸਟ ਵਿੱਚੋਂ ਫਲਾਂ ਦਾ ਕੁੱਲ ਖਰਚਾ ਕੈਲਕੁਲੇਟ ਕਰਨ ਚਾਹੁੰਦੇ ਹੋ ਤਾਂ, ਖਾਲੀ ਸੈੱਲ ਨੂੰ ਚੁਣੋ ।

- ਫਲਾਂ ਦੀ ਕੁੱਲ ਕੀਮਤ ਟਾਈਪ ਕਰੋ ਅਤੇ ਨੇੜੇ ਦੇ ਸੈੱਲ ਵਿੱਚ **=SUM(Fruits)** ਟਾਈਪ ਕਰੋ ਅਤੇ ਐਂਟਰ ਦਬਾਓ ।

ਧਿਆਨ ਦਿਓ ਕਿ ਸਾਰੀਆਂ ਆਈਟਮਾਂ ਜਿਹਨਾਂ ਨੂੰ ਫਲਾਂ (Fruits) ਦਾ ਨਾਮ ਦਿੱਤਾ ਸੀ ਦਾ ਕੁੱਲ ਖਰਚ ਦਿਖਾਈ ਦਿੰਦਾ ਹੈ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਸੈੱਲ ਅਤੇ ਸੈੱਲ ਰੇਂਜ (cells and cell ranges) ਦਾ ਨਾਮ ਅਪਲਾਈ ਕਰੋ ਅਤੇ ਉਹਨਾਂ ਨੂੰ ਫਾਰਮੂਲੇ ਵਿੱਚ ਵਰਤੋ । |
| 2 | ਇਸ ਅਭਿਆਸ ਵਿੱਚ ਬਣਾਈ ਵਰਕਸ਼ੀਟ ਦੀ ਵਰਤੋਂ ਕਰਕੇ ਵੇਜੀਟੇਬਲ ਦਾ ਖਰਚ ਕੈਲਕੁਲੇਟ ਕਰੋ।ਵਰਕਬੁੱਕ ਨੂੰ Grocery_{your name} ਨਾਮ ਨਾਲ ਸੇਵ ਕਰੋ । |

## ਮੁਲਾਂਕਣ (ASSESSMENT)

**ਖਾਲੀ ਸਥਾਨ ਭਰੋ:**

1. ਵਰਕਸ਼ੀਟ ਵਿੱਚ ਸੈਲ ਦਾ ਨਾਮ ਅਸਾਈਨ ਕਰਨਾ ਖਾਸ ਸੈੱਲ ਨੂੰ ______ ਵਿੱਚ ਤੁਹਾਡੀ ਮਦਦ ਕਰਦਾ ਹੈ ।
2. ***Defines Names*** ਆਪਸ਼ਨ ______ਗਰੁੱਪ ਹੇਠ ______ਟੈਬ ਵਿੱਚ ਉਪਲੱਬਧ ਹੈ ।

## ਸੈਸ਼ਨ 8 :ਚਾਰਟ ਬਣਾਉਣੇ,ਸੁਧਾਰਨੇ ਅਤੇ ਫਾਰਮੈਟ ਕਰਨੇ (CREATING MODIFING AND FORMATING CHARTS)

### ਸਬੰਧਤ ਜਾਣਕਾਰੀ

ਇੱਕ ਚਾਰਟ ਡਾਟੇ ਦੀ ਗ੍ਰਾਫੀਕਲ ਪੇਸ਼ਕਾਰੀ ਹੈ, ਜਿਸ ਵਿੱਚ ਡਾਟਾ ਚਿੰਨਾਂ ਦੁਆਰਾ ਦਰਸਾਇਆ ਜਾਂਦਾ ਹੈ ਜਿਵੇਂ ਕਿ ਬਾਰ ਚਾਰਟ ਵਿੱਚ ਬਾਰਸ (bars), ਲਾਈਨ ਚਾਰਟ ਵਿੱਚ ਲਾਈਨਸ (lines) ਜਾਂ ਪਾਈ ਚਾਰਟ ਵਿੱਚ ਸਲਾਈਸ । ਚਾਰਟ ਟੇਬਲ ਦੇ ਰੂਪ ਵਿੱਚ ਨਿਊਮੈਰਿਕ ਡਾਟਾ, ਫੰਕਸ਼ਨ ਜਾਂ ਕੁਝ ਕਿਸਮ ਦੇ ਗੁਣਾਤਮਕ ਸਟਰਕਚਰ ਨੂੰ ਪੇਸ਼ ਕਰ ਸਕਦਾ ਹੈ।

ਸਪ੍ਰੈੱਡਸ਼ੀਟ ਵਿੱਚ ਦਿੱਤੇ ਡਾਟੇ ਉੱਤੇ ਅਧਾਰਿਤ ਸਪ੍ਰੈੱਡਸ਼ੀਟ ਤੁਹਾਨੂੰ ਚਾਰਟਸ ਨੂੰ ਬਣਾਉਣ, ਸੁਧਾਰਨ ਅਤੇ ਫਾਰਮੈਟ ਕਰਨ ਦੇ ਕਾਬਲ ਬਣਾਉਂਦੀ ਹੈ।ਇਸ ਅਭਿਆਸ ਵਿੱਚ ਤੁਸੀ ਸਪ੍ਰੈੱਡਸ਼ੀਟ ਦੀ ਵਰਤੋਂ ਨਾਲ ਚਾਰਟਸ ਨੂੰ ਬਣਾਉਣਾ, ਸੁਧਾਰਨਾ ਅਤੇ ਫਾਰਮੈਟ ਕਰਨਾ ਸਿੱਖੋਗੇ।

expenses_{your name} ਵਰਕਸ਼ੀਟ ਨੂੰ ਦੁਬਾਰਾ ਖੋਲੋ।

G6 | fx | 680

| | A | B | C | D | E | F | G | H | I |
|---|---|---|---|---|---|---|---|---|---|
| 1 | Name | January | February | March | April | May | June | | |
| 2 | House Rent | 2500 | 2550 | 2550 | 3000 | 3500 | 3600 | | |
| 3 | Electric Bill | 700 | 750 | 800 | 850 | 900 | 625 | | |
| 4 | Grocery Expenses | 1000 | 1200 | 950 | 850 | 1500 | 1250 | | |
| 5 | Travelling Expenses | 500 | 600 | 750 | 680 | 1000 | 950 | | |
| 6 | Phone/Mobile Bill | 400 | 500 | 350 | 600 | 800 | 680 | | |
| 7 | | | | | | | | | |
| 8 | | | | | | | | | |
| 9 | | | | | | | | | |

Figure 28

ਹੁਣ ਚਾਰਟ ਨੂੰ ਬਣਾਉਣ ਲਈ ਹੇਠਾਂ ਅਨੁਸਾਰ ਕਰੋ:

- ਸਾਰਾ ਖਰਚ ਡਾਟਾ ਚੁਣੋ ।
- ***Insert*** ਟੈਬ ਦੇ ਹੇਠ ***Charts*** ਗਰੁੱਪ ਵਿੱਚੋਂ ਜੋ ਤੁਸੀ ਚਾਹੁੰਦੇ ਹੋ ਉਹ ਚਾਰਟ ਦੀ ਕਿਸਮ ਚੁਣੋ ।
- ਚਾਰਟ ਦੀ ਕਿਸਮ ਚੁਣਨ ਤੋਂ ਬਾਅਦ ਸਪ੍ਰੈੱਡਸ਼ੀਟ ਹੇਠਾਂ ਦਿਖਾਏ ਅਨੁਸਾਰ ਦਿਸੇਗੀ ।




**Figure 29**

- ਡਾਟਾ ਟੇਬਲ ਵਿੱਚ ਜਰੂਰੀ ਬਦਲਾਵ ਕਰਕੇ ਤੁਸੀ ਚਾਰਟ ਦੀ ਕੀਮਤ ਸੋਧ (modify) ਸਕਦੇ ਹੋ।




**Figure 30**

ਚਾਰਟ ਦੇ ਕਈ ਐਲੀਮੈਂਟਸ ਹੁੰਦੇ ਹਨ, ਫਿਰ ਵੀ ਸਿਰਫ ਕੁਝ ਹੀ ਐਲੀਮੈਂਟਸ ਆਪਣੇ ਆਪ ਦਿਖਾਈ ਦਿੰਦੇ ਹਨ

ਹੇਠਾਂ ਉਪੱਰਲੇ ਚਾਰਟ ਵਿੱਚ ਵਰਤੇ ਗਏ ਐਲੀਮੈਂਟਸ ਦਾ ਇੱਕ ਵੇਰਵਾ ਹੈ

1. ***Chart Area*** of the Chart
2. ***Plot Area*** of the Chart
3. ***Data Points*** that are plotted in the chart
4. ***Horizontal and Vertical Axis*** in the chart
5. ***Legend*** of the chart
6. ***Chart and Axis Title*** used in the chart

7. ***Data Label*** for identifying details of data point in the chart

ਨੋਟ:ਇਕ ਵਾਰ ਜਦੋਂ ਤੁਸੀ ਸਪ੍ਰੈੱਡਸ਼ੀਟ ਵਿੱਚ ਚਾਰਟ ਦਾਖਲ ਕਰਦੇ ਹੋ ਤਿੰਨ ਵਾਧੂ ਟੈਬ Ribbon ਉੱਤੇ ਉਪਲੱਬਧ ਹੁੰਦੇ ਹਨ ਜਿਹਨਾਂ ਦਾ ਨਾਮ ***Design***, ***Layout*** ਅਤੇ ***Format*** ਹੈ।ਤੁਸੀ ਉਪਲੱਬਧ ਤਿੰਨ ਟੈਬ ਦੇ ਨਾਲ ਚਾਰਟ ਨੂੰ ਐਡਿਟ, ਡਿਜ਼ਾਇਨ,ਲੇਆਉਟ ਅਤੇ ਫਾਰਮੈਟ ਕਰ ਸਕਦੇ ਹੋ।ਤੁਸੀ **ਡਿਜ਼ਾਇਨ ਟੈਬ** ਵਿੱਚ ਚਾਰਟ ਦੀ ਕਿਸਮ, ਚਾਰਟ ਆਪਸ਼ਨ ਆਦਿ ਬਦਲ ਸਕਦੇ ਹੋ ਅਤੇ **ਲੇਆਊਟ ਟੈਬ** ਵਿੱਚ ਟਾਈਟਲ ਆਦਿ ਦੇ ਸਕਦੇ ਹੋ ਅਤੇ **ਫਾਰਮੈਟ ਟੈਬ** ਦੇ ਹੇਠ ਬਾਰਡਰ , ਰੰਗ ਅਤੇ ਸਾਈਜ਼ ਆਦਿ ਆਪਸ਼ਨ ਸੈੱਟ ਕਰ ਸਕਦੇ ਹੋ।




**Figure 31**

ਚਾਰਟ ਦੀ ਸਹੀ ਕਿਸਮ ਚੁਣਨਾ ਬਹੁਤ ਜਿਆਦਾ ਮਹੱਤਵਪੂਰਨ ਹੈ । ਵੱਖ-2 ਚਾਰਟ ਡਾਟੇ ਨੂੰ ਵੱਖ-2 ਤਰੀਕਿਆਂ ਨਾਲ ਡਿਸਪਲੇ ਕਰਦੇ ਹਨ।ਸਭ ਤੋਂ ਵਧੀਆ ਚਾਰਟ ਦੀ ਕਿਸਮ ਅਤੇ ਫਾਰਮੈਟ ਵਰਤਣਾ ਤੁਹਾਡੀ ਸਭ ਤੋਂ ਅਸਰਦਾਰ ਤਰੀਕੇ ਨਾਲ ਵਿਜ਼ੂਅਲੀ ਡਾਟਾ ਡਿਸਪਲੇ ਕਰਨ ਵਿੱਚ ਮਦਦ ਕਰਦਾ ਹੈ।

**Bar charts:** ਬਾਰ ਚਾਰਟ (horizontal bars) ਸਮੇਂ ਦੀ ਇੱਕ ਨਿਸਚਿਤ ਮਿਆਦ ਉੱਤੇ ਆਈਟਮਸ ਵਿਚਕਾਰ ਤੁਲਨਾ ਉੱਤੇ ਜ਼ੋਰ ਦਿੰਦੀ ਹੈ । ਇਸ ਚਾਰਟ ਦੀ ਕਿਸਮਾਂ ਵਿੱਚ cylinder, cone ਅਤੇ pyramid subtypes ਵੀ ਸ਼ਾਮਿਲ ਹਨ ।

**Column charts**: ਕਾਲਮ ਚਾਰਟ ਬਾਰ ਚਾਰਟ ਤੋਂ ਉਲਟ ਜਿਸਦੇ ਨਾਲ ਇਹਦੀ ਅਕਸਰ ਤੁਲਨਾ ਕੀਤੀ ਜਾਂਦੀ ਹੈ, ਇੱਕ ਮਿਆਦ ਦੇ ਦੌਰਾਨ ਪਰਿਵਰਤਨ ਉੱਤੇ ਜੋਰ ਦਿੰਦਾ ਹੈ । ਇਸ ਚਾਰਟ ਦੀਆਂ ਕਿਸਮਾਂ ਵਿੱਚ ਵੀ cylinder, cone ਅਤੇ pyramid subtypes ਸ਼ਾਮਿਲ ਹਨ ।

**Line charts**: ਲਾਈਨ ਚਾਰਟ ਇਕ ਸਮੇਂ ਤੋਂ ਬਾਅਦ ਡਾਟੇ ਵਿੱਚ ਬਦਲਾਵ(changes) ਦਾ ਸਬੰਧ ਦਿਖਾਉਂਦਾ ਹੈ ।

**Pie charts**: ਪਾਈ ਚਾਰਟ ਵਿੱਚ ਸਿਰਫ ਇੱਕ ਚਾਰਟ ਡਾਟਾ ਸੀਰੀਜ਼ ਹੁੰਦੀ ਹੈ । ਪਾਈ ਚਾਰਟ ਪੂਰਾ ਕਰਨ ਲਈ ਪਾਰਟਸ ਦੇ ਸਬੰਧ ਨੂੰ ਦਿਖਾਉਂਦਾ ਹੈ ।

**Area charts**: ਏਰੀਆ ਚਾਰਟ ਸਮੇਂ ਦੇ ਨਾਲ ਸਬੰਧਤ ਕੀਮਤਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ ।

**XY (Scatter) charts**: ਸਕੈਟਰ ਚਾਰਟ ਡਾਟਾ ਪੁਆਇੰਟਸ ਦੇ ਵਿੱਚ ਸਹਿ-ਸਬੰਧ ਦਿਖਾਉਣ ਲਈ ਲਾਭਦਾਇਕ ਹੁੰਦੇ ਹਨ ਜੋ ਕਿ ਇਕੱਲੇ ਡਾਟੇ ਵਿੱਚੋਂ ਵੇਖਣੇ ਅਸਾਨ ਨਹੀਂ ਹੋ ਸਕਦੇ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਚਾਰਟ ਬਣਾਓ। |
| 2. | ਹੇਠਾਂ ਦਿੱਤੇ ਸੇਲਸ ਡਾਟੇ ਦੀ ਮਦਦ ਨਾਲ ਇੱਕ ਵਰਕਸ਼ੀਟ ਬਣਾਓ। |

| | A | B | C | D | E |
|---|---|---|---|---|---|
| 1 | Location | January | April | July | October |
| 2 | Acapulco | 10 | 5 | 208 | 145 |
| 3 | Amsterdam | 69 | 53 | 76 | 74 |
| 4 | Anchorage | 17 | 13 | 42.5 | 52 |
| 5 | Dallas | 48 | 87.5 | 62 | 118 |
| 6 | Glasgow | 110 | 50 | 61 | 112 |
| 7 | Madrid | 39 | 48 | 11 | 53 |
| 8 | New York | 99 | 100 | 115 | 86 |
| 9 | Tokyo | 101 | 121 | 189 | 172 |
| 10 | Toronto | 55.2 | 65.4 | 71 | 63.5 |

| | |
|---|---|
| 3 | ਇਸ ਡਾਟੇ ਦੀ ਵਰਤੋਂ ਕਰ ਕੇ ਬਾਰ ਅਤੇ ਲਾਈਨ ਚਾਰਟ ਬਣਾਓ। ਇਸਨੂੰ ਹੋਰ ਆਕਰਸ਼ਕ ਬਣਾਉਣ ਲਈ ਆਪਣੇ ਚਾਰਟ ਦਾ ਡਿਜ਼ਾਇਨ ਵਧੀਆ ਬਣਾਓ । |
| 4. | ਹਰੇਕ ਸ਼ਹਿਰ ਦੀ ਕੁੱਲ ਸੇਲ ਕੈਲਕੁਲੇਟ ਕਰੋ।ਹਰੇਕ ਸ਼ਹਿਰ ਦੀ ਕੁੱਲ ਸੇਲ ਨੂੰ ਦਰਸਾਉਂਦਾ ਪਾਈ ਚਾਰਟ ਬਣਾਓ। |

## ਮੁਲਾਂਕਣ (ASSESSMENT)

### I. ਖਾਲੀ ਸਥਾਨ ਭਰੋ:

1. ਇੱਕ ਚਾਰਟ ਡਾਟੇ ਦਾ _________ _________ ਹੈ ਜਿਸ ਵਿੱਚ ਡਾਟਾ ਚਿੰਨਾਂ ਦੁਆਰਾ ਦਰਸਾਇਆ ਜਾਂਦਾ ਹੈ ਜਿਵੇਂ ਕਿ ਬਾਰ ਚਾਰਟ ਵਿੱਚ _________, ਲਾਈਨ ਚਾਰਟ ਵਿੱਚ _________ ਜਾਂ ਪਾਈ ਚਾਰਟ ਵਿੱਚ _________

2. ਸਪ੍ਰੈੱਡਸ਼ੀਟ ਵਿੱਚ ਚਾਰਟ ਦਾਖਲ ਕਰਨ ਤੋਂ ਬਾਅਦ ਉਪਲੱਬਧ ਤਿੰਨ ਟੈਬ _________, _________ ਅਤੇ _________ ਹਨ ।

### II. ਹੇਠਾਂ ਜੁਆਬ ਦਿਓ

1. ਸੱਤ ਚਾਰਟ ਐਲੀਮੈਂਟਸ ਦੀ ਲਿਸਟ ਬਣਾਓ ।
2. ਸਪ੍ਰੈੱਡਸ਼ੀਟ ਵਿੱਚ ਉਪਲੱਬਧ ਚਾਰਟ ਦੀਆਂ ਪੰਜ ਕਿਸਮਾਂ ਦੀ ਲਿਸਟ ਬਣਾਓ ।

## ਸੈਸ਼ਨ 9: ਡਾਟਾ ਸੋਰਟ ਅਤੇ ਫਿਲਟਰ ਕਰਨਾ (SORTING AND FILTERING DATA)

### ਸਬੰਧਤ ਜਾਣਕਾਰੀ

ਸੋਰਟ (Sort) ਇਕ ਵਿਸ਼ੇਸ਼ਤਾ ਹੈ ਜੋ ਕਿ ਤੁਹਾਡੇ ਚੁਣੇ ਹੋਏ ਡਾਟਾ ਨੂੰ ਜਾਂ ਵਧਦੇ ਜਾਂ ਘੱਟਦੇ ਕ੍ਰਮ ਵਿਚ ਅਰੇਂਜ ਕਰਨ ਵਿੱਚ ਮਦਦ ਕਰਦੀ ਹੈ। ਫਿਲਟਰ ਇਕ ਵਿਸ਼ੇਸ਼ਤਾ ਹੈ ਜਿਹੜਾ ਕਿ ਕੁਝ ਸ਼ਰਤਾਂ ਦੀ ਵਰਤੋਂ ਕਰਦੇ ਹੋਏ ਖਾਸ ਡਾਟਾ ਨੂੰ ਕੱਢਣ ਲਈ ਵਰਤਿਆ ਜਾਂਦਾ ਹੈ। ਸਪ੍ਰੈਡਸ਼ੀਟ ਵਿੱਚ ਡਾਟਾ ਸੋਰਟ ਅਤੇ ਫਿਲਟਰ ਕਰਨ ਲਈ ਸਪ੍ਰੈਡਸ਼ੀਟ ਇਹਨਾਂ ਦੋਵੇਂ ਵਿਸ਼ੇਸ਼ਤਾਵਾਂ ਨੂੰ ਪੇਸ਼ ਕਰਦੀ ਹੈ। ਇਕ ਨਵੀਂ ਸਪ੍ਰੈਡਸ਼ੀਟ ਖੋਲੋ ਅਤੇ ਹੇਠਾਂ ਦਿੱਤਾ ਡਾਟਾ ਭਰੋ:

| | A | B | C | D | E | F |
|---|---|---|---|---|---|---|
| 1 | Region | Sales 2008 | Sales 2009 | Sales 2010 | Sales 2011 | |
| 2 | New Delhi | 56 | 67 | 85 | 87 | |
| 3 | Mumbai | 66 | 77 | 54 | 91 | |
| 4 | Calcutta | 75 | 65 | 47 | 63 | |
| 5 | Chennai | 74 | 85 | 67 | 77 | |
| 6 | | | | | | |

**Figure 32**

ਹੁਣ ਡਾਟਾ ਨੂੰ ਸੋਰਟ ਜਾਂ ਫਿਲਟਰ ਕਰਨ ਲਈ ਹੇਠਾਂ ਅਨੁਸਾਰ ਕਰੋ:

- ਉਹ ਡਾਟਾ ਚੁਣੋ ਜਿਹੜਾ ਸੋਰਟ ਕਰਨਾ ਹੈ ਅਤੇ ***Data*** ਟੈਬ ਵਿਚ ***Sort & Filter*** ਗਰੁੱਪ ਹੇਠਾਂ ***Sort*** ਆਪਸ਼ਨ ਉੱਤੇ ਕਲਿੱਕ ਕਰੋ। ਹੇਠਾਂ ਅਨੁਸਾਰ ਡਾਇਅਲਾਗ ਬਾਕਸ ਦਿਸਦਾ ਹੈ:




**Figure 33**

- ਤੁਹਾਨੂੰ **Sort by** ਫੀਲਡ ਵਿੱਚ ਇਹ ਨਿਰਧਾਰਿਤ ਕਰਨਾ ਪਵੇਗਾ ਕਿ ਤੁਸੀ ਕਿਸ ਆਧਾਰ ਉੱਤੇ ਡਾਟਾ ਸੋਰਟ ਕਰਨ ਜਾ ਰਹੇ ਹੋ ਅਤੇ ਕ੍ਰਮ ਨੂੰ ਚੁਣੋ ਜਿਵੇਂ ਕਿ ਵਧਦੇ ਕ੍ਰਮ (ascending) ਜਾਂ ਘੱਟਦੇ ਕ੍ਰਮ (descending) ਅਤੇ ਫਿਰ ***OK*** ਉੱਤੇ ਕਲਿੱਕ ਕਰੋ। ਉਦਾਹਰਣ ਲਈ ਜੇਕਰ ਤੁਸੀ ਸੇਲਸ 2008 ਵਿੱਚ ਡਾਟਾ ਸੋਰਟ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ **Sort by list** ਵਿਚ ਸਬੰਧਤ ਜਾਣਕਾਰੀ ਨੂੰ ਚੁਣਨਾ ਪਵੇਗਾ ਅਤੇ ***OK*** ਉੱਤੇ ਕਲਿੱਕ ਕਰੋ।

  ਸਪ੍ਰੈਡਸ਼ੀਟ ਵਿਖਾਈ ਦੇਵੇਗੀ ਜਿਵੇਂ ਕਿ ਹੇਠਾਂ ਵਿਖਾਈ ਗਈ ਹੈ। ਤੁਸੀ ਨੋਟਿਸ ਕਰ ਸਕਦੇ ਹੋ ਕਿ ਡਾਟਾ ਸੋਰਟ ਹੋ ਗਿਆ ਹੈ ਜਿਵੇਂ ਕਿ **2008** ਵਿੱਚ ਅਤੇ ਸੇਲਸ 2008 ਫੀਲਡ ਵਿੱਚ ਕੀਮਤਾਂ ਵਧਦੇ ਕ੍ਰਮ ਵਿਚ ਜੋ ਕਿ ਛੋਟੇ ਤੋਂ ਵੱਡੇ ਤੱਕ ਹੋ ਗਿਆ ਹੈ।

| | | | | | | |
|---|---|---|---|---|---|---|
| 1 | Region | Sales 2008 | Sales 2009 | Sales 2010 | Sales 2011 | |
| 2 | New Delhi | 56 | 67 | 85 | 87 | |
| 3 | Mumbai | 66 | 77 | 54 | 91 | |
| 4 | Chennai | 74 | 85 | 67 | 77 | |
| 5 | Calcutta | 75 | 65 | 47 | 63 | |
| 6 | | | | | | |

**Figure 34**

ਡਾਟੇ ਨੂੰ ਫਿਲਟਰ ਕਰਨ ਲਈ ਹੇਠਾਂ ਅਨੁਸਾਰ ਕਰੋ:

- ***Data*** ਟੈਬ ਵਿਚ ***Sort & Filter*** ਗਰੁੱਪ ਹੇਠਾਂ ***Filter*** ਆਪਸ਼ਨ ਉੱਤੇ ਕਲਿੱਕ ਕਰੋ । ਫਿਲਟਰ ਨੂੰ ਅਪਲਾਈ ਕਰਨ ਤੋਂ ਪਹਿਲਾਂ ਹੇਠਾਂ ਦਿਖਾਏ ਅਨੁਸਾਰ ਤੁਹਾਨੂੰ ਹੈਡਰ ਦੇ ਨਾਲ ਡਾਟਾ ਸਿਲੈਕਟ ਕਰਨਾ ਹੈ ।



| | A | B | C | D | E | F |
|---|---|---|---|---|---|---|
| 1 | Region | Sales 2008 | Sales 2009 | Sales 2010 | Sales 2011 | |
| 2 | New Delhi | 56 | 67 | 85 | 87 | |
| 3 | Mumbai | 66 | 77 | 54 | 91 | |
| 4 | Chennai | 74 | 85 | 67 | 77 | |
| 5 | Calcutta | 75 | 65 | 47 | 63 | |
| 6 | | | | | | |

**Figure 35**

- ਇੱਕ ਵਾਰ ਜਦੋਂ ਤੁਸੀ ਫਿਲਟਰ ਉੱਤੇ ਕਲਿੱਕ ਕਰਦੇ ਹੋ, ਹੇਠਾਂ ਦਿਖਾਏ ਅਨੁਸਾਰ ਡਾਊਂਨ ਐਰੋ ਨਾਲ ਹੈਡਰ ਦਿਖਾਈ ਦੇਵੇਗਾ ।



| | A | B | C | D | E |
|---|---|---|---|---|---|
| 1 | Region | Sales 20 | Sales 20 | Sales 20 | Sales 20 |
| 2 | New Delhi | 56 | 67 | 85 | 87 |
| 3 | Mumbai | 66 | 77 | 54 | 91 |
| 4 | Chennai | 74 | 85 | 67 | 77 |
| 5 | Calcutta | 75 | 65 | 47 | 63 |

**Figure 36**

ਸੇਲਸ 2009 ਵਿੱਚ ਜਿਹੜਾ ਡਾਟਾ 75 ਤੋਂ ਵੱਡਾ ਜੇਕਰ ਤੁਸੀ ਉਸ ਨੂੰ ਫਿਲਟਰ ਕਰਨਾ ਚਾਹੁੰਦੇ ਹੋ ਤਾਂ ਹੇਠਾਂ ਅਨੁਸਾਰ ਕਰੋ।

- Sales 2009 ਹੈਡਰ ਦੇ ਹੇਠਾਂ ਉਪਲੱਬਧ ਡਾਊਨ ਐਰੋ ਉੱਤੇ ਕਲਿੱਕ ਕਰੋ । ਹੇਠਾਂ ਦਿਖਾਏ ਅਨੁਸਾਰ ਇੱਕ ਡਰਾਪ ਡਾਊਨ ਲਿਸਟ ਦਿਖਾਈ ਦਿੰਦੀ ਹੈ।




**Figure 37**

- ਤੁਸੀ ਲਿਸਟ ਵਿੱਚ ਉਪਲੱਬਧ ਕੀਮਤਾਂ ਨੂੰ ਚੁਣ ਕੇ ਫਿਲਟਰ ਨੂੰ ਨਿਰਧਾਰਿਤ ਕਰ ਸਕਦੇ ਹੋ ।
- ਡਰਾਪ ਡਾਊਨ ਲਿਸਟ ਵਿੱਚ ਉਪਲੱਬਧ ਆਪਸ਼ਨ *Sort Smallest to Largest* ਜਾਂ *Sort Largest to Smallest* ਨੂੰ ਚੁਣ ਕੇ ਤੁਸੀ ਫਿਲਟਰ ਕੀਤੇ ਹੋਏ ਡਾਟੇ ਨੂੰ ਵੀ ਸੋਰਟ ਕਰ ਸਕਦੇ ਹੋ।
- ਡਰਾਪ ਡਾਊਨ ਲਿਸਟ ਦੇ ਹੇਠਾਂ Number Filters ਆਪਸ਼ਨ ਉੱਤੇ ਕਲਿੱਕ ਕਰੋ । ਇੱਕ ਵਾਰ ਜਦੋਂ ਤੁਸੀ ਕਲਿੱਕ ਕਰਦੇ ਹੋ ਤਾਂ ਹੇਠਾਂ ਅਨੁਸਾਰ ਸਬ-ਮੀਨੂੰ ਦਿਸਦਾ ਹੈ।




Figure 38

- ਇੱਥੇ ਤੁਸੀ ਕੰਡੀਸ਼ਨਾਂ ਨੂੰ ਚੁਣ ਸਕਦੇ ਹੋ ਜੋ ਤੁਸੀ ਲਿਸਟ ਵਿੱਚ ਡਾਟੇ ਲਈ ਨਿਰਧਾਰਿਤ ਕਰਨਾ ਚਾਹੁੰਦੇ ਹੋ । ਜੇਕਰ ਤੁਸੀ ***Greater Than..*** ਆਪਸ਼ਨ ਚੁਣਦੇ ਹੋ ਤਾਂ ਹੇਠਲਾ ਡਾਇਆਲਾਗ ਬਾਕਸ ਦਿਖਾਈ ਦਿੰਦਾ ਹੈ




Figure 39

- ਬਾਕਸ ਦੇ ਵਿੱਚ ਉਹ ਕੀਮਤ ਨਿਰਧਾਰਿਤ ਕਰੋ ਜੋ ਤੁਸੀ ਚਾਹੁੰਦੇ ਹੋ (ਇੱਥੇ ਇਹ 75 ਹੈ) ਅਤੇ ***OK*** ਉੱਤੇ ਕਲਿੱਕ ਕਰੋ । ਹੇਠਾਂ ਅਨੁਸਾਰ ਸਪ੍ਰੈੱਡਸ਼ੀਟ ਦਿਖਾਈ ਦੇਵੇਗੀ । ਨੋਟ ਕਰੋ ਕਿ Sales 2009 ਹੇਠਾਂ ਸਿਰਫ 75 ਤੋਂ ਵੱਡਾ ਡਾਟਾ ਹੀ ਦਿਖਾਇਆ ਗਿਆ ਹੈ ।

| Region | Sales 20 | Sales 20 | Sales 20 | Sales 20 |
|---|---|---|---|---|
| Mumbai | 66 | 77 | 54 | 91 |
| Chennai | 74 | 85 | 67 | 77 |

Figure 40

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਡਾਟਾਸੈਟ ਨੂੰ ਲੋੜੀਂਦੇ ਕ੍ਰਮ ਵਿੱਚ ਸੋਰਟ ਕਰੋ । |
| 2 | ਨਿਰਧਾਰਿਤ ਕੀਤੀ ਗਈ ਸੀਮਾ ਉੱਤੇ ਡਾਟਾ ਫਿਲਟਰ ਕਰੋ । |

| 3. | ਹੇਠਾਂ ਦਿੱਤੇ ਗਏ ਡਾਟੇ ਨਾਲ ਇੱਕ ਨਵੀਂ ਵਰਕਸ਼ੀਟ ਬਣਾਓ। ਕੁੱਲ ਜੋੜ, ਪ੍ਰਤੀਸ਼ਤ ਪਤਾ ਕਰੋ। ਵਿਸ਼ੇ ਅਨੁਸਾਰ ਅਤੇ ਰੈਂਕ ਅਨੁਸਾਰ ਡਾਟਾ ਸੋਰਟ ਕਰਨ ਲਈ ਇਸ ਨੂੰ ਵਰਤੋ। ਇਸ ਫਾਈਲ ਨੂੰ Student_{your name} ਨਾਮ ਨਾਲ ਸੇਵ ਕਰੋ। |
|---|---|

| Students | Test 1 | Test 2 | Test 3 | Test 4 |
|---|---|---|---|---|
| Shilpa | 50 | 65 | 57 | 77 |
| Sheela | 98 | 99 | 78 | 58 |
| Avikal | 76 | 78 | 98 | 96 |
| Vaibhav | 87 | 76 | 92 | 67 |
| Abhijeet | 56 | 88 | 66 | 88 |
| Surbhi | 68 | 85 | 92 | 99 |
| Kavita | 99 | 58 | 78 | 89 |
| Tanishk | 79 | 78 | 56 | 78 |
| Vishwank | 59 | 81 | 78 | 67 |

## ਮੁਲਾਂਕਣ (ASSESSMENT)

### ਖਾਲੀ ਸਥਾਨ ਭਰੋ:

1. ਸੋਰਟਿੰਗ ਤੁਹਾਡੇ ਚੁਣੇ ਹੋਏ ਡਾਟਾ ਨੂੰ ________ਜਾਂ ________ਕ੍ਰਮ ਵਿਚ ਅਰੇਂਜ ਕਰਨ ਵਿਚ ਮਦਦ ਕਰਦੀ ਹੈ।
2. ਫਿਲਟਰ ਦੀ ਵਰਤੋਂ ਕਰਕੇ ਤੁਸੀ ________ਉੱਤੇ ਅਧਾਰਿਤ ਡਾਟੇ ਨੂੰ ਕੱਢ ਸਕਦੇ ਹੋ।
3. ਸੋਰਟ ਆਪਸ਼ਨ ਡਾਟਾ ਟੈਬ ਦੇ ਹੇਠ ________ਗਰੁੱਪ ਦੇ ਵਿੱਚ ਉਪਲੱਬਧ ਹੁੰਦੀ ਹੈ।
4. ਫਿਲਟਰ ਆਪਸ਼ਨ ਡਾਟਾ ਟੈਬ ਦੇ ਹੇਠ ________ਗਰੁੱਪ ਦੇ ਵਿੱਚ ਉਪਲੱਬਧ ਹੁੰਦੀ ਹੈ।

## ਸੈਸ਼ਨ10: ਵਰਕਸ਼ੀਟ ਵਿੱਚ ਡਾਟਾ ਕੈਲਕੁਲੇਟ ਕਰਨਾ (CALCULATING DATA ACROSS WORKSHEETS)

### ਸਬੰਧਤ ਜਾਣਕਾਰੀ

ਮੰਨ ਲਓ ਤੁਸੀ ਹੈੱਡ ਆਫਿਸ ਦੇ ਵਿੱਚ ਕੰਮ ਕਰ ਰਹੇ ਹੋ ਅਤੇ 6 ਖੇਤਰਾਂ ਦਾ ਡਾਟਾ ਸੰਭਾਲ ਰਹੇ ਅਤੇ ਤੁਸੀ ਇਸੇ ਵਰਕਸ਼ੀਟ ਲੇਆਉਟ ਅਤੇ ਲੇਬਲਸ ਨੂੰ ਪਿਛਲੀ ਤਿਮਾਹੀ ਉੱਤੇ ਹਰੇਕ ਖੇਤਰ ਦੀ ਐਵਰੇਜ ਸੇਲ ਟਰੈਕ ਕਰਨ ਲਈ ਵਰਤਦੇ ਹੋ। ਹਰੇਕ ਸ਼ੀਟ ਵਿੱਚ ਖੇਤਰ ਅਨੁਸਾਰ ਹੈਡਿੰਗ ਸ਼ਾਮਲ ਹਨ (ਜਿਵੇਂ ਕਿ Region01, Region02 ….. Region06), ਅਤੇ ਸੈੱਲ H15ਵਿੱਚ ਹਰੇਕ ਸ਼ੀਟ ਉਤੇ, ਤਿਮਾਹੀ ਲਈ ਕੈਲਕੁਲੇਟ ਕੀਤੀ ਕੁੱਲ ਸੇਲ ਦਿਖਾਈ ਦਿੰਦੀ ਹੈ। ਜੇਕਰ ਤੁਸੀ ਤਿਮਾਹੀ ਉੱਤੇ ਔਸਤ (average) ਸੇਲ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਤੁਸੀ ਕੀ ਕਰੋਗੇ?

ਇਸ ਅਭਿਆਸ ਵਿੱਚ ਤੁਸੀ ਸਿੱਖੋਗੇ ਕਿ ਅਲੱਗ-2 ਵਰਕਸ਼ੀਟਾਂ ਵਿੱਚ ਡਾਟਾ ਉੱਤੇ ਕੈਲਕੁਲੇਸ਼ਨ ਕਿਵੇਂ ਕੀਤੀ ਜਾਂਦੀ ਹੈ।

ਇੱਕ ਨਵੀਂ ਸਪ੍ਰੈੱਡਸ਼ੀਟ ਖੋਲੋ।ਸ਼ੀਟ (sheet) ਇੱਕ ਨੂੰ year1 ਨਾਮ ਦਿਓ ਅਤੇ ਹੇਠਾਂ ਦਿੱਤਾ ਡਾਟਾ ਟਾਈਪ ਕਰੋ।

| | A | B | C | D | E | F | G | H |
|---|---|---|---|---|---|---|---|---|
| 1 | Name | January | February | March | April | May | June | |
| 2 | House Rent | 2500 | 2550 | 2550 | 3000 | 3500 | 3600 | |
| 3 | Electric Bill | 700 | 750 | 800 | 850 | 900 | 625 | |
| 4 | Grocery Expenses | 1000 | 1200 | 950 | 850 | 1500 | 1250 | |
| 5 | Travelling Expenses | 500 | 600 | 750 | 680 | 1000 | 950 | |
| 6 | Phone/Mobile Phone | 400 | 500 | 350 | 600 | 800 | 680 | |
| 7 | | | | | | | | |

**Figure 41**

ਹੁਣ ਵਰਕਸ਼ੀਟਾਂ ਵਿੱਚ ਡਾਟਾ ਕੈਲਕੁਲੇਟ ਕਰਨ ਲਈ ਹੇਠਾਂ ਅਨੁਸਾਰ ਕਰੋ।

- ਸ਼ੀਟ 2 ਉੱਤੇ ਜਾਓ ਅਤੇ ਇਸ ਦਾ ਨਾਮ Year2 ਰੱਖੋ। ਅਤੇ Sheet2 ਵਿੱਚ ਓਹੀ ਡਾਟਾ ਅਗਲੇ ਸਾਲ ਲਈ ਦਾਖਲ ਕਰੋ।
- ਸ਼ੀਟ 2 ਉੱਤੇ ਜਾਓ ਅਤੇ ਇਸ ਦਾ ਨਾਮ Totals ਰੱਖੋ। ਅਤੇ ਓਹੀ ਲੇਬਲ ਦਾਖਲ ਕਰੋ।
- ਸੈੱਲ B2 ਵਿੱਚ ਸਮ(ਜੋੜ ਦਾ) ਫਾਰਮੂਲਾ ਟਾਈਪ ਕਰੋ =sum (, ਜਦੋਂ ਕਿ ਬਰੈਕਟ ਖੁੱਲੀ ਹੈ year1 ਸ਼ੀਟ ਅਤੇ Year2 ਉੱਤੇ ਜਾਓ ਅਤੇ ਐਂਟਰ ਦਬਾਓ। ਦੂਜੇ ਖਰਚਿਆਂ ਦਾ ਜੋੜ ਕੈਲਕੁਲੇਟ ਕਰਨ ਲਈ ਓਹੀ ਸਟੈੱਪਸ ਦੁਹਰਾਓ। ਉਹ ਤਰੀਕਾ ਨੋਟ ਕਰੋ ਜਿਸ ਅਨੁਸਾਰ ਰੇਂਜ ਨਿਰਧਾਰਿਤ ਕੀਤੀ ਜਾਂਦੀ ਹੈ। (sheetname!cellnumber).



| | A | B | C | D | E | F | G | H |
|---|---|---|---|---|---|---|---|---|
| 1 | Name | January | February | March | April | May | June | |
| 2 | House Rent | =SUM(Year1!B2+Year2!B2) | | | | | | |
| 3 | Electric Bill | SUM(number1, [number2], ...) | | | | | | |
| 4 | Grocery Expenses | | | | | | | |
| 5 | Travelling Expenses | | | | | | | |
| 6 | Phone/Mobile Phone | | | | | | | |
| 7 | | | | | | | | |

**Figure 42**

ਪਹਿਲਾਂ ਉਠਾਏ ਗਏ ਪ੍ਰਸ਼ਨ ਦਾ ਜੁਆਬ ਦੇਣ ਲਈ ਤੁਸੀ ਇੱਕ ਨਵੀਂ ਸ਼ੀਟ ਬਣਾ ਸਕਦੇ ਹੋ, ਜਿਸਨੂੰ ਕਿ Quarter Summary ਕਹਿ ਸਕਦੇ ਹੋ। ਐਵਰੇਜ (ਪ੍ਰਤੀਸ਼ਤ) ਪਤਾ ਕਰਨ ਲਈ Summary ਸ਼ੀਟ ਵਿੱਚ ਹੇਠਾਂ ਦਿੱਤਾ ਫਾਰਮੂਲਾ ਕਿਸੇ ਸੈੱਲ ਵਿੱਚ ਭਰੋ। Summary Sheet: =AVERAGE(Region01: Region06!H15)

Region01:Region06 ਉੱਤੇ H15 ਵਿੱਚ ਸਟੋਰ ਸਾਰੀਆਂ ਕੀਮਤਾਂ ਲਈ ਸਾਰੀਆਂ ਸ਼ੀਟਾਂ ਉਤੇ ਸਪ੍ਰੈੱਡਸ਼ੀਟ ਐਵਰੇਜ ਨੂੰ ਕੈਲਕੁਲੇਟ ਕਰਦੀ ਹੈ।ਜੇਕਰ ਤੁਸੀ ਸ਼ੀਟ Region06 ਨੂੰ ਸ਼ੀਟ Region04 ਅਤੇ Region05 ਦੇ ਵਿਚਕਾਰ ਮੂਵ ਕਰਦੇ ਹੋ ਤਾਂ, ਸਾਫਟਵੇਅਰ Region 01, 02, 03, 04, ਅਤੇ 06 ਵਾਸਤੇ ਸ਼ੀਟਾਂ ਸ਼ਾਮਲ ਕਰਨ ਲਈ ਕੈਲਕੁਲੇਸ਼ਨ ਨੂੰ ਅਡਜਸਟ ਕਰੇਗਾ, Region05 ਛੱਡਿਆ ਜਾਵੇਗਾ।

ਇਸੇ ਤਰਾਂ ਜੇਕਰ ਤੁਸੀ ਕਿਤੇ ਵੀ Region01ਅਤੇ Region06 ਵਿਚਕਾਰ ਸ਼ੀਟ ਡੀਲੀਟ ਜਾਂ ਐਡ ਕਰਦੇ ਹੋ ਤਾਂ ਇਸਦੀ ਕੈਲਕੁਲੇਸ਼ਨ ਦੀ ਰੇਂਜ ਦੇ ਅੰਦਰ ਸਾਫਟਵੇਅਰ ਸਾਰੀਆਂ ਸ਼ੀਟਾਂ ਨੂੰ ਸ਼ਾਮਲ ਕਰ ਦੇਵੇਗਾ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਵਰਕਸ਼ੀਟਾਂ ਵਿੱਚ ਕੈਲਕੁਲੇਸ਼ਨਾਂ ਕਰੋ। |
| 2. | ਪਹਿਲੀ ਅਤੇ ਦੂਜੀ ਟਰਮ ਲਈ ਵਿਸ਼ੇ ਅਤੇ ਅੰਕਾਂ ਨਾਲ 2 ਵਰਕਸ਼ੀਟਾਂ ਬਣਾਓ। ਦੂਜੀ ਸ਼ੀਟ ਬਣਾਓ ਅਤੇ ਇਸ ਨੂੰ average ਦਾ ਨਾਮ ਦਿਓ ਅਤੇ ਸਾਰੇ ਵਿਸ਼ਿਆਂ ਦੀ ਐਵਰੇਜ ਪਤਾ ਕਰੋ। |

## ਸੈਸ਼ਨ 11: ਮਲਟੀਪਲ ਕਾਰਜ ਪੁਸਤਕ ਬੁੱਕ ਦੀ ਵਰਤੋਂ ਅਤੇ ਸੈੱਲਾਂ ਨੂੰ ਲਿੰਕ ਕਰਨਾ (USING MULTIPLE WORKBOOKS AND LINKING CELLS)

### ਸਬੰਧਤ ਜਾਣਕਾਰੀ

ਸਪ੍ਰੈੱਡਸ਼ੀਟ ਤੁਹਾਨੂੰ ਕਈ ਸਾਧਨਾਂ ਤੋਂ ਪ੍ਰਾਪਤ ਡਾਟੇ ਦਾ ਸਾਰ ਬਣਾਉਣ ਲਈ ਵੱਖ-2 ਵਰਕਸ਼ੀਟਾਂ ਅਤੇ ਸਪ੍ਰੈੱਡਸ਼ੀਟਾਂ ਵਿੱਚੋਂ ਸੈੱਲ ਨੂੰ ਲਿੰਕ ਕਰਨ ਦੀ ਆਗਿਆ ਦਿੰਦੀ ਹੈ। ਇਸ ਢੰਗ ਨਾਲ ਤੁਸੀ ਫਾਰਮੂਲਾ ਬਣਾ ਸਕਦੇ ਹੋ ਜੋ ਵੱਖ ਵੱਖ ਸਾਧਨਾਂ ਨੂੰ ਸਪੈਨ ਕਰਦਾ ਹੈ ਅਤੇ ਲੋਕਲ ਅਤੇ ਲਿੰਕ ਕੀਤੀ ਹੋਈ ਜਾਣਕਾਰੀ ਦੇ ਜੋੜ ਨਾਲ ਦੀ ਵਰਤੋਂ ਨਾਲ ਕੈਲਕੁਲੇਸ਼ਨ ਕਰੋ। ਤੁਸੀ ਦੂਜੀ ਸਪ੍ਰੈੱਡਸ਼ੀਟਾਂ ਵਿੱਚੋਂ ਡਾਟਾ ਲਿੰਕ ਕਰ ਸਕਦੇ ਹੋ ਅਤੇ ਹਰ ਵੇਲੇ ਜਦੋਂ ਤੁਸੀ ਡਾਟੇ ਦੇ ਵਿੱਚ ਬਦਲਾਵ ਕਰਦੇ ਹੋ ਤਾਂ ਬਹੁਤੀਆਂ ਥਾਵਾਂ ਉੱਤੇ ਡਾਟਾ ਐਡਿਟ ਕੀਤੇ ਬਿਨਾਂ ਜਾਣਕਾਰੀ ਨੂੰ ਅਪ-ਟੂ-ਡੇਟ ਰੱਖ ਸਕਦੇ ਹੋ। ਉਦਾਹਰਣ ਲਈ ਸ੍ਰੋਤਾਂ ਵਿੱਚ ਜਾਣਕਾਰੀ ਨੂੰ ਸਾਂਝਾ ਕੀਤੇ ਬਿਨਾ ਵਧੇਰੇ ਜਾਣਕਾਰੀ ਦੀ ਸੰਖੇਪ ਜਾਣਕਾਰੀ ਵੇਖਣ ਤੁਸੀ ਕਈ ਵਿਭਾਗਾਂ ਤੋਂ ਡਾਟਾ ਡਿਸਪਲੇ ਕਰ ਸਕਦੇ ਹੋ।

ਇਸ ਅਭਿਆਸ ਵਿੱਚ ਤੁਸੀ ਸਿੱਖੋਗੇ ਕਿ ਕਿਵੇਂ ਵੱਖ-2 ਸਪ੍ਰੈੱਡਸ਼ੀਟ ਐਪਲੀਕੇਸ਼ਨਾਂ ਵਿੱਚੋਂ ਸੈੱਲਾਂ ਨੂੰ ਕਿਵੇਂ ਲਿੰਕ ਕੀਤਾ ਜਾਂਦਾ ਹੈ।

ਇੱਕ ਨਵੀਂ ਸਪ੍ਰੈੱਡਸ਼ੀਟ ਖੋਲੋ ਅਤੇ ਹੇਠਾਂ ਦਿੱਤਾ ਡਾਟਾ ਭਰੋ:



| | A | B | C | D |
|---|---|---|---|---|
| 1 | | | | |
| 2 | 12 | 24 | 65 | 24 |
| 3 | | | | |

Figure 43

ਵੱਖ-2 ਵਰਕਸ਼ੀਟਾਂ ਵਿੱਚੋਂ ਸੈੱਲਾਂ ਨੂੰ ਲਿੰਕ ਕਰਨ ਲਈ ਹੇਠਾਂ ਅਨੁਸਾਰ ਕਰੋ:

- ਇੱਕ ਨਵੀਂ ਸਪ੍ਰੈੱਡਸ਼ੀਟ ਵਰਕਬੁੱਕ ਖੋਲੋ।
- ਕੋਈ ਫਾਰਮੂਲਾ ਟਾਈਪ ਕਰੋ, ਉਦਾਹਰਣ ਲਈ ਜੋੜ(ਸਮ) ਦਾ ਫਾਰਮੂਲਾ ਕਿਸੇ ਵੀ ਸੈੱਲ ਵਿੱਚ =sum ਜਦੋਂ ਤੱਕ ਬਰੈਕਟ ਖੁੱਲੀ ਹੈ ਤਾਂ ਉਦੋਂ ***View*** ਟੈਬ ਵਿੱਚੋਂ ***Window*** ਗਰੁੱਪ ਦੇ ਹੇਠ ***Switch Windows*** ਆਪਸ਼ਨ ਉੱਤੇ ਕਲਿੱਕ ਕਰੋ। ਐਕਟਿਵ ਵਰਬੁੱਕ ਦੇ ਨਾਮ ਨਾਲ ਇੱਕ ਡਰਾਪਡਾਊਨ ਲਿਸਟ ਦਿਸਦੀ ਹੈ।




Figure 44

- ਪਹਿਲੀ ਸਪ੍ਰੈੱਡਸ਼ੀਟ ਜੋ ਤੁਸੀ ਬਣਾਈ ਸੀ ਨੂੰ ਸਿਲੈਕਟ ਕਰਨ ਲਈ Book1ਉੱਤੇ ਕਲਿੱਕ ਕਰੋ ਅਤੇ A2: D2 ਸੈੱਲਾਂ ਨੂੰ ਚੁਣੋ।




**Figure 45**

***Enter*** ਦਬਾਓ । ਤੁਸੀ ਵਾਪਸ ਦੂਜੀ ਸਪ੍ਰੈੱਡਸ਼ੀਟ ਉੱਤੇ ਆ ਗਏ ਹੋ । ਜਿਹੜੇ ਸੈੱਲ ਦੇ ਵਿੱਚ ਤੁਸੀ ਫਾਰਮੂਲਾ ਐਂਟਰ ਕਰ ਰਹੇ ਸੀ ਦੇ ਕੋਲ ਪਹਿਲੀ ਸਪ੍ਰੈੱਡਸ਼ੀਟ ਦੇ ਵਿੱਚ ਕੀਮਤਾਂ ਦਾ ਕੁੱਲ ਜੋੜ ਆ ਗਿਆ ਹੈ । ਉਹ ਤਰੀਕਾ ਨੋਟ ਕਰੋ ਜਿਸ ਅਨੁਸਾਰ ਸਾਫਟਵੇਅਰ ਸੈੱਲ ਦਾ ਹਵਾਲਾ (reference) ਦਿੰਦਾ ਹੈ । ਜੇਕਰ ਤੁਸੀ ਪਹਿਲੀ ਸਪ੍ਰੈੱਡਸ਼ੀਟ ਵਿੱਚ ਕੋਈ ਵੀ ਕੀਮਤ ਅਪਡੇਟ ਕਰਦੇ ਹੋ ਤਾਂ ਆਪਣੇ ਆਪ ਜੋੜ ਦੀ ਕੀਮਤ ਦੂਜੀ ਸਪ੍ਰੈੱਡਸ਼ੀਟ ਦੇ ਵਿੱਚ ਅਪਡੇਟ ਹੋ ਜਾਂਦੀ ਹੈ । ਇਸ ਨੂੰ ਕਰਨ ਦੀ ਕੋਸ਼ਿਸ਼ ਕਰੋ ।




**Figure 46**

## ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਸੈੱਲ ਨੂੰ ਜੋੜੋ ਅਤੇ ਵਰਕਬੁੱਕ ਵਿੱਚ ਕੈਲਕੁਲੇਸ਼ਨਾਂ ਕਰੋ। |
| | |

## ਹੇਠਾਂ ਜੁਆਬ ਦਿਓ

1. ***Switch Windows*** ਆਪਸ਼ਨ ***View*** ਟੈਬ ਵਿੱਚੋਂ __________ਗਰੁੱਪ ਦੇ ਹੇਠ ਮਿਲਦੀ ਹੈ ।
2. ਵੱਖ-2 __________/__________ਵਿੱਚੋਂ ਸੈੱਲ ਲਿੰਕ ਕਰਨਾ ਤੁਹਾਨੂੰ ਅਲੱਗ-2 ਸ੍ਰੋਤਾਂ ਤੋਂ ਡਾਟਾ ਦੀ ਸੰਖੇਪ ਜਾਣਕਾਰੀ ਬਣਾਉਣ ਲਈ ਮਦਦ ਕਰਦਾ ਹੈ ।
3. ਡਾਟਾ ਨੂੰ ਲਿੰਕ ਕਰਕੇ ਬਹੁਤੀਆਂ ਥਾਵਾਂ ਉੱਤੇ ਡਾਟਾ ਐਡਿਟ ਕੀਤੇ ਬਿਨਾਂ ਜਾਣਕਾਰੀ ਨੂੰ __________ ਰੱਖਣ ਵਿੱਚ ਮੱਦਦ ਮਿਲਦੀ ਹੈ ।

## ਸੈਸ਼ਨ 12 :ਵਰਕਸ਼ੀਟ ਡਾਟਾ ਸਾਂਝਾ ਕਰਨਾ (SHARING WORKSHEET DATA)

## ਸਬੰਧਤ ਜਾਣਕਾਰੀ

ਜਿਆਦਾਤਰ ਦਫਤਰਾਂ ਵਿੱਚ ਇੱਕ ਸਾਂਝਾ ਡਰਾਈਵ (shared drive) ਹੁੰਦਾ ਹੈ, ਜਿੱਥੇ ਸਾਰਿਆਂ ਦੀ ਵਰਤੋਂ ਲਈ ਟੀਮ ਆਮ ਫਾਈਲਾਂ ਨੂੰ ਸਟੋਰ ਕਰ ਸਕਦੀ ਹੈ । ਇਹ ਆਮ ਤੌਰ ਉੱਤੇ ਸੰਦੇਸ਼ ਨੂੰ ਵੇਖਣ ਲਈ ਅਗਵਾਈ ਕਰਦਾ ਹੈ:

"The document [filename] is locked for editing by another user. To open a read-only copy of this document, click"!! ਇਹ ਸੰਦੇਸ਼ ਇਸ ਲਈ ਦਿਸਦਾ ਹੈ ਕਿਉਂਕਿ ਕਿਸੇ ਦੂਜੇ ਵਿਅਕਤੀ ਨੇ ਫਾਈਲ ਨੂੰ ਪਹਿਲਾਂ ਹੀ ਖੋਲ੍ਹਿਆ ਹੋਇਆ ਹੈ । ਕਈ ਵਾਰੀ ਫਿਰ ਵੀ ਇੱਕੋ ਸਮੇਂ ਕਈ ਵਿਅਕਤੀਆਂ ਨੂੰ ਇੱਕ ਫਾਈਲ ਉੱਤੇ ਕੰਮ ਕਰਨਾ ਜਰੂਰੀ ਹੁੰਦਾ ਹੈ । ਇਹ ਜਾਂ ਤਾਂ ਡਾਟਾ ਐਂਟਰੀ ਦੀ ਸਪੀਡ ਵਧਾਉਣ ਲਈ ਹੋ ਸਕਦਾ ਹੈ ਜਾਂ ਸਿਰਫ ਸਹਿਯੋਗ ਦੇ ਉਦੇਸ਼ ਲਈ ਚੀਜ਼ਾਂ ਨੂੰ ਸੌਖਾਲਾ ਕਰਦੀ ਹੈ ।

ਸਪ੍ਰੈਡਸ਼ੀਟ ਸਾਫਟਵੇਅਰ ਯੂਜ਼ਰ ਨੂੰ ਵਰਕਬੁੱਕ ਸ਼ੇਅਰ ਕਰਨ ਅਤੇ ਇਸਨੂੰ ਨੈਟਵਰਕ ਸਥਾਨ ਵਿਚ ਰੱਖਣ ਦੀ ਆਗਿਆ ਦਿੰਦਾ ਹੈ ਜਿਥੇ ਕਈ ਯੂਜ਼ਰ ਇੱਕੋ ਸਮੇਂ ਇਸ ਨੂੰ ਵਰਤ ਸਕਦੇ ਹਨ ।

ਇਸ ਅਭਿਆਸ ਵਿੱਚ ਸਿੱਖੋਗੇ ਕਿ ਇੱਕ ਵਰਕਸ਼ੀਟ ਨੂੰ ਕਿਵੇਂ ਸਾਂਝਾ ਕੀਤਾ ਜਾਂਦਾ ਹੈ ।

ਇੱਕ ਵਰਕਸ਼ੀਟ ਖੋਲੋ ਅਤੇ ਹੇਠਾਂ ਦਿੱਤਾ ਟਾਈਪ ਕਰੋ:

G6 | fx 680

| | A | B | C | D | E | F | G | H | I |
|---|---|---|---|---|---|---|---|---|---|
| 1 | Name | January | February | March | April | May | June | | |
| 2 | House Rent | 2500 | 2550 | 2550 | 3000 | 3500 | 3600 | | |
| 3 | Electric Bill | 700 | 750 | 800 | 850 | 900 | 625 | | |
| 4 | Grocery Expenses | 1000 | 1200 | 950 | 850 | 1500 | 1250 | | |
| 5 | Travelling Expenses | 500 | 600 | 750 | 680 | 1000 | 950 | | |
| 6 | Phone/Mobile Bill | 400 | 500 | 350 | 600 | 800 | 680 | | |
| 7 | | | | | | | | | |
| 8 | | | | | | | | | |
| 9 | | | | | | | | | |

**Figure 47**

ਹੁਣ ਸਪ੍ਰੈਡਸ਼ੀਟ ਨੂੰ ਸਾਂਝਾ ਕਰਨ ਲਈ ਹੇਠਾਂ ਅਨੁਸਾਰ ਕਰੋ:

- ***Review*** ਟੈਬ ਵਿੱਚੋਂ ***Changes*** ਗਰੁੱਪ ਦੇ ਹੇਠ ***Share workbook*** ਆਪਸ਼ਨ ਉੱਤੇ ਕਲਿੱਕ ਕਰੋ ।
- ਹੇਠਾਂ ਅਨੁਸਾਰ ਡਾਇਆਲਾਗ ਬਾਕਸ ਨਜ਼ਰ ਆਉਂਦਾ ਹੈ ।




**Figure 48**

- ਆਪਸ਼ਨ ***Allow changes by more than one user at the same time. This also allows workbook merging***. ਉੱਤੇ ਕਲਿੱਕ ਕਰੋ ।
- ***OK*** ਕਲਿੱਕ ਕਰੋ ।

ਨੋਟ: ਜਿਆਦਾਤਰ ਸਪ੍ਰੈੱਡਸ਼ੀਟ ਸਾਫਟਵੇਅਰ ਆਪਣੇ ਆਪ ਸਾਂਝੀ ਕੀਤੀਆਂ ਵਰਕਬੁੱਕ ਵਿੱਚੋਂ ਕੁਝ ਵਿਸ਼ੇਸ਼ਤਾਵਾਂ ਨੂੰ ਆਪਣੇ ਆਪ ਬੰਦ ਕਰ ਦਿੰਦਾ ਹੈ । ਇਹ ਵਰਕਬੁੱਕ ਨੂੰ ਸਧਾਰਨ ਬਣਾਉਣ ਲਈ ਹੈ ਕਿਉਂਕਿ ਇਕੋ ਹੀ ਫਾਈਲ ਦੇ ਉਤੇ ਕਈ ਲੋਕ ਕੰਮ ਕਰਦੇ ਹੋ ਸਕਦੇ ਹਨ । ਉਦਾਹਰਣ ਲਈ ਸਾਂਝੀ ਕੀਤੀਆਂ ਵਰਕਬੁੱਕਾਂ ਸੈੱਲਾਂ ਨੂੰ ਮਰਜ ਕਰਨ, ਕੰਡੀਸ਼ਨਲ ਫਾਰਮੈਟਿੰਗ ਜਾਂ ਗ੍ਰਾਫ/ਤਸਵੀਰਾਂ ਆਦਿ ਦਾਖਲ ਕਰਨ ਦੀ ਅਗਿਆ ਨਹੀਂ ਦਿੰਦੀਆਂ ਹਨ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਦੂਜੇ ਯੂਜਰਾਂ ਨਾਲ ਵਰਕਸ਼ੀਟ ਡਾਟਾ ਸਾਂਝਾ (Share worksheet data) ਕਰੋ । |

## ਮੁਲਾਂਕਣ (ASSESSMENT)

ਹੇਠਾਂ ਜੁਆਬ ਦਿਓ

1. ***Share workbook*** ਆਪਸ਼ਨ ***Review*** ਟੈਬ ਵਿੱਚੋਂ _________ ਗਰੁੱਪ ਦੇ ਹੇਠ ਮਿਲਦੀ ਹੈ ।
2. ਸਾਂਝੀ ਕੀਤੀਆਂ ਵਰਕਬੁੱਕਾਂ ਸੈੱਲਾਂ ਨੂੰ_________, _________ ਜਾਂ _________ ਆਦਿ ਦਾਖਲ ਕਰਨ ਦੀ ਅਗਿਆ ਨਹੀਂ ਦਿੰਦੀਆਂ ਹਨ ।

# ਸੂਚਨਾ ਤਕਨਾਲੋਜ਼ੀ

**(Information Technology)**

## ਐੱਨ.ਵੀ.ਈ.ਕਿਉ. ਐੱਫ ਲੈਵਲ 2- ਸ਼੍ਰੇਣੀ 10 ਵੀਂ

## IT205-NQ2012 ਡਿਜੀਟਲ ਪ੍ਰੈਜ਼ੈਂਟੇਸ਼ਨ (ਇੰਟਰਮੀਡੀਏਟ)

## ਵਿਦਿਆਰਥੀ ਕਾਰਜ ਪੁਸਤਕ









© ਪੀ.ਐਸ.ਐਸ. ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ, 2012

ਇਹ ਪ੍ਰਕਾਸ਼ਨ ਕਾਪੀਰਾਈਟ ਅਧੀਨ ਸੁਰੱਖਿਅਤ ਹੈ। ਲਿਖਤੀ ਆਗਿਆ ਤੋਂ ਬਿਨਾਂ ਇਸ ਪ੍ਰਕਾਸ਼ਨਾ ਦਾ ਪੁਨਰ-ਨਿਰਮਾਣ, ਅਨੁਕੂਲਣ ਅਤੇ ਕਿਸੇ ਵੀ ਕਿਸਮ ਦਾ ਸੰਚਾਰ ਵਰਜਿਤ ਹੈ।

# ਵਿਦਿਆਰਥੀ ਦੀ ਜਾਣਕਾਰੀ

ਵਿਦਿਆਰਥੀ ਦਾ ਨਾਮ : ____________________

ਵਿਦਿਆਰਥੀ ਦਾ ਰੋਲ ਨੰ. : ____________________

ਬੈਚ ਸ਼ੁਰੂ ਹੋਣ ਦੀ ਮਿਤੀ : ____________________

# ਵਿਸ਼ਾ ਸੂਚੀ


| | | |
|---|---|---|
| ਧੰਨਵਾਦ | | 222 |
| ਭੂਮਿਕਾ (preface) | | 223 |
| ਤੁਹਾਡੀ ਕਾਰਜ ਪੁਸਤਕ ਬਾਰੇ (about your workbook) | | 225 |
| **ਸੈਸ਼ਨ :1** | ਇੱਕ ਮੂਵੀ ਕਲਿੱਪ ਦਾਖਲ ਕਰਨਾ ( **Inserting a Movie Clip**) | **226** |
| **ਸੈਸ਼ਨ :2** | ਇੱਕ ਆਡੀਓ ਕਲਿੱਪ ਦਾਖਲ ਕਰਨਾ ( **Inserting an Audio Clip**) | **230** |
| **ਸੈਸ਼ਨ :3** | ਟੇਬਲਾਂ ਨਾਲ ਕੰਮ ਕਰਨਾ ( **Working With Tables**) | **232** |
| **ਸੈਸ਼ਨ :4** | ਚਾਰਟਾਂ ਨਾਲ ਕੰਮ ਕਰਨਾ ( **Working With Charts**) | **236** |
| **ਸੈਸ਼ਨ :5** | ਟਰਾਂਜ਼ੀਸ਼ਨਾਂ ਦਾਖਲ ਕਰਨਾ ( **Inserting Transitions**) | **239** |
| **ਸੈਸ਼ਨ :6** | ਐਨੀਮੇਸ਼ਨਾਂ ਦਾਖਲ ਕਰਨਾ **(Inserting Animations)** | **241** |
| **ਸੈਸ਼ਨ :7** | ਓਬਜੈਕਟਸ ਨੂੰ ਗਰੁੱਪ ਕਰਨਾ ( **Grouping Objects**) | **243** |
| **ਸੈਸ਼ਨ :8** | ਸਪੀਕਰ ਨੋਟਜ ਦਾਖਲ ਕਰਨਾ ( **Inserting Speaker Notes**) | **245** |
| **ਸੈਸ਼ਨ :9** | ਕੰਟੈਂਟ ਰਿਵਿਊ ਕਰਨਾ ( **Reviewing Content**) | **247** |
| **ਸੈਸ਼ਨ :10** | ਪ੍ਰੈਜ਼ੇਂਟੇਸ਼ਨ ਦੇਣ ਦੀ ਤਿਆਰੀ ਕਰਨੀ ( **Preparing to Deliver a Presentation**) | **250** |
| **ਸੈਸ਼ਨ :11** | ਪ੍ਰੈਜ਼ੇਂਟੇਸ਼ਨ ਪ੍ਰਿੰਟ ਕਰਨਾ ( **Print a Presentation**) | **252** |

# ਧੰਨਵਾਦ

**ਹੇਠ ਲਿਖੇ ਸਹਿਯੋਗੀਆਂ ਨੇ ਸਮੱਗਰੀ ਉਪਲੱਬਧ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ:**

1. ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (CBSE) ਨੇ ਪੰਡਿਤ ਸੁੰਦਰਲਾਲ ਸ਼ਰਮਾ ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ (PSSCIVE) ਦੇ ਨਾਲ ਕੰਪਿਊਟਰ ਅਤੇ ਆਈ.ਟੀ. ਬੇਸਿਕ (IT Basic) ਦਾ ਟੈਕਸਟ ਅਤੇ ਅਭਿਆਸ ਮੁਹੱਈਆ ਕਰਵਾਉਣ ਲਈ । ਇਸ ਟੀਮ ਦੇ ਵਿੱਚ ਡਾ. ਓਮ ਵਿਕਾਸ (ਕਨਵੀਨਰ) ਦੇ ਨਾਲ ਡਾ. ਵਿਨੇ ਸਵਾਰੂਪ ਮਲਹੋਤਰਾ (ਸਹਾਇਕ ਕਨਵੀਨਰ), ਕੁਮਾਰੀ ਗੁਰਪ੍ਰੀਤ ਕੌਰ, ਸ਼੍ਰੀ ਮਾਨ ਮੁਕੇਸ਼ ਕੁਮਾਰ ਅਤੇ ਸ਼੍ਰੀ ਮਾਨ ਰਿਤੂਰਾਜ ਤਮਰਾਕਰ ਸ਼ਾਮਿਲ ਸਨ ।

2) ਅਸੈਂਚਰ ਇੰਡੀਆ ਦਾ ਕਾਰਪੋਰੇਟ ਸਿਟੀਜ਼ਨਸ਼ਿਪ ਪ੍ਰੋਗਰਾਮ (skill for life), ਅਸੈਂਚਰ ਨੇ ਜੋ ਕੰਟੈਂਟ ਕਮਿਸ਼ਨਡ ਅਤੇ ਤਿਆਰ ਕੀਤਾ ਹੈ ਉਹ ਮੁਹੱਈਆ ਕਰਵਾਇਆ ਅਤੇ ਇਸ ਮਟੀਰੀਅਲ ਦੇ ਲਈ ਉਹਨਾਂ ਦੇ ਲਾਗੂ ਕਰਨ ਵਾਲੇ ਸਹਿਯੋਗੀ (Dr. Reddy's Foundation and Quest Alliance) ਨੂੰ ਵੀ ਵਰਤਣ ਦਿੱਤਾ ।

3) CBSE/PSSCIVE ਦੇ ਕੰਟੈਂਟ ਨੂੰ ਜੋੜਨ ਲਈ ਮਾਈਕਰੋਸਾਫਟ ਦੇ ਫਰੀ ਡਿਜੀਟਲ ਲਿਟਰੇਸੀ ਪ੍ਰੋਗਰਾਮ ਈ- ਲਰਨਿੰਗ (e-learning) ਪੈਕੇਜ ਦੀ ਵਰਤੋਂ ਕੀਤੀ ਗਈ ਹੈ ।

4) ਇਸ ਪਾਠਕ੍ਰਮ ਅਤੇ ਸਮੱਗਰੀ ਨੂੰ ਡਿਜਾਇਨ ਕਰਨ ਅਤੇ ਬਣਾਉਣ ਲਈ ਵਧਵਨੀ ਫਾਊਂਡੇਸਨ ਦੀ ਟੀਮ ਜੁੜੀ ਹੋਈ ਸੀ ਜਿਸ ਵਿੱਚ ਕੁਮਾਰੀ ਦਰਸ਼ਿਕਾ ਸੰਘਾਈ, ਕੁਮਾਰੀ ਸੋਨੀਆ ਕੱਕਰ, ਸ਼੍ਰੀ ਮਾਨ ਅਜੇ ਗੋਇਲ ਅਤੇ ਸ਼੍ਰੀ ਮਾਨ ਅਸਟਿਨ ਥਾਮਸ ਸ਼ਾਮਿਲ ਸਨ ।

5) ਇਸ ਦੇ ਨਾਲ ਹੀ ਕਈ ਜਨਤਕ ਡੋਮੇਨ ਸਰੋਤ ਸਾਰੇ ਮੋਡੀਊਲ ਵਿੱਚ ਸਮੱਗਰੀ ਅਤੇ ਉਦਾਹਰਣ ਬਣਾਉਣ ਲਈ ਵਰਤੇ ਗਏ ਹਨ । ਇਹਨਾਂ ਸਾਰੇ ਸਰੋਤਾਂ ਦਾ ਯੋਗਦਾਨ ਧੰਨਵਾਦ ਸਹਿਤ ਸਵੀਕਾਰ ਕੀਤਾ ਤੇ ਮੰਨਿਆ ਗਿਆ ਹੈ ।

# ਭੂਮਿਕਾ

ਨੈਸ਼ਨਲ ਕਰੀਕੁਲਮ ਫਰੇਮਵਰਕ 2005 ਇਹ ਸਿਫਾਰਿਸ਼ ਕਰਦਾ ਹੈ ਕਿ ਬੱਚਿਆਂ ਦਾ ਜੀਵਨ ਜੋ ਕਿ ਸਕੂਲ ਵਿੱਚ ਹੈ ਉਸ ਨੂੰ ਸਕੂਲ ਤੋਂ ਬਾਹਰ ਦੇ ਜੀਵਨ ਨਾਲ ਜਰੂਰ ਜੋੜਨਾ ਚਾਹੀਦਾ ਹੈ । ਇਹ ਸਿਧਾਂਤ ਕਿਤਾਬਾਂ ਤੋਂ ਸਿੱਖਣ ਦੀ ਵਿਰਾਸਤ ਨੂੰ ਛੱਡਦਾ ਹੈ ਜੋ ਕਿ ਸਾਡੇ ਸਿਸਟਮ ਨੂੰ ਅਕਾਰ ਦੇ ਰਿਹਾ ਹੈ ਅਤੇ ਸਕੂਲ, ਘਰ, ਭਾਈਚਾਰੇ ਅਤੇ ਕੰਮ ਦੇ ਸਥਾਨ ਦੇ ਵਿਚਕਾਰ ਇੱਕ ਪਾੜੇ ਦਾ ਕਾਰਨ ਬਣਦੀ ਹੈ ।

**IT205-NQ2012 ਡਿਜੀਟਲ ਪ੍ਰੈਜ਼ੈਂਟੇਸ਼ਨ (ਇੰਟਰਮੀਡੀਏਟ)** ਉੱਤੇ ਅਧਾਰਿਤ ਵਿਦਿਆਰਥੀ ਵਰਕਬੁੱਕ ਯੋਗਤਾ ਪੈਕੇਜ ਦਾ ਇੱਕ ਹਿੱਸਾ ਹੈ ਜੋ ਕਿ ਨੈਸ਼ਨਲ ਐਜੂਕੇਸ਼ਨ ਕੁਆਲੀਫਿਕੇਸ਼ਨ ਫਰੇਮਵਰਕ (**NVEQF**) ਨੂੰ ਲਾਗੂ ਕਰਨ ਲਈ ਬਣਾਇਆ ਗਿਆ ਹੈ। ਇਹ ਮਨਿਸਟਰੀ ਆਫ ਹਿਊਮੈਨ ਰਿਸੋਰਸ ਡਿਵੈਲਪਮੈਂਟ (MHRD) ਦੀ ਇੱਕ ਪਹਿਲ ਹੈ, ਕੌਮੀ ਮਾਨਤਾ ਪ੍ਰਾਪਤ ਵਿੱਦਿਆਕ ਪ੍ਰਣਾਲੀ ਜਿਸ ਵਿੱਚ ਸਕੂਲ, ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ ਇੰਸਟੀਚਿਊਸ਼ਨ, ਟੈਕਨੀਕਲ ਐਜੂਕੇਸ਼ਨ ਇੰਸਟੀਚਿਊਸ਼ਨ ਕਾਲਜ਼ ਅਤੇ ਯੂਨੀਵਰਸੀਟੀਆਂ ਸ਼ਾਮਲ ਹਨ, ਲਈ ਭਾਰਤ ਸਰਕਾਰ ਦੁਆਰਾ ਆਮ ਸਿਧਾਂਤ ਅਤੇ ਦਿਸ਼ਾ ਨਿਰਦੇਸ਼ ਸੈਟ ਕਰਨਾ, ਇਹ ਅਨੁਮਾਨ ਹੈ ਕਿ **NVEQF** ਯੋਗਤਾ, ਅੰਤਰ ਖੇਤਰੀ ਸਿੱਖਿਆ, ਵਿਦਿਆਰਥੀ ਕੇਂਦਰਿਤ ਸਿੱਖਿਆ ਵਿੱਚ ਪਾਰਦਰਸ਼ਤਾ ਨੂੰ ਵਧਾਏਗਾ ਅਤੇ ਵੱਖ-ਵੱਖ ਯੋਗਤਾਵਾਂ ਦੇ ਵਿਚਕਾਰ ਸਿਖਿਆਰਥੀ ਦੀ ਗਤੀਸ਼ੀਲਤਾ ਨੂੰ ਸੁਵਿਧਾਜਨਕ ਕਰਦਾ ਹੈ, ਇਸ ਤਰਾਂ ਇਹ ਲੰਮੇ ਸਮੇਂ ਤੱਕ ਸਿੱਖਣ ਨੂੰ ਉਤਸ਼ਾਹਿਤ ਕਰਦਾ ਹੈ ।

ਇਹ ਵਿਦਿਆਰਥੀ ਵਰਕਬੁੱਕ ਜੋ ਕਿ ਵਿਦਿਆਰਥੀਆਂ ਲਈ ਵੋਕੇਸ਼ਨਲ ਯੋਗਤਾ ਪੈਕੇਜ ਦੇ ਇੱਕ ਭਾਗ ਨੂੰ ਬਣਾਉਂਦੀ ਹੈ, ਮਾਹਿਰਾਂ ਦੇ ਗਰੁੱਪ ਵੱਲੋਂ ਉਹਨਾਂ ਵਿਦਿਆਰਥੀਆਂ ਲਈ ਬਣਾਈ ਗਈ ਸੀ , ਜਿਹਨਾਂ ਨੇ ਨੌਵੀਂ ਜਾਂ ਇਸਦੇ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੈ । ਆਈ.ਟੀ./ਆਈ.ਟੀ.ਈ.ਐਸ. ਸਕਿੱਲ ਡਿਵੈਲਪਮੈਂਟ ਕੌਂਸਿਲ (**IT-ITeS Skill Development Council**) ਜੋ ਕਿ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਤੋਂ ਮਾਨਤਾ ਪ੍ਰਾਪਤ ਹੈ, ਨੇ **IT-ITeS** ਇੰਡਸਟਰੀ ਦੇ ਲਈ ਨੈਸ਼ਨਲ ਆਕੂਪੇਸ਼ਨਲ ਸਟੈਂਡਰਡਜ਼ (National Occupation Standards (NOS)) ਨੂੰ ਵਿਕਸਿਤ ਕੀਤਾ ਹੈ । ਨੈਸ਼ਨਲ ਆਕੂਪੇਸ਼ਨਲ ਸਟੈਂਡਰਡਜ਼ (NOS) ਇੱਕ ਕੰਪੀਟੈਂਸੀ ਸਟੈਂਡਅਰਡਜ਼ ਦਾ ਸੈੱਟ ਹੈ ਅਤੇ ਕੰਮ ਕਰਨ ਵਾਲੀ ਥਾਂ ਉੱਤੇ ਠੀਕ ਤਰਾਂ ਕੰਮ ਕਰਨ ਲਈ ਜਰੂਰੀ ਸਕਿੱਲ ਅਤੇ ਗਿਆਨ ਦਾ ਮੁਲਾਂਕਣ ਕਰਨ ਲਈ ਇਸ ਨੂੰ ਦਿਸ਼ਾ ਨਿਰਦੇਸ਼ ਆਈ.ਟੀ. ਇੰਡਸਟਰੀ ਦੇ ਪ੍ਰਤੀਨਿਧ ਦੁਆਰਾ ਦਿੱਤੇ ਜਾਂਦੇ ਹਨ ।

ਪੰਡਿਤ ਸੁੰਦਰ ਲਾਲ ਸ਼ਰਮਾ ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ (PSSCIVE), ਨੈਸ਼ਨਲ ਕਾਉਂਸਿਲ ਆਫ ਐਜੂਕੇਸ਼ਨਲ ਰੀਸਰਚ ਐਂਡ ਟਰੇਨਿੰਗ( NCERT) ਦਾ ਇੱਕ ਸੰਘਟਕ ਹੈ ਨੇ ਵਧਵਨੀ ਫਾਉਂਡੇਸ਼ਨ ਦੇ ਸਬੰਧ ਨਾਲ ਮਾਡੂਲਰ ਪਾਠਕ੍ਰਮ ਅਤੇ ਲਰਨਿੰਗ ਮਟੀਰੀਅਲ IT/ITes ਸੈਕਟਰ ਦੇ ਵਿੱਚ ਵੋਕੇਸ਼ਨਲ ਕੁਆਲੀਫਿਕੇਸ਼ਨ ਪੈਕੇਜ ਲਈ NVEQ ਦੇ ਲਈ ਲੈਵਲ 1 ਤੋਂ 4 (ਯੂਨਿਟਸ) ਵਿਕਸਿਤ ਕੀਤਾ ਹੈ। ਲੈਵਲ 1 ਕਲਾਸ 9ਵੀਂ ਦੇ ਬਰਾਬਰ ਹੈ। ਐਨ.ਓ.ਐਸ (NOS) ਉੱਤੇ ਅਧਾਰਿਤ ਕਿੱਤਾ ਮੂਲ ਕੁਸ਼ਲਤਾਵਾਂ (ਗਿਆਨ,ਮੁਹਾਰਤ ਅਤੇ ਕਾਬਲੀਅਤ) ਲਰਨਿੰਗ ਮਡਿਊਲ (ਯੂਨਿਟਸ) ਅਤੇ ਕਰੀਕੁਲਾ ਦੇ ਵਿਕਾਸ ਲਈ ਪਹਿਚਾਣੇ ਗਏ ਸਨ ।

ਇਹ ਵਿਦਿਆਰਥੀ ਵਰਕਬੁੱਕ ਰੱਟੇ ਦੇ ਨਾਲ ਸਿੱਖਣ ਨੂੰ ਨਿਰਉਸ਼ਾਹਿਤ ਕਰਦੀ ਹੈ ਅਤੇ ਕੋਰਸ ਨੂੰ ਆਫਰ ਕਰਨ ਵਿੱਚ ਜਰੂਰੀ ਲਚਕਤਾ ਲਿਆਉਣ ਲਈ,ਵੱਖ-ਵੱਖ ਵਿਸ਼ੇ ਦੇ ਖੇਤਰਾਂ ਦੇ ਵਿਚਕਾਰ ਤਿੱਖੀ ਸੀਮਾ ਨੂੰ ਤੋੜਨ ਲਈ ਜਰੂਰੀ ਹੈ।ਕਿਤਾਬ ਇਹ ਵਧਾਉਣ ਦੀ ਕੋਸ਼ਿਸ਼ ਕਰਦੀ ਹੈ, ਉੱਚ ਤਰਜੀਹ ਦੇਕੇ ਅਤੇ ਸੋਚਣ ਬਾਰੇ ਮੌਕਾ ਦੇਕੇ ਅਤੇ ਹੈਰਾਨੀ ਨਾਲ, ਛੋਟੇ-ਛੋਟੇ ਗਰੁੱਪਾਂ ਦੇ ਵਿੱਚ ਚਰਚਾ ਅਤੇ ਕਿਰਿਆਵਾਂ ਦੇ ਲਈ ਹੱਥ ਦੇ ਤਜਰਬੇ ਦੀ ਲੋੜ ਹੈ।ਅਸੀਂ ਉਮੀਦ ਕਰਦੇ ਹਾਂ ਕਿ ਇਹ ਉਪਾਅ ਜਿਸ ਦਾ ਸਿੱਖਿਆ ਦੀ ਨੈਸ਼ਨਲ ਨੀਤੀ (1986) ਦੇ ਵਿੱਚ ਜਿਕਰ ਹੈ ਸਾਨੂੰ ਵਿਦਿਆਰਥੀ ਕੇਂਦਰਿਤ ਸਿੱਖਿਆ ਪ੍ਰਣਾਲੀ ਦੀ ਦਿਸ਼ਾ ਦੇ ਵਿੱਚ ਹੋਰ ਕਾਫੀ ਅੱਗੇ ਲੈ ਜਾਣਗੇ ।

ਇਸ ਯਤਨ ਦੀ ਸਫਲਤਾ ਸਕੂਲ ਪ੍ਰਿੰਸੀਪਲ ਅਤੇ ਅਧਿਆਪਕ ਦੇ ਕਦਮਾਂ ਉੱਤੇ ਨਿਰਭਰ ਕਰਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਨੂੰ ਪ੍ਰਗਟ ਕਰਨ ਅਤੇ ਕਲਪਨਾਵਾਂ ਦਾ ਪਿੱਛਾ ਕਰਨ ਲਈ ਅਤੇ ਆਨ-ਦਾ-ਜੌਬ ਕਿਰਿਆਵਾਂ ਅਤੇ ਪ੍ਰਸ਼ਨਾਂ ਦੇ ਲਈ ਉਤਸ਼ਾਹਿਤ ਕਰਨ।

ਹੁਨਰ ਵਿਕਾਸ ਅਭਿਆਸ ਵਿੱਚ ਸਿਖਿਆਰਥੀ ਦੀ ਸ਼ਮੂਲੀਅਤ ਅਤੇ ਮੁੱਲਾਂ ਨੂੰ ਸ਼ਾਮਿਲ ਕਰਨਾ ਅਤੇ ਰਚਨਾਤਮਕਤਾ ਸੰਭਵ ਹੈ ਜੇਕਰ ਅਸੀਂ ਬੱਚੇ ਨੂੰ ਹਿੱਸਾ ਲੈਣ ਵਾਲੇ ਵਾਂਗੂੰ ਸਿੱਖਣ ਦੇ ਵਿੱਚ ਸ਼ਾਮਲ ਕਰਦੇ ਹਾਂ ਨਾ ਕਿ ਜਾਣਕਾਰੀ ਪ੍ਰਾਪਤ ਕਰਨ ਵਾਲੇ ਵਾਂਗੂੰ । ਇਹ ਉਦੇਸ਼ ਸਕੂਲ ਦੀ ਰੁਟੀਨ ਦੇ ਵਿੱਚ ਅਤੇ ਕੰਮ ਕਾਜ ਦੇ ਢੰਗ ਦੇ ਵਿੱਚ ਕਾਫੀ ਤਬਦੀਲੀ ਕਰਦੇ ਹਨ । ਕੰਮ ਨੂੰ ਲਾਗੂ ਕਰਨ ਵਿੱਚ ਕਠੋਰਤਾ ਨੂੰ ਬਰਕਰਾਰ ਰੱਖਣ ਲਈ ਰੋਜਾਨਾ ਦੇ ਟਾਈਮ ਟੇਬਲ ਵਿੱਚ ਲਚਕੀਲਾਪਣ ਜਰੂਰੀ ਹੋਵੇਗਾ ਅਤੇ ਪੜਾਉਣ ਅਤੇ ਸਿਖਾਉਣ ਲਈ ਪੜਾਈ ਦੇ ਜਰੂਰੀ ਦਿਨਾਂ ਦੇ ਵਿੱਚ ਵਾਧਾ ਕਰਨਾ ਪਵੇਗਾ।

# ਤੁਹਾਡੀ ਕਾਰਜ ਪੁਸਤਕ ਬਾਰੇ

ਇਹ ਕਿਤਾਬ **IT205-NQ2012: ਡਿਜੀਟਲ ਪ੍ਰੈਜ਼ੈਂਟੇਸ਼ਨ (ਇੰਟਰਮੀਡੀਏਟ)** ਦੇ ਯੂਨਿਟ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਦੇ ਲਈ ਹੈ। ਤੁਹਾਨੂੰ ਕਿਤਾਬ ਕਲਾਸ ਰੂਮ, ਕੰਮ ਕਰਨ ਦੇ ਸਥਾਨ ਉੱਤੇ ਜਾਂ ਤੁਹਾਡੇ ਆਪਣੇ ਸਮੇਂ ਵਿੱਚ ਤੁਹਾਡੇ ਅਧਿਆਪਕ ਜਾਂ ਟਰੇਨਰ ਦੀ ਦੇਖ ਰੇਖ ਹੇਠ ਵਰਕਬੁੱਕ ਦੁਆਰਾ ਕੰਮ ਕਰਨਾ ਚਾਹੀਦਾ ਹੈ।

ਇਸ ਕਿਤਾਬ ਦੇ ਵਿੱਚ ਸੈਸ਼ਨ ਹਨ ਜੋ ਕਿ ਤੁਹਾਨੂੰ ਯੋਗਤਾ ਦੇ ਯੂਨਿਟ ਦੇ ਵੱਖ-ਵੱਖ ਪਹਿਲੂ ਉੱਤੇ ਢੁੱਕਵਾਂ ਗਿਆਨ ਅਤੇ ਸਕਿੱਲ (soft and hard) ਪ੍ਰਾਪਤ ਕਰਨ ਵਿੱਚ ਮਦਦ ਕਰਨਗੇ। ਹਰੇਕ ਸੈਸ਼ਨ ਕਾਫੀ ਛੋਟਾ ਹੈ ਅਤੇ ਬੜੀ ਅਸਾਨੀ ਨਾਲ ਤੁਹਾਡੇ ਦੁਆਰਾ ਅਗਲੇ ਸੈਸ਼ਨ ਉੱਤੇ ਜਾਣ ਤੋਂ ਪਹਿਲਾਂ ਅਸਾਨੀ ਨਾਲ ਨਿਪਟਾਇਆ ਅਤੇ ਹਜ਼ਮ ਕੀਤਾ ਜਾ ਸਕਦਾ ਹੈ। ਤੁਹਾਡੇ ਲਈ ਟੈਕਸਟ ਨੂੰ ਲਾਈਵ ਅਤੇ ਇੰਟਰੈਕਟਿਵ ਬਣਾਉਣ ਵਾਸਤੇ ਅਤੇ ਵਿਜ਼ੂਅਲ ਅਪੀਲ ਨੂੰ ਲਿਆਉਣ ਲਈ ਐਨੀਮੇਟਡ ਤਸਵੀਰਾਂ ਅਤੇ ਫੋਟੋਆਂ ਨੂੰ ਸ਼ਾਮਲ ਕੀਤਾ ਗਿਆ ਹੈ। ਤੁਸੀ ਆਪਣੀ ਕਲਪਨਾ ਨੂੰ ਵਰਤਦੇ ਹੋਏ ਜਾਂ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਆਪਣੀ ਉਦਾਹਰਣ ਆਪ ਬਣਾਉਣ ਦੀ ਕੋਸ਼ਿਸ਼ ਵੀ ਕਰ ਸਕਦੇ ਹੋ। ਆਓ ਹੁਣ ਵੇਖੀਏ ਕਿ ਇਸ ਸੈਸ਼ਨ ਵਿੱਚ ਕਿਹੜੇ ਸੈਕਸ਼ਨ ਤੁਹਾਡੇ ਲਈ ਹਨ :

### ਸੈਕਸ਼ਨ 1: ਜਾਣ-ਪਹਿਚਾਣ

ਇਹ ਸੈਕਸ਼ਨ, ਯੂਨਿਟ ਦੇ ਵਿਸ਼ੇ ਨਾਲ ਤੁਹਾਡੀ ਜਾਣ-ਪਹਿਚਾਣ ਕਰਵਾਉਂਦਾ ਹੈ।ਇਹ ਤੁਹਾਨੂੰ ਇਹ ਵੀ ਦੱਸਦਾ ਹੈ ਕਿ ਯੂਨਿਟ ਦੇ ਵਿੱਚ ਸ਼ਾਮਲ ਹੋਰ ਸੈਸ਼ਨਾਂ ਦੇ ਵਿੱਚ ਤੁਸੀ ਕੀ ਸਿੱਖੋਗੇ।

### ਸੈਕਸ਼ਨ 2: ਸੰਬੰਧਿਤ ਜਾਣਕਾਰੀ

ਇਹ ਸੈਕਸ਼ਨ ਤੁਹਾਨੂੰ ਸੈਸ਼ਨ ਦੇ ਵਿੱਚ ਸ਼ਾਮਲ ਵਿਸ਼ਿਆਂ ਦੇ ਉੱਤੇ ਢੁੱਕਵੀਂ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਇਸ ਸੈਕਸ਼ਨ ਦੇ ਵਿੱਚ ਜੋ ਗਿਆਨ ਵਿਕਸਿਤ ਹੋਇਆ ਹੈ ਉਹ ਤੁਹਾਨੂੰ ਕੁਝ ਨਿਸ਼ਚਿਤ ਕਿਰਿਆਵਾਂ ਕਰਨ ਦੇ ਲਈ ਯੋਗ ਬਣਾਏਗਾ। ਅਭਿਆਸ ਨੂੰ ਪੂਰਾ ਕਰਨ ਤੋਂ ਪਹਿਲਾਂ ਵਿਸ਼ੇ ਦੇ ਵੱਖ ਵੱਖ ਪੱਖਾਂ ਉੱਤੇ ਸਮਝ ਵਿਕਸਿਤ ਕਰਨ ਲਈ ਤੁਹਾਨੂੰ ਜਾਣਕਾਰੀ ਨੂੰ ਚੰਗੀ ਤਰਾਂ ਪੜਨਾ ਚਾਹੀਦਾ ਹੈ।

### ਸੈਕਸ਼ਨ 3: ਅਭਿਆਸ

ਹਰੇਕ ਸੈਸ਼ਨ ਦੇ ਵਿੱਚ ਅਭਿਆਸ ਹੈ ਜੋ ਕਿ ਤੁਹਾਨੂੰ ਸਮੇਂ ਉੱਤੇ ਪੂਰੀ ਕਰਨੀ ਚਾਹੀਦੀ ਹੈ। ਤੁਸੀ ਕਲਾਸ ਰੂਮ , ਘਰ ਜਾਂ ਕੰਮ ਦੇ ਸਥਾਨ ਉੱਤੇ ਕਿਰਿਆਵਾਂ ਨੂੰ ਕਰੋਗੇ। ਇਸ ਸੈਕਸ਼ਨ ਦੇ ਵਿੱਚ ਸ਼ਾਮਲ ਕਿਰਿਆਵਾਂ ਜੋ ਕਿ ਕੰਮ ਦੇ ਸਥਾਨ ਉੱਤੇ ਕੰਮ ਕਰਨ ਵਿੱਚ ਤੁਹਾਨੂੰ ਕੰਪੀਟੈਂਟ ਬਣਨ ਦੇ ਲਈ ਜਰੂਰੀ ਹਨ ਤੁਹਾਡੇ ਗਿਆਨ, ਸਕਿੱਲ ਅਤੇ ਸੁਭਾਅ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਨਗੀਆਂ।

ਕਿਰਿਆਵਾਂ ਤੁਹਾਡੇ ਅਧਿਆਪਕ ਜਾਂ ਟਰੇਨਰ ਦੀ ਦੇਖਰੇਖ ਹੇਠ ਹੋਣੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਕੰਮ ਪੂਰਾ ਕਰਨ ਦੇ ਵਿੱਚ ਜਾਣਕਾਰੀ ਦੇਵੇਗਾ ਅਤੇ ਤੁਹਾਡੀ ਪਰਫਾਰਮੈਂਸ ਨੂੰ ਸੁਧਾਰਨ ਲਈ ਫੀਡਬੈਕ ਵੀ ਮੁਹੱਈਆ ਕਰਵਾਏਗਾ। ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਨਾਲ ਗੱਲ ਕਰਕੇ ਇੱਕ ਟਾਈਮ ਟੇਬਲ ਤਿਆਰ ਕਰੋ ਅਤੇ ਸਖ਼ਤੀ ਨਾਲ ਨਿਰਧਾਰਤ ਨਿਯਮ ਜਾਂ ਮਿਆਰ ਦੀ ਪਾਲਣਾ ਕਰੋ। ਜੋ ਤੁਹਾਨੂੰ ਸਮਝ ਨਹੀਂ ਆਉਂਦਾ ਉਸਦੀ ਵਿਆਖਿਆ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਨੂੰ ਪੁੱਛਣ ਲਈ ਜਕੋ ਨਾ [

### ਸੈਕਸ਼ਨ 4: ਅਸੈਸਮੈਂਟ

ਇਸ ਸੈਕਸ਼ਨ ਵਿੱਚ ਸ਼ਾਮਲ ਰੀਵਿਊ (review) ਪ੍ਰਸ਼ਨ ਤੁਹਾਡੀ ਪ੍ਰੋਗਰੈੱਸ ਨੂੰ ਚੈੱਕ ਕਰਨ ਲਈ ਤੁਹਾਡੀ ਮਦਦ ਕਰਨਗੇ। ਅਗਲੇ ਸੈਸ਼ਨ ਉੱਤੇ ਜਾਣ ਤੋਂ ਪਹਿਲਾਂ ਤੁਸੀ ਸਾਰੇ ਪ੍ਰਸ਼ਨਾਂ ਦੇ ਜੁਆਬ ਦੇਣ ਦੇ ਜਰੂਰ ਯੋਗ ਹੋਣੇ ਚਾਹੀਦੇ ਹੋ।

## ਸੈਸ਼ਨ 1: ਇੱਕ ਮੂਵੀ ਕਲਿੱਪ ਦਾਖਲ ਕਰਨਾ ( Inserting a Movie Clip)

### ਸੰਬੰਧਤ ਜਾਣਕਾਰੀ

ਪ੍ਰੈਜ਼ੈਂਟੇਸ਼ਨ ਸਾਫਟਵੇਅਰ ਯੂਜ਼ਰ ਨੂੰ ਪ੍ਰੈਜ਼ੈਂਟੇਸ਼ਨ ਨੂੰ ਰੰਗਦਾਰ ਅਤੇ ਸਾਰਥਕ ਬਣਾਉਣ ਲਈ ਪ੍ਰੈਜ਼ੈਂਟੇਸ਼ਨ ਵਿੱਚ ਮੂਵੀ ਕੱਲਿਪਾਂ ਦਾਖਲ ਕਰਨ ਦੀ ਆਗਿਆ ਦਿੰਦਾ ਹੈ। ਤੁਸੀ ਪ੍ਰੈਜ਼ੈਂਟੇਸ਼ਨ ਵਿੱਚ ਮੂਵੀ ਜਾਂ ਇੰਟਰਨੈੱਟ ਤੋਂ ਡਾਊਨਲੋਡ ਕੀਤੀ ਯੂ ਟਿਊਬ ਵੀਡੀਓ ਦਾਖਲ ਕਰ ਸਕਦੇ ਹੋ ।

ਇਸ ਅਭਿਆਸ ਵਿੱਚ ਤੁਸੀ ਸਿੱਖੋਗੇ ਕਿ ਸਲਾਈਡ ਵਿੱਚ ਮੂਵੀ ਕਲਿੱਪ ਕਿਵੇਂ ਦਾਖਲ ਕੀਤੀ ਜਾਂਦੀ ਹੈ। ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ ।

ਦੋ ਤਰੀਕਿਆਂ ਨਾਲ ਤੁਸੀ ਮੂਵੀ ਦਾਖਲ ਕਰ ਸਕਦੇ ਹੋ:

- **Insert** ਟੈਬ ਦੀ ਵਰਤੋ ਨਾਲ ।
- Title ਅਤੇ Content Layout ਆਪਸ਼ਨ ਦੀ ਵਰਤੋ ਨਾਲ ।

**Insert** ਟੈਬ ਦੇ ਵਿੱਚ ***Media clips*** ਗਰੁੱਪ ਦੇ ਹੇਠ ***Movie*** ਆਪਸ਼ਨ ਉੱਤੇ ਕਲਿੱਕ ਕਰੋ। ਹੇਠਾਂ ਦਿਖਾਏ ਅਨੁਸਾਰ ਇੱਕ ਡਰਾਪ ਡਾਊਨ ਲਿਸਟ ਦਿਖਾਈ ਦਿੰਦੀ ਹੈ ।




**Figure 1**

ਤੁਸੀ ਇੰਟਰਨੈੱਟ ਤੋਂ ਪਹਿਲਾਂ ਹੀ ਡਾਊਨਲੋਡ ਕੀਤੀ ਮੂਵੀ ਕਲਿੱਪ ਨੂੰ ਦਾਖਲ ਕਰਨ ਲਈ ***Movie from File…*** ਆਪਸ਼ਨ ਨੂੰ ਚੁਣ ਸਕਦੇ ਹੋ । ਹੇਠਾਂ ਅਨੁਸਾਰ ਇੱਕ ਡਾਇਆਲਾਗ ਬਾਕਸ ਦਿਸਦਾ ਹੈ:




**Figure 2**

ਤੁਸੀ ਮੂਵੀ ਕਲਿੱਪ ਨੂੰ ਲੱਭ ਸਕਦੇ ਹੋ ਅਤੇ ਉਸੇ ਨੂੰ ਸਲਾਈਡ ਵਿੱਚ ਦਾਖਲ ਕਰਨ ਲਈ ***OK*** ਉੱਤੇ ਕਲਿੱਕ ਕਰੋ । ਪ੍ਰੈਜ਼ੈਂਟੇਸ਼ਨ ਹੇਠਾਂ ਅਨੁਸਾਰ ਦਿਖਾਈ ਦੇਵੇਗੀ:




**Figure 3**

ਤੁਸੀ ਮੀਡੀਆ ਕਲਿੱਪ ਨੂੰ ਪਲੇਅ ਕਰਨ ਲਈ ਉਪਲੱਬਧ ਦੋ ਆਪਸ਼ਨਾਂ Automatically ਜਾਂ When Clicked ਵਿੱਚੋਂ ਕਿਸੇ ਇੱਕ ਨੂੰ ਸੈੱਟ ਕਰ ਸਕਦੇ ਹੋ ।

ਇਸ ਤੋਂ ਇਲਾਵਾ ਤੁਸੀ ਮੂਵੀ ਕਲਿੱਪ ਜੋ **Clip Organizer** ਦੇ ਹੇਠ ਉਪਲੱਬਧ ਹੈ ਨੂੰ ਦਾਖਲ ***Movie from Clip Organizer…*** ਆਪਸ਼ਨ ਨੂੰ ਚੁਣ ਸਕਦੇ ਹੋ । ਇਹ ਕਰਨ ਉੱਤੇ ਹੇਠਾਂ ਅਨੁਸਾਰ **ਕਲਿੱਪ ਆਰਟ ਟਾਸਕ ਪੇਨ** ਦਿਸਦਾ ਹੈ:




**Figure 4**

ਤੁਸੀ ਉਪਲੱਬਧ ਮੂਵੀਆ ਵਿੱਚੋਂ ਕਿਸੇ ਨੂੰ ਵੀ ਚੁਣ ਸਕਦੇ ਹੋ ਅਤੇ ਇਸ ਨੂੰ ਸਲਾਈਡ ਵਿੱਚ ਦਾਖਲ ਕਰ ਸਕਦੇ ਹੋ। ਇੱਕ ਵਾਰ ਜਦੋਂ ਤੁਸੀ ਸਲਾਈਡ ਦੇ ਵਿੱਚ ਮੂਵੀ ਦਾਖਲ ਕਰ ਦਿੱਤੀ ਤਾਂ ਪ੍ਰੈਜ਼ੈਂਟੇਸ਼ਨ ਹੇਠਾਂ ਦਰਸਾਏ ਅਨੁਸਾਰ ਦਿਖਾਈ ਦੇਵੇਗੀ :



**Figure 5**

## ਲੇਆਉਟ ਆਪਸ਼ਨ ਦੀ ਵਰਤੋ ਕਰਨਾ (Using Layout Option)

ਪ੍ਰੈਜ਼ੇਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ ਅਤੇ ਸਲਾਈਡ ਦੀ ਲੇਆਉਟ ਬਦਲੋ ।

***Home*** ਟੈਬ ਦੇ ਵਿੱਚ ***Slides*** ਗਰੁੱਪ ਦੇ ਹੇਠ ***Layout*** ਆਪਸ਼ਨ ਉੱਤੇ ਕਲਿੱਕ ਕਰੋ । ਹੇਠਾਂ ਅਨੁਸਾਰ ਇੱਕ ਡਰਾਪ ਡਾਉਨ ਲਿਸਟ ਦਿਸਦੀ ਹੈ :




**Figure 6**

***Title and Content*** ਟੈਬ ਉੱਤੇ ਕਲਿੱਕ ਕਰੋ ਅਤੇ ਹੇਠਾਂ ਦਿਖਾਏ ਅਨੁਸਾਰ ਇੱਕ ਸਲਾਈਡ ਲੇਆਉਟ ਦੇ ਨਾਲ ਦਿਖਾਈ ਦੇਵੇਗੀ:




**Figure 7**

ਤੁਸੀ *Layout* ਆਪਸ਼ਨ ਵਿੱਚੋਂ ਆਈਕਨ ਉੱਤੇ ਕਲਿੱਕ ਕਰਕੇ ਸਲਾਈਡ ਵਿੱਚ ਮੂਵੀ ਦਾਖਲ ਕਰ ਸਕਦੇ ਹੋ। ਇੱਕ ਵਾਰ ਜਦੋਂ ਤੁਸੀ ਆਈਕਨ ਉੱਤੇ ਕਲਿੱਕ ਕਰ ਦਿੱਤਾ ਤਾਂ ਹੇਠਾਂ ਅਨੁਸਾਰ ਇੱਕ ਡਾਇਆਲਾਗ ਬਾਕਸ ਦਿਸਦਾ ਹੈ :




**Figure 8**

ਜਦੋਂ ਤੁਸੀ ਸਲਾਈਡਸ਼ੋਅ ਨੂੰ ਪਲੇਅ ਕਰਦੇ ਹੋ ਤਾਂ ਮੂਵੀ ਕਲਿੱਪ ਆਪਣੇ ਆਪ ਪਲੇ ਹੋ ਜਾਵੇਗੀ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | **Insert** ਆਪਸ਼ਨ ਦੀ ਵਰਤੋਂ ਕਰਕੇ ਮੂਵੀ ਕਲਿੱਪ ਦਾਖਲ ਕਰੋ। |
| 2 | **Layout** ਆਪਸ਼ਨ ਦੀ ਵਰਤੋਂ ਕਰਕੇ ਮੂਵੀ ਕਲਿੱਪ ਦਾਖਲ ਕਰੋ। |
| 3 | ਜਾਂ ਤਾਂ " Effects of thoughts on water " ਜਾ " Our place in the cosmos " ਜਾ " Effects of Global Warming " ਉਤੇ ਕੋਈ ਵੱਖ-2 ਕਲਿੱਪਸ ਡਾਊਨਲੋਡ ਕਰੋ। ਇੱਕ ਪ੍ਰੈਜ਼ੇਂਟੇਸ਼ਨ ਬਣਾਓ ਅਤੇ ਫਾਈਲ ਨੂੰ ਢੁਕਵਾਂ ਨਾਮ ਦਿਓ। ਸਬੰਧਤ ਵੀਡੀਓ ਕਲਿੱਪ ਦਾਖਲ ਕਰੋ ਅਤੇ ਪ੍ਰੈਜ਼ੇਂਟੇਸ਼ਨ ਨੂੰ ਸੇਵ ਕਰੋ।ਤੁਸੀ ਅਗਲੇ ਸੈਸ਼ਨ ਵਿੱਚ ਇਸ ਫਾਈਲ ਨੂੰ ਵੀ ਵਰਤੋਂਗੇ। |

## ਮੁਲਾਂਕਣ ( ASSESSMENT )

**ਖਾਲੀ ਥਾਵਾਂ ਭਰੋ:**

1. ਪ੍ਰੈਜ਼ੇਂਟੇਸ਼ਨ ਯੂਜ਼ਰ ਨੂੰ ਪ੍ਰੈਜ਼ੇਂਟੇਸ਼ਨ ਨੂੰ ਰੰਗਦਾਰ ਅਤੇ ਸਾਰਥਕ ਬਣਾਉਣ ਲਈ ਪ੍ਰੈਜ਼ੇਂਟੇਸ਼ਨ ਵਿੱਚ ______ ______ਦਾਖਲ ਕਰਨ ਦੀ ਆਗਿਆ ਦਿੰਦਾ ਹੈ।
2. ਤੁਸੀ ਪ੍ਰੈਜ਼ੇਂਟੇਸ਼ਨ ਵਿੱਚ ਮੂਵੀ ਕਲਿੱਪ ਦਾਖਲ ਕਰਨ ਲਈ ਦੋ ਆਪਸ਼ਨਾਂ ______ਅਤੇ ______ਵਰਤ ਸਕਦੇ ਹੋ।
3. **Movie** ਆਪਸ਼ਨ ਦੇ ਹੇਠਾਂ ਉਪਲੱਬਧ ਦੋ ਆਪਸ਼ਨਾਂ ______ਅਤੇ ______ਹਨ।
4. ਮੂਵੀ (Movie) ਆਪਸ਼ਨ **Insert** ਟੈਬ ਦੇ ਹੇਠ ______ਗਰੁੱਪ ਦੇ ਵਿੱਚ ਉਪਲੱਬਧ ਹੈ।

## ਸੈਸ਼ਨ 2 : ਇੱਕ ਆਡੀਓ ਕਲਿੱਪ  ਦਾਖਲ ਕਰਨਾ ( Inserting an Audio Clip)

### ਸਬੰਧਤ ਜਾਣਕਾਰੀ

ਤੁਸੀ ਵੀਡੀਓ ਦੇ ਵਾਂਗੂ ਪ੍ਰੈਜ਼ੈਂਟੇਸ਼ਨ ਦੇ ਵਿੱਚ ਆਡੀਓ ਕਲਿੱਪ ਸ਼ਾਮਲ ਕਰ ਸਕਦੇ ਹੋ। ਉਦਾਹਰਣ ਲਈ ਤੁਸੀ ਆਪਣੀ ਪ੍ਰੈਜ਼ੈਂਟੇਸ਼ਨ ਦੇ ਸਮੇਂ ਹਲਕਾ ਬੈਕਗ੍ਰਾਉਂਡ ਸੰਗੀਤ ਚਲਾ ਸਕਦੇ ਹੋ। ਇਸ ਅਭਿਆਸ ਵਿੱਚ ਤੁਸੀ ਸਿੱਖੋਗੇ ਕਿ ਇੱਕ ਸਲਾਈਡ ਵਿੱਚ ਆਡੀਓ ਕਲਿੱਪ ਕਿਵੇਂ ਦਾਖਲ ਕੀਤੀ ਜਾਂਦੀ ਹੈ।

ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ। ***Insert*** ਟੈਬ ਦੇ ਵਿੱਚ ***Media clips*** ਗਰੁੱਪ ਦੇ ਹੇਠ ***Sound*** ਉੱਤੇ ਕਲਿੱਕ ਕਰੋ। ਤਸਵੀਰ 9 ਵਿੱਚ ਵਿਖਾਏ ਅਨੁਸਾਰ ਇੱਕ ਡਰਾਪਡਾਉਨ ਦਿਸਦੀ ਹੈ।




**Figure 9**

ਤੁਸੀ ਸਾਉਂਡ ਕਲਿੱਪ ਨੂੰ ਦਾਖਲ ਕਰਨ ਲਈ ***Sound  from File…*** ਆਪਸ਼ਨ ਨੂੰ ਚੁਣ ਸਕਦੇ ਹੋ। ਹੇਠਾਂ ਵਿਖਾਏ ਅਨੁਸਾਰ ਇੱਕ ਡਾਇਆਲਾਗ ਬਾਕਸ ਦਿਖਾਈ ਦਿੰਦਾ ਹੈ।




**Figure 10**

ਤੁਸੀ ਆਡੀਓ ਕਲਿੱਪ ਨੂੰ ਲੱਭ ਸਕਦੇ ਹੋ ਅਤੇ ਉਸੇ ਨੂੰ ਸਲਾਈਡ ਵਿੱਚ ਦਾਖਲ ਕਰਨ ਲਈ ***OK*** ਉੱਤੇ ਕਲਿੱਕ ਕਰੋ। ਜੋ ਸਟੈੱਪਸ ਤੁਸੀ **ਮੂਵੀ ਕਲਿੱਪ** ਨੂੰ ਦਾਖਲ ਕਰਨ ਵੇਲੇ ਸਿੱਖੇ ਸਨ ਤੁਸੀ ਉਹਨਾਂ ਹੀ ਸਟੈੱਪਸ ਦੀ ਪਾਲਣਾ ਕਰ ਸਕਦੇ ਹੋ। ਸਾਉਂਡਸ ਦੀ ਇੱਕ ਸੂਚੀ ਲਈ ਇੱਕ ਇਨਬੁਲਿਟ ਕਲਿੱਪ ਆਰਗੇਨਾਈਜ਼ਰ ਹੈ। ਤੁਸੀ ਓਹਨਾਂ ਨੂੰ ***Sound  from Clip Organizer…*** ਆਪਸ਼ਨ ਦੇ ਦੁਆਰਾ ਐਕਸੈੱਸ ਕਰ ਸਕਦੇ ਹੋ।

ਅੱਗੇ ਵਧੋ ਅਤੇ ਇਸ ਆਪਸ਼ਨ ਦੀ ਵਰਤੋਂ ਨਾਲ ਇੱਕ ਆਡੀਓ ਕਲਿੱਪ ਦਾਖਲ ਕਰੋ। ਜਦੋਂ ਤੁਸੀ ਸਾਊਂਡ ਕਲਿੱਪ ਦਾਖਲ ਕਰ ਲਈ ਅਤੇ ਤੁਸੀ ਸਲਾਈਡਸ਼ੋਅ ਪਲੇਅ ਕਰਦੇ ਹੋ ਤਾਂ ਆਡੀਓ ਕਲਿੱਪ ਆਪਣੇ ਆਪ ਚਲ ਜਾਵੇਗੀ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਪ੍ਰੈਜ਼ੈਂਟੇਸ਼ਨ ਵਿੱਚ ਸਾਊਂਡ ਕਲਿੱਪ ਦਾਖਲ ਕਰੋ। |
| 2. | ਢੁੱਕਵਾਂ ਸੰਗੀਤ ਡਾਊਨਲੋਡ ਕਰੋ ਅਤੇ ਉਸ ਤੋਂ ਬਾਅਦ ਪਿਛਲੇ ਸੈਸ਼ਨ ਵਿੱਚ ਬਣਾਈ ਫਾਈਲ ਨੂੰ ਖੋਲੋ। ਆਪਣੀ ਪ੍ਰੈਜ਼ੈਂਟੇਸ਼ਨ ਦਾ ਪ੍ਰਭਾਵ ਵਧਾਉਣ ਲਈ ਇਸ ਵਿੱਚ ਸੰਗੀਤ ਫਾਈਲ ਸ਼ਾਮਿਲ ਕਰੋ। |

## ਮੁਲਾਂਕਣ (ASSESSMENT)

**ਖਾਲੀ ਥਾਵਾਂ ਭਰੋ:**

1. ਤੁਸੀ ਵੀਡੀਓ ਦੇ ਵਾਂਗੂ ਪ੍ਰੈਜ਼ੈਂਟੇਸ਼ਨ ਦੇ ਵਿੱਚ __________ਸ਼ਾਮਲ ਕਰ ਸਕਦੇ ਹੋ।

2. ਆਡੀਓ ਕਲਿੱਪ ਦੀ ਵਰਤੋਂ ਪ੍ਰੈਜ਼ੈਂਟੇਸ਼ਨ ਬਣਾਉਣ ਵੇਲੇ __________ਪਲੇਅ ਕਰਨ ਲਈ ਕੀਤੀ ਜਾਂਦੀ ਹੈ।

3. ***Sound*** ਆਪਸ਼ਨ ***Media clips*** ਗਰੁੱਪ ਦੇ ਹੇਠ __________ਟੈਬ ਦੇ ਵਿੱਚ ਉਪਲੱਬਧ ਹੁੰਦੀ ਹੈ।

## ਸੈਸ਼ਨ 3: ਟੇਬਲਾਂ ਨਾਲ ਕੰਮ ਕਰਨਾ ( Working With Tables)

### ਸਬੰਧਤ ਜਾਣਕਾਰੀ

ਪ੍ਰੈਜ਼ੈਂਟੇਸ਼ਨ ਸਾਫਟਵੇਅਰ ਅੰਕੜਿਆਂ ਵਾਲੇ ਡਾਟੇ (statistical data) ਨੂੰ ਅਰਥਭਰਪੂਰ (meaningfully) ਤਰੀਕੇ ਨਾਲ ਦਰਸਾਉਣ ਲਈ ਯੂਜ਼ਰ ਨੂੰ ਸਲਾਈਡ ਵਿੱਚ ਟੇਬਲ ਸ਼ਾਮਲ ਕਰਨ ਦੇ ਯੋਗ ਕਰਦਾ ਹੈ।
ਇਸ ਅਭਿਆਸ ਵਿੱਚ ਤੁਸੀ ਟੇਬਲਾਂ (Tables) ਨਾਲ ਕੰਮ ਕਰਨਾ ਸਿੱਖੋਗੇ ।
ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ । ਤੁਸੀ ਦੋ ਢੰਗਾਂ ਨਾਲ ਟੇਬਲ ਦਾਖਲ ਕਰ ਸਕਦੇ ਹੋ :

- **Insert** ਟੈਬ ਦੀ ਵਰਤੋਂ ਨਾਲ ।
- **Title and Content** ਆਪਸ਼ਨ ਦੀ ਵਰਤੋਂ ਨਾਲ ।

**Insert** ਟੈਬ ਦੇ ਵਿੱਚ ***Tables*** ਗਰੁੱਪ ਦੇ ਹੇਠ ***Table*** ਆਪਸ਼ਨ ਉੱਤੇ ਕਲਿੱਕ ਕਰੋ । ਹੇਠਾਂ ਅਨੁਸਾਰ ਇੱਕ ਡਰਾਪ ਡਾਊਨ ਲਿਸਟ ਦਿਸਦੀ ਹੈ :




**Figure 11**

ਤੁਸੀ ਵਰਡ ਪ੍ਰੋਸੈੱਸਰ ਦੇ ਵਿੱਚ ਲੋੜੀਂਦੇ ਬਾਕਸ ਦੀ ਗਿਣਤੀ ਦੇ ਉਤੇ ਮਾਊਸ ਨੂੰ ਡਰੈਗ ਕਰਕੇ ਟੇਬਲ ਬਣਾਉਣੇ ਸਿੱਖੇ ਹਨ । ਇੱਥੇ ਉਸੇ ਢੰਗ ਨੂੰ ਵਰਤੋ ਅਤੇ ਹੇਠਾਂ ਦਿੱਤਾ ਟੇਬਲ ਬਣਾਓ । ਅੱਗੇ ਵਧੋ ਅਤੇ **Insert *Table*…..** ਅਤੇ **Draw Table** ਆਪਸ਼ਨ ਨੂੰ ਵਰਤ ਕੇ ਟੇਬਲ ਬਣਾਉਣ ਦੀ ਕੋਸ਼ਿਸ਼ ਕਰੋ ।



**Figure 12**



| Person | Day 1 Savings | Day 2 Savings | Day 3 Savings | Day 4 Savings | Day 5 Savings |
|---|---|---|---|---|---|
| Arun | 500 | 450 | 600 | 700 | 400 |
| John | 425 | 575 | 380 | 750 | 595 |
| Salim | 655 | 385 | 500 | 740 | 800 |

**Figure 13**

## ਟਾਈਟਲ ਅਤੇ ਕੰਟੈਂਟ ਆਪਸ਼ਨ ਦੀ ਵਰਤੋਂ (Using Title and Content Option)

ਪ੍ਰੈਜ਼ੇਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ ਅਤੇ ਸਲਾਈਡ ਦੀ ਲੇਆਉਟ ਬਦਲੋ। ਸਲਾਈਡ ਦੀ ਲੇਆਉਟ ਬਦਲਣ ਲਈ ਹੇਠਾਂ ਅਨੁਸਾਰ ਕਰੋ :

***Home*** ਟੈਬ ਦੇ ਵਿੱਚ ***Slides*** ਗਰੁੱਪ ਦੇ ਹੇਠ ***Layout*** ਆਪਸ਼ਨ ਉੱਤੇ ਕਲਿੱਕ ਕਰੋ । ਜਿਵੇਂ ਤੁਸੀ ਮੂਵੀ ਕਲਿੱਪ ਦਾਖਲ ਕਰਨ ਵੇਲੇ ਕੀਤਾ ਸੀ । ਡਰਾਪਡਾਊਨ ਲਿਸਟ ਵਿੱਚੋਂ ***Title and Content*** ਆਪਸ਼ਨ ਉੱਤੇ ਕਲਿੱਕ ਕਰੋ । ਲੇਆਉਟ ਦੇ ਅੰਦਰ ਉਪਲੱਬਧ ਆਈਕਨ ਉੱਤੇ ਕਲਿੱਕ ਕਰਕੇ ਤੁਸੀ ਸਲਾਈਡ ਵਿੱਚ ਟੇਬਲ ਦਾਖਲ ਕਰ ਸਕਦੇ ਹੋ । ਇੱਕ ਵਾਰ ਜਦੋਂ ਤੁਸੀ ਆਈਕਨ ਉੱਤੇ ਕਲਿੱਕ ਕਰਦੇ ਹੋ ਤਾਂ ਹੇਠਾਂ ਅਨੁਸਾਰ ਇੱਕ ਡਾਇਆਲਾਗ ਬਾਕਸ ਦਿਖਾਈ ਦਿੰਦਾ ਹੈ :




**Figure 14**

ਹੁਣ ਉਹ ਗਿਣਤੀ ਭਰੋ ਜਿੰਨੀਆਂ ਰੋਅਜ਼ ਅਤੇ ਕਾਲਮ ਤੁਸੀ ਆਪਣੇ ਟੇਬਲ ਦੇ ਵਿੱਚ ਚਾਹੁੰਦੇ ਹੋ । ਉਦਾਹਰਣ ਲਈ ਜੇਕਰ ਤੁਹਾਨੂੰ 3 ਕਾਲਮ ਅਤੇ 3 ਰੋਅਜ਼ ਦੇ ਨਾਲ ਟੇਬਲ ਚਾਹੀਦਾ ਹੈ ਤਾਂ ਦੋਵੇਂ ***Number of columns*** ਅਤੇ ***Number of rows*** ਦੇ ਵਿੱਚ 3 ਟਾਈਪ ਕਰੋ ।

ਇੱਕ ਵਾਰੀ ਜਦੋਂ ਤੁਸੀ ਸਲਾਈਡ ਦੇ ਵਿੱਚ ਟੇਬਲ ਦਾਖਲ ਕਰ ਦਿੱਤਾ ਤਾਂ ਹੋਰ ਵਾਧੂ ਟੈਬ ***Design*** ਅਤੇ ***Layout*** ਉਪਲੱਬਧ ਹੋ ਜਾਂਦੇ ਹਨ । ਤੁਸੀ ਉਹਨਾਂ ਨੂੰ ਹੋਰ ਅੱਗੇ ਟੇਬਲ ਨੂੰ ਐਡਿਟ ਕਰਨ ਅਤੇ ਫਾਰਮੈਟਿੰਗ ਦੇ ਲਈ ਵਰਤ ਸਕਦੇ ਹੋ ।




Figure 15

***Design*** ਟੈਬ ਦੇ ਵਿੱਚ ***Table Styles*** ਗਰੁੱਪ ਨੂੰ ਵਰਤ ਕੇ ਤੁਸੀ ਬੈਕਗ੍ਰਾਊਂਡ,ਬਾਰਡਰ ਜਾਂ ਇਫੈਕਟ ਨੂੰ ਬਦਲ ਕੇ ਤੁਸੀ ਟੇਬਲ ਦਾ ਡਿਜ਼ਾਇਨ ਬਦਲ ਸਕਦੇ ਹੋ । ਕਿਸੇ ਖਾਸ ਡਿਜ਼ਾਇਨ ਨੂੰ ਵਰਤਣ ਲਈ ***Table Styles*** ਗਰੁੱਪ ਦੇ ਹੇਠਾਂ ਡਿਜ਼ਾਇਨ ਨੂੰ ਚੁਣੋ ਅਤੇ ਇਸ ਉੱਤੇ ਡਬਲ ਕਲਿੱਕ ਕਰੋ।

ਜੇਕਰ ਤੁਸੀ ਡਿਜ਼ਾਇਨ ਨੂੰ ਬਦਲਣਾ ਚਾਹੁੰਦੇ ਹੋ ਤਾਂ ***Table Styles*** ਗਰੁੱਪ ਦੇ ਹੇਠਾਂ ਦੂਜੇ ਡਿਜ਼ਾਇਨ ਨੂੰ ਚੁਣੋ ਅਤੇ ਨਵੇਂ ਡਿਜ਼ਾਇਨ ਉੱਤੇ ਕਲਿੱਕ ਕਰੋ ।

ਤੁਸੀ ਪ੍ਰੈਜ਼ੈਂਟੇਸ਼ਨ ਵਿੱਚ ਟੇਬਲ ਬਣਾਉਣਾ ਸਿੱਖਿਆ ਹੈ, ਪਰ ਜੇਕਰ ਵਰਡ ਪ੍ਰੋਸੈੱਸਰ ਡਾਕੂਮੈਂਟ ਜਾਂ ਸਪ੍ਰੈੱਡਸ਼ੀਟ ਵਿੱਚ ਟੇਬਲ ਪਹਿਲਾਂ ਹੀ ਮੌਜੂਦ ਹੋਵੇ ਤਾਂ ਤੁਸੀ ਇਸ ਨੂੰ ਉਥੋਂ ਸਿੱਧੇ ਹੀ ਇੰਪੋਰਟ ਕਰ ਸਕਦੇ ਹੋ । ਇਹ ਕਰਨ ਲਈ :

ਐਡਿਟ ਮੋਡ ਵਿੱਚ ਇੱਕ ਸਲਾਈਡ ਨਾਲ ***Insert*** ਮੀਨੂੰ ਵਿੱਚੋਂ ***Object*** ਨੂੰ ਚੁਣੋ ।

- ***Insert Object*** ਡਾਇਆਲਾਗ ਬਾਕਸ ਵਿੱਚ , ***Create From File*** ਉੱਤੇ ਕਲਿੱਕ ਕਰੋ । ਅਤੇ ਡਾਕੂਮੈਂਟ ਜਾਂ ਸਪ੍ਰੈੱਡਸ਼ੀਟ ਜਿਸ ਦੇ ਵਿੱਚ ਟੇਬਲ ਹੈ ਨੂੰ ਲੱਭਣ ਅਤੇ ਚੁਣਨ ਲਈ ***Browse*** ਉੱਤੇ ਕਲਿੱਕ ਕਰੋ।ਮੂਲ ਰੂਪ ਵਿੱਚ ਪ੍ਰੈਜ਼ੈਂਟੇਸ਼ਨ ਸਾਫਟਵੇਅਰ ਟੇਬਲ ਨੂੰ ਦਾਖਲ ਕਰੇਗਾ ।
- ਜਦੋਂ ਤੁਸੀ ***OK*** ਉੱਤੇ ਕਲਿੱਕ ਕਰਦੇ ਹੋ ਤਾਂ ਤੁਹਾਡੀ ਸਲਾਈਡ ਵਿੱਚ ਪੂਰਾ ਡਾਕੂਮੈਂਟ ਜਾਂ ਸਪ੍ਰੈੱਡਸ਼ੀਟ ਇੰਪੋਰਟ ਹੋ ਜਾਂਦੀ ਹੈ । ਜੇਕਰ ਡਾਕੂਮੈਂਟ ਵਿੱਚ ਟੇਬਲ ਤੋਂ ਜਿਆਦਾ ਟੈਕਸਟ ਹੈ ਤਾਂ ਵਾਧੂ ਟੈਕਸਟ ਨੂੰ ਹਟਾਉਣ ਲਈ ਦਾਖਲ ਕੀਤੇ ਗਏ ਟੈਕਸਟ ਉੱਤੇ ਡਬਲ ਕਲਿੱਕ ਕਰੋ ।
- ਦਾਖਲ ਕਰਦੇ ਹੋਏ ਜੇਕਰ ਤੁਸੀ ***Link*** ਚੈਕਬਾਕਸ ਨੂੰ ਚੈਕ ਕਰਦੇ ਹੋ ਤਾਂ ਇਹ ਕਰਨ ਉੱਤੇ ਡਾਕੂਮੈਂਟ ਜਾਂ ਸਪ੍ਰੈੱਡਸ਼ੀਟ ਵਿੱਚ ਟੇਬਲ ਨੂੰ ਅਪਡੇਟ ਕਰਨ ਤੋਂ ਬਾਅਦ, ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੇ ਵਿੱਚ ਇੰਪੋਰਟਡ ਟੇਬਲ ਦੇ ਉੱਤੇ ਰਾਈਟ ਕਲਿੱਕ ਕਰੋ ਅਤੇ ***Update Link*** ਆਪਸ਼ਨ ਨੂੰ ਚੁਣੋ, ਸ਼ਾਮਲ ਕੀਤਾ ਹੋਇਆ ਟੇਬਲ ਆਪਣੇ ਆਪ ਅਪਡੇਟ ਹੋ ਜਾਂਦਾ ਹੈ ।
- ਸਲਾਈਡ ਉੱਤੇ ਟੇਬਲ ਨੂੰ ਰੱਖਣ ਲਈ ਡਰੈਗ ਅਤੇ ਡਰਾਪ ਕਰੋ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | Insert ਅਤੇ Layout ਟੈਬ ਦੀ ਵਰਤੋਂ ਨਾਲ ਪ੍ਰੈਜ਼ੈਂਟੇਸ਼ਨ ਵਿੱਚ ਟੇਬਲ ਦਾਖਲ ਕਰੋ। |
| 2. | ਪ੍ਰੈਜ਼ੈਂਟੇਸ਼ਨ ਵਿੱਚ ਟੇਬਲ ਦਾ ਡਿਜ਼ਾਇਨ ਅਤੇ ਫਾਰਮੈਟ ਚੇਂਜ ਕਰੋ। |
| 3. | ਦੂਜੀ ਐਪਲੀਕੇਸ਼ਨ ਵਿੱਚੋਂ ਟੇਬਲ ਇੰਪੋਰਟ ਕਰੋ। |
| 4. | ਇੱਕ ਨਵੀਂ ਫਾਈਲ ਖੋਲੋ।ਇਸ ਅਭਿਆਸ ਵਿੱਚ ਦਿੱਤੇ ਗਏ ਟੇਬਲ ਨੂੰ ਮਲਟੀਪਲ ਰੋਅ ਅਤੇ ਕਾਲਮ ਨਾਲ ਦਾਖਲ ਕਰਨ ਦੀ ਕੋਸ਼ਿਸ਼ ਕਰੋ ***Design*** ਟੈਬ ਦੇ ਹੇਠ ***Table Styles*** ਆਪਸ਼ਨ ਦੀ ਵਰਤੋਂ ਕਰਕੇ ਵੱਖ-2 ਪ੍ਰੀਡਿਫਾਇੰਡ ਸਟਾਇਲਸ ਨੂੰ ਵਰਤੋ । |

## ਮੁਲਾਂਕਣ ( ASSESSMENT )

**ਖਾਲੀ ਥਾਵਾਂ ਭਰੋ :**

1. __________ ਅੰਕੜਿਆਂ ਵਾਲੇ ਡਾਟੇ (statistical data) ਨੂੰ ਅਰਥਭਰਪੂਰ (meaningfully) ਤਰੀਕੇ ਨਾਲ ਦਰਸਾਉਣ ਲਈ ਵਰਤਿਆ ਜਾਂਦਾ ਹੈ ।
2. ਟੇਬਲ ਆਪਸ਼ਨ **Insert** ਟੈਬ ਦੇ ਵਿੱਚ __________ ਗਰੁੱਪ ਦੇ ਹੇਠ ਉਪਲੱਬਧ ਹੁੰਦੀ ਹੈ ।
3. ਯੂਜ਼ਰ ਨੂੰ ______ ਵਿੱਚ ਟੇਬਲ ਸ਼ਾਮਲ ਕਰਨ ਦੇ ਯੋਗ ਕਰਦਾ ਹੈ ।
4. ਟੇਬਲ ਬਣਾਉਣ ਦੇ ਦੋ ਢੰਗ __________ ਅਤੇ __________ ਹਨ ।
5. ਵਾਧੂ ਟੈਬ ਜੋ ਟੇਬਲ ਦੀ ਐਡਿਟਿੰਗ ਅਤੇ ਫਾਰਮੈਟਿੰਗ ਲਈ ਉਪਲੱਬਧ ਹੋਣਗੇ ਉਹ __________ ਅਤੇ __________ ਹਨ ।

## ਸੈਸ਼ਨ 4: ਚਾਰਟਾਂ ਨਾਲ ਕੰਮ ਕਰਨਾ ( Working With Charts)

### ਸਬੰਧਤ ਜਾਣਕਾਰੀ

ਪ੍ਰੈਜ਼ੈਂਟੇਸ਼ਨ ਸਾਫਟਵੇਅਰ ਅੰਕੜਿਆਂ ਵਾਲੇ ਡਾਟੇ (statistical data) ਨੂੰ ਤਸਵੀਰਾਂ ਦੇ ਰੂਪ ਵਿੱਚ ਦਰਸਾਉਣ ਲਈ ਯੂਜ਼ਰ ਨੂੰ ਸਲਾਈਡ ਵਿੱਚ ਚਾਰਟ ਸ਼ਾਮਲ ਕਰਨ ਦੇ ਯੋਗ ਕਰਦਾ ਹੈ। ਇਹ ਸੁਨਿਸ਼ਚਿਤ ਕਰਦਾ ਹੈ ਕਿ ਸ੍ਰੋਤੇ ਗੁੰਝਲਦਾਰ ਡਾਟੇ ਨੂੰ ਤੁਰੰਤ ਸਮਝ ਲੈਂਦੇ ਹਨ।

ਇਸ ਅਭਿਆਸ ਵਿੱਚ ਤੁਸੀ ਚਾਰਟਾਂ (Charts) ਨਾਲ ਕੰਮ ਕਰਨਾ ਸਿੱਖੋਗੇ। ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ। ਸਲਾਈਡ ਵਿੱਚ ਚਾਰਟ ਦਾਖਲ ਕਰਨ ਲਈ **Insert** ਟੈਬ ਦੇ ਵਿੱਚ ***Illustrations*** ਗਰੁੱਪ ਦੇ ਹੇਠ ***Chart*** ਆਪਸ਼ਨ ਉੱਤੇ ਕਲਿੱਕ ਕਰੋ। ਹੇਠਾਂ ਅਨੁਸਾਰ ਇੱਕ ਬਾਕਸ ਦਿਖਾਈ ਦਿੰਦਾ ਹੈ :




**Figure 16**

ਤੁਸੀ ਵੱਖ-2 ਕਿਸਮਾਂ ਦੇ ਚਾਰਟ ਵੇਖੋਗੇ ਜੋ ਕਿ ਤੁਸੀ ਪ੍ਰੈਜ਼ੈਂਟੇਸ਼ਨ ਵਿੱਚ ਵਰਤ ਸਕਦੇ ਹੋ। ਚਾਰਟ ਦੀ ਇੱਕ ਕਿਸਮ ਚੁਣੋ ਅਤੇ ***OK*** ਉੱਤੇ ਕਲਿੱਕ ਕਰੋ। ਇੱਕ ਡਿਫਾਲਟ ਚਾਰਟ ਸਲਾਈਡ ਦੇ ਵਿੱਚ ਦਾਖਲ ਹੋ ਜਾਵੇਗਾ। ਸਪ੍ਰੈੱਡਸ਼ੀਟ ਐਪਲੀਕੇਸ਼ਨ ਵਿੱਚ ਅਲੱਗ ਤੋਂ ਚਾਰਟ ਲਈ ਡਿਫਾਲਟ ਡਾਟਾ ਟੇਬਲ ਹੇਠਾਂ ਦਿਖਾਏ ਅਨੁਸਾਰ ਖੁੱਲ ਜਾਵੇਗਾ।




**Figure 17**

ਤੁਸੀ ਸਪ੍ਰੈੱਡਸ਼ੀਟ ਵਿੱਚ ਕੀਮਤ ਨੂੰ ਐਡਿਟ ਕਰ ਸਕਦੇ ਹੋ ਅਤੇ ਪ੍ਰੈਜ਼ੈਂਟੇਸ਼ਨ ਸਾਫਟਵੇਅਰ ਆਪਣੇ ਆਪ ਚਾਰਟ ਨੂੰ ਅਪਡੇਟ ਕਰ ਦੇਵੇਗਾ। ਹੁਣ ਹੇਠਾਂ ਦਿੱਤੇ ਅਨੁਸਾਰ ਸਪ੍ਰੈੱਡਸ਼ੀਟ ਵਿੱਚ ਭਰੋ :

| | Day 1 Savings | Day 2 Savings | Day 3 Savings |
|---|---|---|---|
| Arun | 300 | 250 | 500 |
| John | 200 | 300 | 300 |
| Jacob | 150 | 500 | 600 |
| Salim | 500 | 750 | 150 |

ਇੱਕ ਵਾਰ ਜਦੋਂ ਤੁਸੀ ਸਪ੍ਰੈੱਡਸ਼ੀਟ ਵਿੱਚ ਡਾਟਾ ਟੇਬਲ ਵਿੱਚ ਬਦਲਾਵ ਕਰ ਦਿੱਤਾ ਹੈ ਤਾਂ ਸਲਾਈਡ ਵਿੱਚ ਚਾਰਟ ਆਪਣੇ ਆਪ ਬਦਲ ਜਾਂਦਾ ਹੈ ਅਤੇ ਹੇਠਾਂ ਵਾਂਗ ਦਿਖਾਈ ਦੇਵੇਗਾ।




**Figure 18**

ਹੁਣ ਸਪ੍ਰੈੱਡਸ਼ੀਟ ਵਿੱਚ ਕੀਮਤ ਨੂੰ ਬਦਲੋ ਅਤੇ ਚਾਰਟ ਵਿੱਚ ਬਦਲਾਵਾਂ ਨੂੰ ਵੇਖੋ।

***Design*** ਟੈਬ ਦੇ ਹੇਠ ***Chart Styles*** ਦੇ ਉਪਲੱਬਧ ਆਪਸ਼ਨ ਦੀ ਵਰਤੋਂ ਕਰਕੇ ਤੁਸੀ ਚਾਰਟ ਦਾ ਰੰਗ ਅਤੇ ਇਫੈਕਟ ਵੀ ਬਦਲ ਸਕਦੇ ਹੋ। ਹੋਰ ਸਟਾਈਲ ਬਦਲਣ ਲਈ ***Chart Styles*** ਵਿੱਚੋਂ ਇੱਕ ਸਟਾਈਲ ਚੁਣੋ ਅਤੇ ਇਸ ਉੱਤੇ ਡਬਲ ਕਲਿੱਕ ਕਰੋ।

ਕੁਝ ਮੁੱਢਲੇ ਦਿਸ਼ਾ ਨਿਰਦੇਸ਼ ਹੇਠਾਂ ਅਨੁਸਾਰ ਹਨ:

- ਪ੍ਰਤੀ ਚਾਰਟ ਮੈਸੇਜ ਦਿਓ। ਮੈਸੇਜ ਨੂੰ ਹੈਡਿੰਗ ਬਣਾਓ।
- ਚਾਰਟ ਨੂੰ ਪੜ੍ਹਨ ਲਈ ਅਸਾਨ ਬਣਾਓ।ਐਕਸ (X) ਐਕਸਿਸ ਅਤੇ ਵਾਈ (Y) ਐਕਸਿਸ ਅਤੇ ਲਾਈਨਾਂ, ਬਾਰ ਜਾਂ ਪਾਈ ਵੈੱਜ ਨੂੰ ਲੇਬਲ ਦਿਓ। ਸਭ ਤੋਂ ਮਹੱਤਵਪੂਰਨ ਟੈਕਸਟ ਨੂੰ ਸਭ ਤੋਂ ਵੱਡਾ ਕਰੋ, ਸਭ ਤੋਂ ਮਹੱਤਵਪੂਰਨ ਡਾਟਾ ਲਾਈਨ ਜਾਂ ਸੈਕਸ਼ਨਾਂ ਨੂੰ ਬਹੁਤ ਗੂੜ੍ਹਾ ਕਰੋ।
- ਬਾਰ ਅਤੇ ਕਾਲਮ ਨੂੰ ਉਹਨਾਂ ਵਿੱਚ ਸਪੇਸ ਤੋਂ ਚੌੜਾ ਕਰੋ।
- ਸਹੀ ਰਹੋ। ਨਿਊਮੈਰਿਕਲ ਐਕਸਿਸ ਹਮੇਸ਼ਾ 0 ਉੱਤੇ ਸ਼ੁਰੂ ਕਰੋ।ਸਿਰਫ ਵੇਰੀਏਬਲ ਵਰਗ ਦੀ ਹੀ ਤੁਲਨਾ ਕਰੋ।
- ਸਾਰੀ ਅਣਲੋੜੀਂਦੀ ਜਾਣਕਾਰੀ ਨੂੰ ਖਤਮ ਕਰ ਦਿਓ।ਗਰਿੱਡ ਲਾਈਨ, ਡਾਟਾ ਪੁਆਇੰਟਸ, ਬੋਕਸ ਆਦਿ ਤੋਂ ਪ੍ਰਹੇਜ਼ ਕਰੋ ਜਦੋਂ ਤੱਕ ਉਹ ਮੈਸੇਜ ਨਾਲ ਸਬੰਧਤ ਨਾ ਹੋਣ।
- ਪ੍ਰਤੀ ਦਿੱਖ ਲਈ ਕੁਝ ਇਕ (ਵੱਧ ਤੋਂ ਵੱਧ ਚਾਰ) ਰੰਗ ਵਰਤੋ।

## ਚਾਰਟ ਨੂੰ ਇੰਪੋਰਟ ਕਰਨਾ (Importing a chart)

ਤੁਸੀ ਸਪ੍ਰੈੱਡਸ਼ੀਟ ਵਿੱਚੋਂ ਵੀ ਚਾਰਟ ਇੰਪੋਰਟ ਕਰ ਸਕਦੇ ਹੋ। ਇਸ ਦਾ ਢੰਗ ਪ੍ਰੈਜ਼ੈਂਟੇਸ਼ਨ ਸਾਫਟਵੇਅਰ ਵਿੱਚ ਟੇਬਲ ਇੰਪੋਰਟ ਕਰਨ ਦੀ ਤਰਾਂ ਹੀ ਹੈ।

ਕਿਉਂਕਿ ਪੂਰੀ ਸ਼ੀਟ ਇੰਪੋਰਟ ਕੀਤੀ ਗਈ ਹੈ, ਤੁਹਾਨੂੰ ਆਲੇ ਦੁਆਲੇ ਬਦਲਾਵ ਕਰਨ ਅਤੇ ਸ਼ਾਮਲ ਕੀਤੀ ਗਈ ਓਬਜੈਕਟ ਦੇ ਵਿੱਚ ਚਾਰਟ ਦਿਖਾਉਣ ਦੀ ਜਰੂਰਤ ਹੋ ਸਕਦੀ ਹੈ। ਓਬਜੈਕਟ ਦਾ ਸਾਈਜ਼ ਵਧਾਉਣ/ਘਟਾਉਣ ਲਈ ਤੁਸੀ ਇਸ ਦੇ ਉੱਤੇ ਡਬਲ ਕਲਿੱਕ ਕਰ ਸਕਦੇ ਹੋ ਅਤੇ ਇਸ ਦਾ ਅਕਾਰ ਬਦਲ ਸਕਦੇ ਹੋ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| | |
|---|---|
| 1 | ਸਲਾਈਡ ਵਿੱਚ ਚਾਰਟ ਦਾਖਲ ਕਰੋ । |
| 2 | ਪਹਿਲਾਂ ਬਣਾਏ ਚਾਰਟ ਵਿੱਚ ਬਦਲਾਵ ਕਰੋ । |
| 3 | ਦੂਜੀ ਐਪਲੀਕੇਸ਼ਨ ਵਿੱਚੋਂ ਚਾਰਟ ਇੰਪੋਰਟ ਕਰੋ । |
| 4 | ਹੇਠਾਂ ਸਪ੍ਰੈੱਡਸ਼ੀਟ ਵਿੱਚ ਦਿੱਤੇ ਗਏ ਡਾਟੇ ਦੀ ਵਰਤੋਂ ਕਰਕੇ ਚਾਰਟ ਬਣਾਓ । ਸਲਾਈਡ ਵਿੱਚ ਚਾਰਟ ਇੰਪੋਰਟ ਕਰੋ। |

| | A | B | C | D | E | F | G |
|---|---|---|---|---|---|---|---|
| 1 | Name | January | February | March | April | May | June |
| 2 | House Rent | 2500 | 2550 | 2550 | 3000 | 3500 | 1600 |
| 3 | Electic Bill | 700 | 750 | 800 | 850 | 900 | 625 |
| 4 | Grocery Expenses | 1000 | 1200 | 950 | 850 | 1500 | 1250 |
| 5 | Travelling Expenses | 500 | 600 | 750 | 650 | 1000 | 950 |
| 6 | Phone/Moble Bill | 400 | 500 | 850 | 600 | 800 | 680 |

## ਮੁਲਾਂਕਣ ( ASSESSMENT )

**ਖਾਲੀ ਥਾਵਾਂ ਭਰੋ:**

1. ਪ੍ਰੈਜ਼ੈਂਟੇਸ਼ਨ ਅੰਕੜਿਆਂ ਵਾਲੇ ਡਾਟੇ (statistical data) ਨੂੰ ਤਸਵੀਰਾਂ ਦੇ ਰੂਪ ਵਿੱਚ ਦਰਸਾਉਣ ਲਈ ਯੂਜ਼ਰ ਨੂੰ ਸਲਾਈਡ ਵਿੱਚ ________ਸ਼ਾਮਲ ਕਰਨ ਦੇ ਯੋਗ ਕਰਦਾ ਹੈ ।

2. ***Insert*** ਟੈਬ ਦੇ ਵਿੱਚ ________ਗਰੁੱਪ ਦੇ ਹੇਠ ***Chart*** ਆਪਸ਼ਨ ਉਪਲੱਬਧ ਹੁੰਦੀ ਹੈ ।

## ਸੈਸ਼ਨ 5: ਟ੍ਰਾਂਜੀਸ਼ਨ ਦਾਖਲ ਕਰਨਾ (INSERTING TRANSITIONS)

### ਸਬੰਧਤ ਜਾਣਕਾਰੀ

ਪ੍ਰੈਜ਼ੈਂਟੇਸ਼ਨ ਦੇ ਦੌਰਾਨ ਟਰਾਂਜ਼ੀਸ਼ਨ ਇਫੈਕਟਸ ਸ੍ਰੋਤਿਆਂ ਦੀ ਰੁਚੀ ਵਧਾਉਣ ਵਿੱਚ ਮਦਦ ਕਰ ਸਕਦੇ ਹਨ। ਇੱਕ ਸਲਾਈਡ ਟਰਾਂਜ਼ੀਸ਼ਨ ਦਿੱਖ ਗਤੀ (visual motion) ਹੈ ਜਿਸ ਵਿੱਚ ਪ੍ਰੈਜ਼ੈਂਟੇਸ਼ਨ ਦੌਰਾਨ ਇੱਕ ਤੋਂ ਬਾਅਦ ਦੂਜੀ ਸਲਾਈਡ ਬਦਲਦੀ ਹੈ।ਆਪਣੇ ਆਪ ਸਕਰੀਨ ਦੇ ਉਤੇ ਇੱਕ ਸਲਾਈਡ ਆਮ ਹੀ ਪਿਛਲੀ ਸਲਾਈਡ ਨੂੰ ਬਦਲ ਦਿੰਦੀ ਉਸੇ ਤਰਾਂ ਹੈ ਜਿਵੇਂ ਫੋਟੋਗ੍ਰਾਫ ਦਾ ਸਲਾਈਡ ਸ਼ੋਅ ਇੱਕ ਤੋਂ ਦੂਜੀ ਵਿੱਚ ਬਦਲਦਾ ਹੈ। ਬਹੁਤ ਸਾਰੇ ਪ੍ਰੈਜ਼ੈਂਟੇਸ਼ਨ ਸਾਫਟਵੇਅਰ ਕਈ ਅਲੱਗ-2 ਟਰਾਂਜ਼ੀਸ਼ਨ ਇਫੈਕਟਸ ਮੁਹੱਈਆ ਕਰਵਾਉਂਦੇ ਹਨ ਜਿਸ ਨਾਲ ਤੁਸੀ ਆਪਣੀ ਸਲਾਈਡ ਵਿੱਚ ਜਾਨ ਪਾ ਸਕਦੇ ਹਾਂ।

ਇਸ ਅਭਿਆਸ ਵਿੱਚ ਤੁਸੀ ਪ੍ਰੈਜ਼ੈਂਟੇਸ਼ਨ ਵਿੱਚ ਟਰਾਂਜ਼ੀਸ਼ਨ ਸ਼ਾਮਲ ਕਰਨਾ ਸਿੱਖੋਗੇ।ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ ਅਤੇ ਪਹਿਲਾਂ ਦਿੱਤੇ ਦਿਸ਼ਾ ਨਿਰਦੇਸ਼ਾਂ ਦੇ ਅਧਾਰ ਉੱਤੇ ਪ੍ਰੈਜ਼ੈਂਟੇਸ਼ਨ ਦੇ ਵਿੱਚ ਕੰਟੈਂਟ ਦਾਖਲ ਕਰੋ। ਟਰਾਂਜ਼ੀਸ਼ਨ ਇਫੈਕਟਸ ਨਾਲ ਕੰਮ ਕਰਨ ਲਈ ***Animations*** ਟੈਬ ਉੱਤੇ ਕਲਿੱਕ ਕਰੋ।
ਹੇਠਾਂ ਦਿਖਾਏ ਅਨੁਸਾਰ ਤੁਹਾਨੂੰ ਟਰਾਂਜ਼ੀਸ਼ਨਾਂ ਦੀ ਇੱਕ ਲਿਸਟ ਦਿਖਾਈ ਦੇਵੇਗੀ :




Figure 19

ਅਪਲਾਈ ਕਰਨ ਲਈ ***Transitions to this slide*** ਗਰੁੱਪ ਵਿੱਚੋਂ ਇੱਕ ਇਫੈਕਟ ਨੂੰ ਚੁਣੋ ਅਤੇ ਇਸ ਉਤੇ ਡਬਲ ਕਲਿੱਕ ਕਰੋ। **Timing** ਗਰੁੱਪ ਦੇ ਹੇਠ ***duration*** ਆਪਸ਼ ਦੇ ਵਿੱਚੋਂ ਟਾਈਮ ਇੰਟਰਵਲ (in seconds) ਸੈੱਟ ਕਰਕੇ ਤੁਸੀ ਟਰਾਂਜ਼ੀਸ਼ਨ ਇਫੈਕਟ ਦੀ ਡਿਊਰੇਸ਼ਨ ਨੂੰ ਵਧਾ ਜਾਂ ਘਟਾ ਵੀ ਸਕਦੇ ਹੋ। ਡਿਊਰੇਸ਼ਨ ਨੂੰ ਇੱਕ ਮਿੰਟ ਉੱਤੇ ਸੈਟ ਕਰਨ ਦੀ ਕੋਸ਼ਿਸ਼ ਕਰੋ ਅਤੇ ਸਲਾਈਡ ਸ਼ੋਅ ਨੂੰ ਚਲਾ ਕੇ ਪ੍ਰਭਾਵ ਨੂੰ ਵੇਖੋ।

**Timing** ਗਰੁੱਪ ਦੇ ਹੇਠ ***Sound*** ਆਪਸ਼ਨ ਵਿੱਚ ਉਪਲੱਬਧ ਸਾਊਂਡ ਸਕੀਮ ਨੂੰ ਚੁਣ ਕੇ ਤੁਸੀ ਟਰਾਂਜ਼ੀਸ਼ਨ ਦੇ ਦੌਰਾਨ ਸਾਊਂਡ ਇਫੈਕਟ ਸੈੱਟ ਕਰ ਸਕਦੇ ਹੋ। ਵੱਖ-2 ਸਾਊਂਡ ਸਕੀਮਾਂ ਨੂੰ ਵਰਤਣ ਦੀ ਕੋਸ਼ਿਸ਼ ਕਰੋ ਅਤੇ ਸਲਾਈਡ ਸ਼ੋਅ ਨੂੰ ਚਲਾ ਕੇ ਸਾਊਂਡ ਇਫੈਕਟ ਨੂੰ ਵੇਖੋ।

ਜੇਕਰ ਤੁਸੀ ਪੂਰੀ ਪ੍ਰੈਜ਼ੈਂਟੇਸ਼ਨ ਦੇ ਵਿੱਚ ਇੱਕੋ ਹੀ ਟਰਾਂਜ਼ੀਸ਼ਨ ਅਤੇ ਸਾਊਂਡ ਇਫੈਕਟ ਰੱਖਣਾ ਚਾਹੁੰਦੇ ਹੋ ਤਾਂ **Timing** ਗਰੁੱਪ ਦੇ ਹੇਠ ***Apply to all*** ਆਪਸ਼ਨ ਉੱਤੇ ਕਲਿੱਕ ਕਰੋ। ਇਸ ਆਪਸ਼ਨ ਨੂੰ ਚੁਣਨ ਉੱਤੇ, ਚੁਣੇ ਗਏ ਸਾਰੇ ਇਫੈਕਟਸ ਸਾਰੀਆਂ ਸਲਾਈਡਾਂ ਦੇ ਵਿੱਚ ਅਪਲਾਈ ਹੋ ਜਾਣਗੇ।

ਨੋਟ : ਬਹੁਤ ਸਾਰੀਆਂ ਟਰਾਂਜ਼ੀਸ਼ਨਾਂ ਦੀ ਵਰਤੋਂ ਕਰਨਾ ਇੱਕ ਆਮ ਗਲਤੀ ਹੈ, ਜਾਂ ਉਸ ਨੂੰ ਵਰਤਣਾ ਜੋ ਵਿਸ਼ੇ ਨਾਲ ਸਬੰਧਤ ਨਹੀਂ ਹੈ। ਇੱਕ ਟਰਾਂਜ਼ੀਸ਼ਨ ਲੱਭਣ ਦੀ ਕੋਸ਼ਿਸ਼ ਕਰੋ ਜੋ ਪ੍ਰੈਜ਼ੈਂਟੇਸ਼ਨ ਤੋਂ ਘੱਟ ਨਾ ਹੋਵੇ ਅਤੇ ਇਸ ਨੂੰ ਪੂਰੇ ਸ਼ੋਅ ਦੇ ਵਿੱਚ ਵਰਤੋ।ਬਹੁਤ ਸਾਰੀਆਂ ਟਰਾਂਜ਼ੀਸਨਸ ਦੀ ਵਰਤੋਂ ਤੁਹਾਡੀ ਪ੍ਰੈਜ਼ੈਂਟੇਸ਼ਨ ਦਿੱਖ ਨੂੰ ਬੇਕਾਰ ਬਣਾ ਦਿੰਦੀ ਹੈ। ਟਰਾਂਜ਼ੀਸਨ ਤੁਹਾਡੀ ਪ੍ਰੈਜ਼ੈਂਟੇਸ਼ਨ ਨੂੰ ਦਿੱਤਾ ਗਿਆ ਅੰਤਿਮ ਇਫੈਕਟ ਹੈ ਇਸ ਲਈ ਉਹਨਾਂ ਨੂੰ ਸੈੱਟ ਕਰਨ ਤੋਂ ਪਹਿਲਾਂ ਤਰਜੀਹ ਦਿੱਤੇ ਕ੍ਰਮ ਦੇ ਵਿੱਚ ਐਡਿਟ ਅਤੇ ਅਰੇਂਜ ਕਰੋ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਸਲਾਈਡਾਂ ਉੱਤੇ ਟਰਾਂਜ਼ੀਸ਼ਨ ਅਪਲਾਈ ਕਰੋ। |
| 2 | ਹੁਣ ਅਭਿਆਸ 1 ਵਿੱਚ ਬਣਾਈ ਪ੍ਰੈਜ਼ੇਂਟੇਸ਼ਨ (ਜਾਂ "Effects of thoughts on water" jW "Our place in the cosmos" ਜਾ "Effects of Global Warming") ਨੂੰ ਖੋਲੋ। ਅਤੇ ਆਪਣੀ ਪ੍ਰੈਜ਼ੇਂਟੇਸ਼ਨ ਵਿੱਚ ਵੱਖ-2 ਟਰਾਂਜ਼ੀਸ਼ਨ ਅਪਲਾਈ ਕਰਨ ਦੀ ਕੋਸ਼ਿਸ਼ ਕਰੋ। |

## ਮੁਲਾਂਕਣ ( ASSESSMENT )

### ਖਾਲੀ ਥਾਵਾਂ ਭਰੋ:

**1.** ਪ੍ਰੈਜ਼ੇਂਟੇਸ਼ਨ ਦੇ ਦੌਰਾਨ ___________ ਇਫੈਕਟਸ ਸ੍ਰੋਤਿਆਂ ਦੀ ਰੁਚੀ ਵਧਾਉਣ ਵਿੱਚ ਮਦਦ ਕਰ ਸਕਦੇ ਹਨ।

2. ___________ ਇੱਕ ਵਿਜ਼ੂਅਲ ਮੋਸ਼ਨ (visual motion) ਹੈ ਜਦੋਂ ਪ੍ਰੈਜ਼ੇਂਟੇਸ਼ਨ ਦੌਰਾਨ ਇੱਕ ਤੋਂ ਬਾਅਦ ਦੂਜੀ ਸਲਾਈਡ ਬਦਲਦੀ ਹੈ।

3. ਟਰਾਂਜ਼ੀਸ਼ਨ ਇਫੈਕਟਸ ਦੀ ਲਿਸਟ ___________ ਟੈਬ ਦੇ ਹੇਠ ਉਪਲੱਬਧ ਹੋਵੇਗੀ।

4. ਟਰਾਂਜ਼ੀਸ਼ਨ ਇਫੈਕਟਸ **Animations** ਟੈਬ ਦੇ ਵਿੱਚ ___________ ਗਰੁੱਪ ਦੇ ਹੇਠ ਉਪਲੱਬਧ ਹੁੰਦਾ ਹੈ।

5. ਪ੍ਰੈਜ਼ੇਂਟੇਸ਼ਨ ਸਾਫਟਵੇਅਰ ਦੇ ਵਿੱਚ ਉਪਲੱਬਧ . ___________, ___________, ___________, ___________, ___________ ਕੁਝ ਟਰਾਂਜ਼ੀਸ਼ਨ ਇਫੈਕਟਸ ਹਨ।

## ਸੈਸ਼ਨ 6: ਐਨੀਮੇਸ਼ਨ ਦਾਖਲ ਕਰਨਾ (INSERTING ANIMATIONS)

### ਸੰਬੰਧਤ ਜਾਣਕਾਰੀ

ਜਦੋਂ ਟਰਾਂਜ਼ੀਸ਼ਨ ਹਰੇਕ ਸਲਾਈਡ ਦੇ ਵਿਚਕਾਰ ਹੁੰਦੀ ਹੈ ਤਾਂ ਐਨੀਮੇਸ਼ਨ ਤੁਹਾਨੂੰ ਸਲਾਈਡ ਐਲੀਮੈਂਟ ਜਿਵੇਂ ਕਿ ਟੈਕਸਟ ਅਤੇ ਗ੍ਰਾਫਿਕਸ ਨੂੰ ਗਤੀ (motion) ਦੇ ਵਿੱਚ ਸਲਾਈਡ ਦੇ ਵਿਚਕਾਰ ਪਾਉਣ ਦੀ ਇਜਾਜਤ ਦਿੰਦੀ ਹੈ ।

ਐਨੀਮੇਸ਼ਨਸ ਤੁਹਾਡੀ ਸਲਾਈਡ ਨੂੰ ਹੋਰ ਜਿਆਦਾ ਡਾਇਨੈਮਿਕ ਦਿੱਖ ਦੇਣ ਲਈ ਇੱਕ ਮਦਦਗਾਰ ਢੰਗ ਹੈ । ਐਕਸ਼ਨ ਸ਼ਾਮਲ ਕਰਨ ਤੋਂ ਇਲਾਵਾ ਉਹ ਸ੍ਰੋਤਿਆਂ ਨੂੰ ਮਹੱਤਵਪੂਰਨ ਪੁਆਇੰਟਸ ਉੱਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦੀ ਹੈ । ਉਹ ਸਲਾਈਡ ਉੱਤੇ ਆਬਜੈਕਟ ਜਾਂ ਟੈਕਸਟ ਨੂੰ ਇਕ ਸਮੇਂ ਵਿਚ ਇਕ ਵਾਰ ਪ੍ਰਗਟ ਕਰਨ ਦੇ ਵਧੀਆ ਤਰੀਕੇ ਹਨ । ਉਦਾਹਰਣ ਲਈ ਤੁਹਾਡੇ ਕੋਲ ਟੈਕਸਟ ਦੇ 5 ਬੁਲੇਟ ਪੁਆਇੰਟਸ ਹੋ ਸਕਦੇ ਹਨ ਅਤੇ ਸਲਾਈਡ ਉੱਤੇ ਹਰੇਕ ਕਲਿੱਕ ਨਾਲ ਉਹਨਾਂ ਨੂੰ ਇੱਕ ਇੱਕ ਕਰਕੇ ਪ੍ਰਗਟ ਕਰੋ ।

ਇਸ ਅਭਿਆਸ ਵਿੱਚ ਤੁਸੀ ਪ੍ਰੈਜ਼ੈਂਟੇਸ਼ਨ ਵਿੱਚ ਐਨੀਮੇਸ਼ਨ ਸ਼ਾਮਲ ਕਰਨਾ ਸਿੱਖੋਗੇ । ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ ਅਤੇ ਪਹਿਲਾਂ ਦਿੱਤੇ ਦਿਸ਼ਾ ਨਿਰਦੇਸ਼ਾਂ ਦੇ ਅਧਾਰ ਉੱਤੇ ਪ੍ਰੈਜ਼ੈਂਟੇਸ਼ਨ ਵਿੱਚ ਕੰਟੈਂਟ ਸ਼ਾਮਲ ਕਰੋ ।

ਐਨੀਮੇਸ਼ਨ ਨਾਲ ਕੰਮ ਕਰਨ ਲਈ ***Animations*** ਟੈੱਬ ਉੱਤੇ ਕਲਿੱਕ ਕਰੋ । ਤੁਸੀ ਹੇਠਾਂ ਦਿਖਾਏ ਅਨੁਸਾਰ ਐਨੀਮੇਸ਼ਨ ਆਪਸ਼ਨਾ ਦਿਖੋਗੇ :




**Figure 20**

ਅਪਲਾਈ ਕਰਨ ਲਈ ਗ੍ਰਾਫੀਕਲ ਓਬਜੈਕਟ ਨੂੰ ਚੁਣੋ ਅਤੇ ***Animations*** ਗਰੁੱਪ ਹੇਠ ***Animate*** ਉੱਤੇ ਕਲਿੱਕ ਕਰੋ ।

***Animate*** ਡਰਾਪਡਾਊਨ ਲਿਸਟ ਦੇ ਹੇਠ ਐਨੀਮੇਸ਼ਨ ਇਫੈਕਟ ਨੂੰ ਚੁਣੋ । ਡਰਾਪ ਡਾਊਨ ਮੀਨੂੰ ਦੇ ਵਿੱਚੋਂ ਅਲੱਗ-2 ਐਨੀਮੇਸ਼ਨ ਸਕੀਮ ਨੂੰ ਚੁਣ ਕੇ ਤੁਸੀ ਇੱਕ ਐਨੀਮੇਸ਼ਨ ਇਫੈਕਟਸ ਅਪਲਾਈ ਕਰ ਸਕਦੇ ਹੋ ।




**Figure 21**

ਇੱਕ ਵਾਰ ਜਦੋਂ ਤੁਸੀ ਐਨੀਮੇਸ਼ਨ ਸਕੀਮ ਚੁਣ ਲਈ ਤਾਂ ਇਫੈਕਟ ਨੂੰ ਵੇਖਣ ਲਈ ਸਲਾਈਡ ਸ਼ੋਅ ਨੂੰ ਚਲਾਓ (play)। ਸਰਵੇਖਣ ਦਿਖਾਉਂਦਾ ਹੈ ਕਿ ਐਨੀਮੇਸ਼ਨ ਇਫੈਕਟਸ ਪ੍ਰੈਜ਼ੈਂਟੇਸ਼ਨ ਦੇ ਵਿੱਚ ਸਭ ਤੋਂ ਜਿਆਦਾ ਤੰਗ ਕਰਨ ਵਾਲੇ ਐਲੀਮੈਂਟ ਤੱਤਾਂ ਵਿਚੋਂ ਇਕ ਹੈ । ਫੇਰ ਵੀ ਜੇਕਰ ਵਧੀਆ ਤਰੀਕੇ ਨਾਲ ਵਰਤਿਆ ਹੋਵੇ ਤਾਂ ਇਹ ਇਫੈਕਟਸ ਇਕ ਖਾਸ ਮੈਸੇਜ ਲਈ ਇੱਕ ਨਾਟਕੀ ਪਲ (dramatic moment) ਦਾਖਲ ਕਰ ਸਕਦੇ ਹਨ ਅਤੇ ਇੱਕ ਨੀਰਸ ਪ੍ਰੈਜ਼ੈਂਟੇਸ਼ਨ ਲਈ ਮਸਾਲੇ ਦੀ ਤਰਾਂ ਕੰਮ ਕਰ ਸਕਦੇ ਹਨ ।

ਐਨੀਮੇਸ਼ਨ ਇਫਕੈਟਸ ਦੇ ਅਸਰਦਾਰ ਪ੍ਰਭਾਵ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ:

- ਸ੍ਰੋਤਿਆਂ ਨੂੰ ਜਾਣਕਾਰੀ ਉੱਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦੀ ਹੈ।
- ਖਾਸ ਤੌਰ ਉੱਤੇ ਤਸਵੀਰ ਦੀ ਵਿਆਖਿਆ ਕਰਦੇ ਸਮੇਂ ਜਾਣਕਾਰੀ ਦੇ ਵਹਾਅ ਨੂੰ ਕੰਟਰੋਲ ਕਰਦੀ ਹੈ ।
- ਕੰਨਸੈਪਟਸ ਨੂੰ ਇੱਕ ਇੱਕ ਕਰਕੇ ਪ੍ਰਗਟ ਕਰਦਾ ਹੈ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਸਲਾਈਡ ਓਬਜੈਕਟ ਉੱਤੇ ਐਨੀਮੇਸ਼ਨ ਅਪਲਾਈ ਕਰੋ। |
| 2 | ਆਪਣੇ ਮਨਭਾਉਂਦੇ ਸਪੋਰਟ ਉੱਤੇ 3 ਸਲਾਈਡਾਂ ਨਾਲ ਪ੍ਰੈਜ਼ੇਂਟੇਸ਼ਨਾਂ ਬਣਾਓ। ਆਪਣੀ ਪ੍ਰੈਜ਼ੇਂਟੇਸ਼ਨ ਨੂੰ ਆਪਣੀ ਇੱਛਾ ਅਨੁਸਾਰ ਵਧੀਆ ਬਣਾਉਣ ਲਈ ਪ੍ਰੈਜ਼ੇਂਟੇਸ਼ਨ ਸਾਫਟਵੇਅਰ ਵਿੱਚ ਉਪਲੱਬਧ ਵੱਖ-ਵੱਖ ਐਨੀਮੇਸ਼ਨ ਇਫੈਕਟਸ ਨੂੰ ਵਰਤੋ। ਕਲਾਸ ਵਿੱਚ ਆਪਣੀ ਪ੍ਰੈਜ਼ੇਂਟੇਸ਼ਨ ਬਣਾਓ। |

## ਮੁਲਾਂਕਣ ( ASSESSMENT )

**ਖਾਲੀ ਥਾਵਾਂ ਭਰੋ:**

1. __________ਤੁਹਾਨੂੰ ਸਲਾਈਡ ਐਲੀਮੈਂਟ ਜਿਵੇਂ ਕਿ ਸਲਾਈਡ ਦੇ ਵਿਚ ਟੈਕਸਟ ਅਤੇ ਗ੍ਰਾਫਿਕਸ ਨੂੰ ਗਤੀ (motion) ਦੇ ਵਿੱਚ ਪਾਉਣ ਦੀ ਇਜਾਜਤ ਦਿੰਦੀ ਹੈ।

2. ਐਨੀਮੇਸ਼ਨਸ ਤੁਹਾਡੀ ਸਲਾਈਡ ਨੂੰ ਹੋਰ ਜਿਆਦਾ ਡਾਇਨੈਮਿਕ ਦਿੱਖ ਦੇਣ ਲਈ ਇੱਕ ਮਦਦਗਾਰ ਢੰਗ ਹੈ।

3. ਐਨੀਮੇਸ਼ਨ ਅਪਲਾਈ ਕਰਨ ਲਈ ***Animations*** ਟੈਬ ਦੇ ਹੇਠ __________ਗਰੁੱਪ ਦੇ ਵਿੱਚ ਉਪਲੱਬਧ Animate ਆਪਸ਼ਨ ਉੱਤੇ ਕਲਿੱਕ ਕਰੋ।

## ਸੈਸ਼ਨ 7: ਆਬਜੈਕਟ ਨੂੰ ਗਰੁੱਪ ਕਰਨਾ (GROUPING OBJECTS)

### ਸਬੰਧਤ ਜਾਣਕਾਰੀ

ਪ੍ਰੈਜ਼ੇਂਟੇਸ਼ਨ ਵਿੱਚ ਜਦੋਂ ਤੁਸੀ ਕਈ ਆਬਜੈਕਟਸ ਨੂੰ ਹਿਲਾਉਂਦੇ (move), ਘੁੰਮਾਉਂਦੇ (rotate ) ਜਾਂ ਅਕਾਰ ਬਦਲਦੇ (resize) ਹੋ ਤਾਂ ਉਦੋ ਗਰੁੱਪਿੰਗ (Grouping) ਤੁਹਾਡੀ ਮਦਦ ਕਰ ਸਕਦੀ ਹੈ। ਤੁਸੀ ਆਬਜੈਕਟਸ ਜਿਵੇਂ ਕਿ ਤਸਵੀਰਾਂ , ਕਲਿੱਪ ਆਰਟ, ਸ਼ੇਪਸ ਅਤੇ ਟੈਕਸਟ ਬਾਕਸ ਨੂੰ ਗਰੁੱਪ ਕਰ ਸਕਦੇ ਹੋ, ਇੱਕ ਵਾਰੀ ਜਦੋਂ ਉਹ ਗਰੁੱਪ ਹੋ ਜਾਂਦੇ ਹਨ ਤਾਂ ਉਹ ਇੱਕੋ ਹੀ ਆਬਜੈਕਟਸ ਦੀ ਤਰਾਂ ਦਿਸਦੇ ਹਨ।

ਇਸ ਅਭਿਆਸ ਵਿੱਚ ਤੁਸੀ ਆਬਜੈਕਟਸ ਦੀ ਗੁਰੱਪਿੰਗ (grouping) ਅਤੇ ਅਨ-ਗਰੁਪਿੰਗ (ungrouping) ਕਰਨਾ ਸਿੱਖੋਗੇ। ਪ੍ਰੈਜ਼ੇਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ ਅਤੇ ਪਹਿਲਾਂ ਦਿੱਤੇ ਦਿਸ਼ਾ ਨਿਰਦੇਸ਼ਾਂ ਉੱਤੇ ਅਧਾਰਿਤ ਇੱਕ ਗ੍ਰਾਫਿਕਲ ਆਬਜੈਕਟ ਪ੍ਰੈਜ਼ੇਂਟੇਸ਼ਨ ਵਿੱਚ ਸ਼ਾਮਲ ਕਰੋ। ਗ੍ਰਾਫਿਕਲ ਆਬਜੈਕਟ ਨੂੰ ਗਰੁੱਪ ਕਰਨ ਲਈ ਉਹਨਾਂ ਸਾਰੀਆਂ ਆਬਜੈਕਟ ਨੂੰ ਚੁਣੋ ਜਿਹਨਾਂ ਨੂੰ ਤੁਸੀ ਸਲਾਈਡ ਵਿੱਚ ਗਰੁੱਪ ਕਰਨ ਚਾਹੁੰਦੇ ਹੋ। ਸਲਾਈਡ ਵਿੱਚ ਇੱਕ ਤੋਂ ਵੱਧ ਆਬਜੈਕਟਸ ਨੂੰ ਸਿਲੈਕਟ ਕਰਨ ਲਈ ਕੰਟਰੋਲ ਕੀਅ (Ctrl) ਨੂੰ ਦਬਾ ਕੇ ਰੱਖੋ ਅਤੇ ਸਲਾਈਡ ਵਿੱਚ ਆਬਜੈਕਟ ਨੂੰ ਚੁਣੋ।

ਆਬਜੈਕਟ ਨੂੰ ਗਰੁੱਪ ਕਰਨ ਲਈ **Format** ਟੈਬ ਉੱਤੇ ਕਲਿੱਕ ਕਰੋ।




ਤੁਸੀ ***Group*** ਆਪਸ਼ਨ ਨੂੰ ***Arrange*** ਗਰੁੱਪ ਦੇ ਹੇਠ ਉਪਲੱਬਧ ***Format*** ਟੈਬ ਦੇ ਵਿੱਚੋਂ ਚੁਣ ਸਕਦੇ ਹੋ।

ਇੱਕ ਵਾਰ ਜਦੋਂ ਤੁਸੀ ਇਹ ਆਪਸ਼ਨ ਨੂੰ ਚੁਣ ਲੈਂਦੇ ਹੋ ਤਾਂ ਹੇਠਾਂ ਦਿਖਾਏ ਅਨੁਸਾਰ ਤੁਹਾਨੂੰ ਇੱਕ ਡਰਾਪਡਾਉਨ ਦਿਸਣੀ ਚਾਹੀਦੀ ਹੈ:




ਸਲਾਈਡ ਵਿੱਚ ਸਾਰੀਆਂ ਚੁਣੀਆਂ ਹੋਈਆਂ ਆਬਜੈਕਟਸ ਨੂੰ ਗਰੁੱਪ ਕਰਨ ਲਈ ***Group*** ਉੱਤੇ ਕਲਿੱਕ ਕਰੋ।

ਇਸੇ ਤਰਾਂ ਤੁਸੀ ***Group*** ਡਰਾਪਡਾਉਨ ਮੀਨੂੰ ਦੇ ਹੇਠ ਉਪਲੱਬਧ ਅਨ-ਗਰੁੱਪ ਆਪਸ਼ਨ ਨੂੰ ਚੁਣ ਕੇ ਗਰੁੱਪ ਕੀਤੀਆਂ ਹੋਈਆਂ ਆਬਜੈਕਟਸ ਨੂੰ ਅਨ-ਗਰੁੱਪ ਕਰ ਸਕਦੇ ਹੋ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਸਲਾਈਡ ਉੱਤੇ ਆਬਜੈਕਟਸ ਨੂੰ ਗਰੁੱਪ ਕਰੋ । |
| 2 | ਇੱਕ ਨਵੀਂ ਪ੍ਰੈਜ਼ੈਂਟੇਸ਼ਨ ਖੋਲੋ ਅਤੇ ਹੇਠਲੀ ਤਸਵੀਰ ਬਣਾਓ ਅਤੇ ਛੋਟੇ ਟੈਕਸਟ ਬਾਕਸ ਸ਼ਾਮਲ ਕਰੋ । ਜਿਵੇਂ ਕਿ ਉਹਨਾਂ ਦੀ ਵਿਆਖਿਆ ਕਰਨ ਲਈ ਹੈਡਰ:  ਹੁਣ ਆਬਜੈਕਟਸ ਨੂੰ ਚੁਣ ਕੇ ਗਰੁੱਪਿੰਗ ਅਤੇ ਅਨ-ਗਰੁੱਪਿੰਗ ਕਰਨ ਦੀ ਕੋਸ਼ਿਸ਼ ਕਰੋ । |

## ਮੁਲਾਂਕਣ (ASSESSMENT)

**ਖਾਲੀ ਥਾਵਾਂ ਭਰੋ:**

1. ਕਈ ਆਬਜੈਕਟਸ ਨੂੰ ਹਿਲਾਉਣ (move), ਘੁੰਮਾਉਣ (rotate) ਜਾਂ ਅਕਾਰ ਬਦਲਣ (resize) ਲਈ ______ ਤੁਹਾਡੀ ਮਦਦ ਕਰ ਸਕਦੀ ਹੈ ।

2. ***Group*** ਆਪਸ਼ਨ ***Format*** ਟੈਬ ਦੇ ਵਿੱਚ ______ ਗਰੁੱਪ ਦੇ ਹੇਠ ਉਪਲੱਬਧ ਹੁੰਦੀ ਹੈ ।

3. ***Group*** ਡਰਾਪਡਾਊਨ ਦੇ ਹੇਠ ਉਪਲੱਬਧ 3 ਆਪਸ਼ਨਾਂ ______,______ ਅਤੇ ______ ਹਨ ।

# ਸੈਸ਼ਨ 8: ਸਪੀਕਰ ਨੋਟ ਦਾਖਲ ਕਰਨਾ (Inserting speaker notes)

## ਸੰਬੰਧਤ ਜਾਣਕਾਰੀ

ਚੰਗੇ ਪ੍ਰਸਤੁਤਕਰਤਾ ਹਮੇਸ਼ਾ ਆਪਣੀਆਂ ਵਧੀਆ ਪ੍ਰੈਜ਼ੈਂਟੇਸ਼ਨ ਦੀ ਰੀਹਸਲ ਕਰਦੇ ਹਨ, ਪਰ ਇੱਕ ਹੋਰ ਚੀਜ਼ ਹੈ ਜੋ ਉਹਨਾਂ ਨੂੰ ਲਗਾਤਾਰ ਪ੍ਰੈਜ਼ੈਂਟੇਸ਼ਨ ਦੇਣ ਲਈ ਮਦਦ ਕਰਦੀ ਹੈ ਉਹ ਹੈ ਸਪੀਕਰ ਨੋਟਸ (speaker notes)। ਸਪੀਕਰ ਨੋਟਸ ਜਾਣਕਾਰੀ ਦੇਣ ਲਈ ਟੈਕਸਟ ਹੈ ਜੋ ਪ੍ਰੈਜ਼ੈਂਟੇਸ਼ਨ ਦੇ ਦੋਰਾਨ ਪ੍ਰੈਜ਼ੈਂਟੇਸ਼ਨ ਦੇਣ ਵਾਲੇ ਵੱਲੋਂ ਵਰਤਿਆ ਜਾਂਦਾ ਹੈ ।

ਸਪੀਕਰ ਨੋਟਸ ਛੋਟਾ ਜਾਂ ਲੰਬਾ ਟੈਕਸਟ ਹੋ ਸਕਦਾ ਹੈ ਜੋ ਕਿ ਪ੍ਰਸਤੁਤਕਰਤਾ ਦੁਆਰਾ ਹਵਾਲੇ (reference) ਲਈ ਵਰਤਿਆ ਜਾ ਸਕਦਾ ਹੈ । ਜੋ ਕਿ ਹਵਾਲੇ ਲਈ ਪ੍ਰੈਜ਼ੈਂਟੇਸ਼ਨ ਬਣਾਉਣ ਵੇਲੇ ਪ੍ਰਸਤੁਤਕਰਤਾ ਦੁਆਰਾ ਵਰਤਿਆ ਜਾ ਸਕਦਾ ਹੈ । ਪਾਵਰ ਪੁਆਇੰਟ ਜਾਂ ਓਪਨ ਆਫਿਸ ਇੰਪ੍ਰੈੱਸ ਸਲਾਈਡ ਦਾ ਇੱਕ ਖੇਤਰ ਜੋ ਪ੍ਰੈਜ਼ੈਂਟੇਸ਼ਨ ਦੇ ਦੌਰਾਨ ਛਿਪਿਆ ਹੁੰਦਾ ਹੈ ਉਹ ਸਪੀਕਰ ਨੋਟਸ ਲਈ ਸੁਰੱਖਿਅਤ ਹੈ । ਇੱਥੇ ਤੁਸੀ ਪ੍ਰਸਤੁਤਕਰਤਾ ਦੇ ਤੌਰ ਉੱਤੇ ਮਹੱਤਵਪੂਰਨ ਗੱਲਾਂ ਨੋਟ ਕਰ ਸਕਦੇ ਹੋ ਜੋ ਤੁਸੀ ਪ੍ਰੈਜ਼ੈਂਟੇਸ਼ਨ ਦੇ ਦੌਰਾਨ ਪੂਰਾ ਕਰਨਾ ਚਾਹੁੰਦੇ ਹੋ ।

ਸਲਾਈਡ ਦੇ ਢੁਕਵੇਂ ਥੰਬਨੇਲ ਵਰਜ਼ਨ ਨਾਲ ਤੁਸੀ ਇਹਨਾਂ ਨੋਟਸ ਦਾ ਪ੍ਰਿੰਟ ਬਾਹਰ ਕੱਢ ਸਕਦੇ ਹੋ, ਜਦੋਂ ਤੁਸੀ ਆਪਣੀ ਜ਼ੁਬਾਨੀ (ਓਰਲ) ਪ੍ਰੈਜ਼ੈਂਟੇਸ਼ਨ ਬਣਾ ਰਹੇ ਹੋ ਤਾਂ ਦਸਤੀ ਹਵਾਲੇ (handy reference) ਵਜੋਂ ਰੱਖਣ ਲਈ । ਹਰੇਕ ਸਲਾਈਡ ਨਾਲ ਸੰਬੰਧਤ ਖਾਸ ਪੁਆਇੰਟਸ ਬਾਰੇ ਗੱਲ ਕਰਨ ਲਈ ਇਹ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਸ੍ਰੋਤਿਆਂ ਲਈ ਇਫੈਕਟਿਵ ਪ੍ਰੈਜ਼ੈਂਟੇਸ਼ਨ ਬਣਾਉਂਦਾ ਹੈ ।

ਇਸ ਅਭਿਆਸ ਵਿੱਚ ਤੁਸੀ ਸਪੀਕਰ ਨੋਟਸ ਸ਼ਾਮਲ ਕਰਨਾ ਸਿੱਖੋਗੇ ।

ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਇੱਕ ਨਵੀਂ ਫਾਈਲ ਖੋਲੋ । ਕਿਸੇ ਖਾਸ ਸਲਾਈਡ ਵਿੱਚ ਨੋਟ ਸ਼ਾਮਲ ਕਰਨ ਲਈ, ਸਲਾਈਡ ਨੂੰ ਚੁਣੋ ਅਤੇ ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੇ ਸਭ ਤੋਂ ਥੱਲੇ ਸਥਿਤ ***Click to add notes area*** ਦੇ ਵਿੱਚ ਨੋਟਸ ਟਾਈਪ ਕਰੋ । (ਤਸਵੀਰ ਹੇਠਾਂ ਹੈ)




**Figure 22**

ਇਸ ਤੋਂ ਇਲਾਵਾ ਤੁਸੀ ***View*** ਟੈਬ ਨੂੰ ਚੁਣ ਸਕਦੇ ਹੋ ਅਤੇ ***Presentation Views*** ਗਰੁੱਪ ਦੇ ਹੇਠ ***Notes*** ਪੇਜ ਉੱਤੇ ਕਲਿੱਕ ਕਰੋ ।

ਸਪੀਕਰ ਨੋਟਸ ਬਾਰੇ ਯਾਦ ਰੱਖਣਯੋਗ ਗੱਲਾਂ :

1. ਤਹਾਨੂੰ ਸਲਾਈਡ ਦੇ ਕੰਟੈਂਟ ਨੂੰ ਮੁੜ ਬਿਆਨ ਨਹੀਂ ਕਰਨਾ ਚਾਹੀਦਾ ਹੈ ।

2. ਡੂੰਘੀ ਜਾਣਕਾਰੀ ਦੇ ਨਾਲ ਸਪੀਕਰ ਨੋਟਸ ਨੂੰ ਸਲਾਈਡ ਦੇ ਕੰਟੈਂਟ ਦੀ ਮਦਦ ਕਰਨੀ ਚਾਹੀਦੀ ਹੈ ।

ਜਦੋਂ ਰੈਗੂਲਰ ਪ੍ਰੈਜ਼ੈਂਟੇਸ਼ਨ ਸਲਾਈਡ ਸ੍ਰੋਤਿਆਂ ਲਈ ਮੇਨ ਸਕਰੀਨ ਉੱਤੇ ਦਿਖਾਈ ਜਾਂਦੀ ਹੈ ਤਾਂ ਤੁਹਾਡੀ ਕੰਪਿਊਟਰ ਸਕਰੀਨ ਉੱਤੇ ਦਿੱਖ ਥੋੜੀ ਜਿਹੀ ਅਲੱਗ ਹੁੰਦੀ ਹੈ । ਤੁਸੀ ਸਿਰਫ ਮੌਜੂਦਾ ਸਲਾਈਡ ਨੂੰ ਹੀ ਨਹੀਂ ਦੇਖ ਸਕਦੇ ਪਰ ਟੈਕਸਟ ਨੋਟਸ ਅਤੇ ਦੂਜੇ ਕੀਅ ਪੁਆਇੰਟਸ ਜੋ ਕਿ ਉਸ ਸਲਾਈਡ ਨਾਲ ਚਰਚਾ ਕਰਨੇ ਚਾਹੀਦੇ ਹਨ ਨੂੰ ਵੀ ਦੇਖ ਸਕਦੇ ਹੋ । ਇਸ ਨੂੰ ਕਰਨ ਲਈ ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਪ੍ਰੈਜ਼ੈਂਟੇਸ਼ਨ ਫਾਈਲ ਨੂੰ ਖੋਲੋ । ***Slide Show*** ਟੈਬ ਉੱਤੇ ਜਾਓ ਅਤੇ ***Use Presenter View*** ਆਪਸ਼ਨ ਨੂੰ ਚੈੱਕ ਕਰੋ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਸਲਾਈਡ ਉੱਤੇ ਸਪੀਕਰ ਨੋਟਸ ਦਾਖਲ ਕਰੋ । |
| 2 | ਅਭਿਆਸ 1 ਵਿੱਚ ਜੋ ਪ੍ਰੈਜ਼ੈਂਟੇਸ਼ਨ (ਜਾਂ "Effects ofthoughts on water" ਜਾਂ "Our place in the cosmos" ਜਾਂ "Effects of Global Warming") ਤੁਸੀ ਬਣਾਈ ਸੀ ਅਤੇ ਜੋ ਕਿ ਅਭਿਆਸ 5 ਵਿੱਚ ਵਧਾਈ ਸੀ ਉਸ ਨੂੰ ਖੋਲੋ । ਆਪਣੀ ਹਰੇਕ ਸਲਾਈਡ ਵਿੱਚ ਸਪੀਕਰ ਨੋਟਸ ਸ਼ਾਮਲ ਕਰੋ । |

## ਮਲਾਂਕਣ (ASSESSMENT)

### ਖਾਲੀ ਥਾਵਾਂ ਭਰੋ:

10. _______ ਗਾਈਡਡ ਟੈਕਸਟ ਹਨ ਜੋ ਪ੍ਰਸਤੁਤ ਕਰਤਾ ਦੁਆਰਾ ਪ੍ਰੈਜ਼ੈਂਟੇਸ਼ਨ ਦੇ ਦੌਰਾਨ ਵਰਤੇ ਜਾਂਦੇ ਹਨ ।

11. _______ ਛੋਟਾ ਜਾਂ ਲੰਬਾ ਟੈਕਸਟ ਹੋ ਸਕਦਾ ਹੈ ਜੋ ਕਿ ਪ੍ਰਸਤੁਤਕਰਤਾ ਦੁਆਰਾ ਹਵਾਲੇ (reference) ਲਈ ਵਰਤਿਆ ਜਾ ਸਕਦਾ ਹੈ ।

12. **Notes** ਪੇਜ ਆਪਸ਼ਨ _______ ਗਰੁੱਪ ਦੇ ਹੇਠ **View** ਟੈਬ ਦੇ ਵਿੱਚ ਉਪਲੱਬਧ ਹੁੰਦੀ ਹੈ ।

## ਸੈਸ਼ਨ 9: ਕੰਟੈਂਟ ਨੂੰ ਰੀਵਿਊ ਕਰਨਾ (REVIEWING CONTENT)

### ਸਬੰਧਤ ਜਾਣਕਾਰੀ

ਤੁਹਾਨੂੰ ਹਮੇਸ਼ਾ ਪ੍ਰੈਜ਼ੈਂਟੇਸ਼ਨ ਨੂੰ ਰੀਵਿਊ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਨ ਤੋਂ ਪਹਿਲਾਂ ਜੇਕਰ ਕਿਸੇ ਬਦਲਾਵ ਦੀ ਜਰੂਰਤ ਹੈ ਤਾਂ ਉਹ ਕਰੋ। ਪ੍ਰੈਜ਼ੈਂਟੇਸ਼ਨ ਸਾਫਟਵੇਅਰ ਪ੍ਰੈਜ਼ੈਂਟੇਸ਼ਨ ਵਿੱਚ ਗਲਤੀਆਂ ਨੂੰ ਠੀਕ ਕਰਨ ਲਈ ਆਪਸ਼ਨਾਂ ਮੁਹੱਈਆ ਕਰਵਾਉਂਦਾ ਹੈ ਜਿਵੇਂ ਕਿ ਸਪੈੱਲ ਚੈਕ (spell checks)। ਫੇਰ ਵੀ ਪ੍ਰੈਜ਼ੈਂਟੇਸ਼ਨ ਬਣਾਉਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਹਰੇਕ ਸਲਾਈਡ ਦੇ ਉੱਤੇ ਹਰੇਕ ਪੁਆਇੰਟ ਨੂੰ ਇਕੱਲੇ-2 ਮੈਨੂਅਲੀ ਚੈਕ ਕਰਨ ਦੀ ਜ਼ਿੰਮੇਵਾਰੀ ਪ੍ਰਸਤੁਤਕਰਤਾ ਦੀ ਹੈ।

ਇਸ ਅਭਿਆਸ ਵਿੱਚ ਤੁਸੀ ਇੱਕ ਪ੍ਰਭਾਵਸ਼ਾਲੀ ਪ੍ਰੈਜ਼ੈਂਟੇਸ਼ਨ ਬਣਾਉਣਾ ਸਿੱਖੋਗੇ। ਪ੍ਰਭਾਵਸ਼ਾਲੀ ਪ੍ਰੈਜ਼ੈਂਟੇਸ਼ਨ ਬਣਾਉਣਾ ਲਈ ਅਭਿਆਸ ਜਰੂਰੀ ਹੈ। ਪਰ ਕੁਝ ਨੁਕਤੇ ਤੁਹਾਡੇ ਸਲੀਵ (sleeve) ਨੂੰ ਵਧਾਉਂਦੇ ਹਨ, ਤੁਸੀ ਚੁਣੌਤੀ ਲੈਣ ਲਈ ਤਿਆਰ ਹੋ।

1. **ਆਪਣੇ ਵਿਸ਼ੇ ਨੂੰ ਜਾਣੋ।**

   ਤੁਸੀ ਸੱਜੇ ਪਾਸੇ ਬਦਲਾਵ ਅਤੇ ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੀ ਵਰਤੋਂ ਨਾਲ ਸ਼ੁਰੂ ਕਰਨਾ ਚਾਹੁੰਦੇ ਹੋ। ਫੇਰ ਵੀ ਪਹਿਲਾਂ ਖੋਜ ਕਰੋ ਅਤੇ ਆਪਣੇ ਮਟੀਰੀਅਲ ਨੂੰ ਜਾਣੋ, ਪ੍ਰੋਜੈਕਟ ਨੂੰ ਕੰਪਿਊਟਰ ਉੱਤੇ ਸ਼ੁਰੂ ਕਰਨ ਤੋਂ ਪਹਿਲਾਂ ਸੋਚੋ ਤੁਸੀ ਕੀ ਅਤੇ ਕਿਵੇਂ ਗੱਲ ਨੂੰ ਅਰਾਮ ਨਾਲ ਪ੍ਰਸਤੁਤ ਕਰੋਗੇ। ਪ੍ਰੈਜ਼ੈਂਟੇਸ਼ਨ ਨੂੰ ਬਣਾਉਣਾ ਅਸਾਨ ਕੰਮ ਹੈ। ਵਧੀਆ ਕਲਾਸਰੂਮ ਪ੍ਰੈਜ਼ੈਂਟੇਸ਼ਨਾਂ ਉਹਨਾਂ ਵਿਅਕਤੀਆਂ ਦੁਆਰਾ ਬਣਾਈਆਂ ਜਾਂਦੀਆਂ ਹਨ ਜੋ ਉਹ ਕਹਿਣ ਜਾ ਰਹੇ ਹਨ ਉਸ ਦੇ ਨਾਲ ਅਰਾਮਦਾਇਕ ਹਨ।

2. **ਆਪਣੇ ਵਿਸ਼ੇ ਬਾਰੇ ਮਹੱਤਵਪੂਰਨ ਸ਼ਬਦਾਂ ਨੂੰ ਵਰਤੋ।**

   ਚੰਗੇ ਪ੍ਰਸਤੁਤਕਰਤਾ ਮਹੱਤਵਪੂਰਨ ਸ਼ਬਦਾਂ ਨੂੰ ਵਰਤਦੇ ਹਨ ਅਤੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਨੂੰ ਹੀ ਸ਼ਾਮਲ ਕਰਦੇ ਹਨ। ਸਿਰਫ 3 ਜਾਂ 4 ਵਿਸ਼ਿਆਂ ਨੂੰ ਹੀ ਚੁਣੋ ਅਤੇ ਉਹਨਾਂ ਨੂੰ ਹੀ ਕਈ ਵਾਰ ਪੂਰੀ ਪ੍ਰੈਜ਼ੈਂਟੇਸ਼ਨ ਵਿੱਚ ਬਣਾਓ। ਜੋ ਪੁਆਇੰਟ ਦਰਸ਼ਕਾਂ ਨੂੰ ਯਾਦ ਰੱਖਣ ਲਈ ਜਰੂਰੀ ਹਨ ਉਹਨਾਂ ਨੂੰ ਹਾਈਲਾਈਟ (*Highlight*) ਕਰੋ। ਜਿੰਨਾ ਹੋ ਸਕੇ ਪੁਆਇੰਟਾਂ ਨੂੰ ਛੋਟੇ ਰੱਖੋ, ਪੁਆਇੰਟ ਨੂੰ ਬਿਆਨ ਕਰਨ ਲਈ 5-6 ਸ਼ਬਦ ਵਰਤੋ।

3. **ਹਰੇਕ ਸਲਾਈਡ ਉਤੇ ਬਹੁਤ ਜਿਆਦਾ ਟੈਕਸਟ ਤੋਂ ਪਰਹੇਜ ਕਰੋ।**

   ਆਪਣਾ ਪੂਰਾ ਭਾਸ਼ਣ ਸਲਾਈਡ ਉਤੇ ਨਾ ਲਿਖੋ।ਸਲਾਈਡ ਸ਼ੋਅ ਦਾ ਮਤਲਬ ਤੁਹਾਡੀ ਜ਼ੁਬਾਨੀ ਪ੍ਰੈਜ਼ੈਂਟੇਸ਼ਨ ਦੀ ਸਹਾਇਤਾ ਕਰਨਾ ਹੈ। ਬੁਲੇਟ ਪੁਆਇੰਟਸ ਦੇ ਨਾਲ ਕੰਟੈਂਟ ਦਾ ਸਾਰ ਬਣਾਓ। ਸਧਾਰਨ ਭਾਸ਼ਾ ਦੀ ਵਰਤੋਂ ਕਰੋ ਅਤੇ ਇੱਕ ਸਲਾਈਡ ਉੱਤੇ 3 ਜਾਂ 4 ਬੁਲੇਟਸ ਗਿਣਤੀ ਦੀ ਸੀਮਾ ਰੱਖੋ।

4. **ਸਲਾਈਡਾਂ ਦੀ ਗਿਣਤੀ ਸੀਮਿਤ ਰੱਖੋ।**

   ਪ੍ਰੈਜ਼ੈਂਟੇਸ਼ਨ ਦੇ ਵਿੱਚ ਬਹੁਤ ਸਾਰੀਆਂ ਸਲਾਈਡਾਂ ਹੋਣ ਨਾਲ ਇਹਨਾਂ ਨੂੰ ਪੂਰਾ ਕਰਨ ਲਈ ਕਾਹਲੀ ਦਾ ਕਾਰਣ ਬਣ ਸਕਦਾ ਹੈ ਅਤੇ ਤੁਹਾਡੇ ਦਰਸ਼ਕਾਂ ਦਾ ਜੋ ਤੁਸੀ ਕਹਿ ਰਹੇ ਹੋ ਇਸ ਨੂੰ ਸਮਝਣ ਦੀ ਬਜਾਇ ਬਦਲਦੀਆਂ ਹੋਈਆਂ ਸਲਾਈਡਾਂ ਉੱਤੇ ਜਿਆਦਾ ਧਿਆਨ ਦੇਣਾ ਖਤਮ ਹੋ ਸਕਦਾ ਹੈ। ਔਸਤਨ ਕਲਾਸਰੂਮ ਪ੍ਰੈਜ਼ੈਂਟੇਸ਼ਨ ਵਿੱਚ ਇੱਕ ਸਲਾਈਡ ਨੂੰ ਇੱਕ ਮਿੰਟ ਲਾਉਣਾ ਲੱਗਪੱਗ ਠੀਕ ਹੈ।

5. **ਆਪਣੀ ਸਲਾਈਡ ਦੀ ਲੇਆਊਟ ਯੋਜਨਾ ਬਣਾਓ।**

   ਪਾਲਣਾ ਕਰਨ ਲਈ ਆਪਣੀ ਸਲਾਈਡ ਨੂੰ ਅਸਾਨ ਬਣਾਓ। ਸਭ ਤੋਂ ਉੱਪਰ ਟਾਈਟਲ ਦਿਓ।ਵਾਕ ਖੱਬੇ ਤੋਂ ਸੱਜੇ ਅਤੇ ਉੱਪਰ ਤੋਂ ਹੇਠਾਂ ਨੂੰ ਪੜਨੇ ਚਾਹੀਦੇ ਹਨ। ਸਭ ਤੋਂ ਉਪਰਲੀ ਸਲਾਈਡ ਦੇ ਨੇੜੇ ਮਹੱਤਵਪੂਰਨ ਜਾਣਕਾਰੀ ਰੱਖੋ।

6. **ਫੈਂਸੀ ਫੌਂਟਸ ਤੋਂ ਪਰਹੇਜ ਕਰੋ।**

   ਇਹ ਪੱਕਾ ਕਰੋ ਕਿ ਪੂਰੀ ਪ੍ਰੈਜ਼ੈਂਟੇਸ਼ਨ ਦੇ ਵਿੱਚ ਫੌਂਟ,ਰੰਗ ਅਤੇ ਡਿਜ਼ਾਈਨ ਇੱਕਸਾਰ ਰਹਿਣ। ਹਰੇਕ ਸਲਾਈਡ ਲਈ ਵੱਖਰਾ ਸਟਾਈਲ ਨਾ ਚੁਣੋ। ਉਹਨਾਂ ਫੌਂਟ ਨੂੰ ਵਰਤੋ ਜੋ ਪੜਨਯੋਗ ਹਨ। ਫੌਂਟ Arial, Tahoma, Verdana ਨੂੰ ਵਰਤਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਸਟੈਂਡਅਰਡ ਫੌਂਟ ਸਾਈਜ਼ ਨੂੰ ਹੀ ਵਰਤੋ।ਜੇਕਰ ਵੱਡੇ ਹਾਲ ਵਿੱਚ ਹੈ ਤਾਂ ਸਭ ਤੋਂ ਆਖਰੀ ਲਾਈਨ ਵਾਲੇ ਜਾਂ ਜਿਆਦਾ ਦਰਸ਼ਕਾਂ ਲਈ ਵੀ ਪੜ੍ਹਨਯੋਗ ਹੋਵੇ।ਵੱਡੇ ਅਤੇ ਛੋਟੇ ਅੱਖਰਾਂ ਦੇ ਸੁਮੇਲ ਨੂੰ ਵਰਤੋ। ਸਾਰੇ ਵੱਡੇ ਅੱਖਰਾਂ ਨੂੰ ਨਾ ਵਰਤੋਂ ਜਿਵੇਂ ਕਿ ਇਹ ਪੜਨ ਲਈ ਮੁਸ਼ਕਿਲ ਹੋ ਸਕਦਾ ਹੈ।

ਮੱਹਤਵਪੂਰਨ ਪੁਆਇੰਟਸ ਨੂੰ ਹਾਈਲਾਈਟ ਕਰਨ ਲਈ ਸਿਰਫ ਜੇਕਰ ਲੋੜ ਹੋਵੇ ਉਦੋਂ ਹੀ ਬੋਲਡ, ਇਟੈਲਿਕ ਜਾਂ ਅੰਡਰਲਾਈਨ ਦੀ ਵਰਤੋਂ ਕਰੋ ।

**7. ਟੈਕਸਟ ਅਤੇ ਬੈਕਗ੍ਰਾਊਂਡ ਲਈ ਕੰਟਰਾਸਟ ਰੰਗਾਂ ਨੂੰ ਵਰਤੋ**

ਉਚਿਤ ਰੰਗਾਂ ਦਾ ਮਿਸ਼ਰਣ ਅਤੇ ਬੈਕਗ੍ਰਾਊਂਡ ਵਰਤੋ, ਪ੍ਰੀਵਿਊ ਨੂੰ ਵੇਖੋ ਕਿ ਕੀ ਇਹ ਬਿਨਾਂ ਕਿਸੇ ਮੁਸ਼ਕਿਲ ਤੋਂ ਪੜਨਯੋਗ ਹੈ ਜਾਂ ਨਹੀਂ । ਆਮ ਤੌਰ ਤੇ ਹਲਕੀ ਬੈਕਗ੍ਰਾਊਂਡ ਉੱਤੇ ਗੂੜ੍ਹਾ ਟੈਕਸਟ ਬਹੁਤ ਵਧੀਆ ਰਹਿੰਦਾ ਹੈ ਜਿਵੇਂ ਕਿ ਇਹ ਮਿਸ਼ਰਨ ਵੱਧ ਤੋਂ ਵੱਧ ਦਿੱਖ ਪੇਸ਼ ਕਰਦਾ ਹੈ । ਆਪਣੀ ਸਲਾਈਡ ਦੀ ਕਲਰ ਸਕੀਮ ਨੂੰ ਪੂਰੀ ਪ੍ਰੈਜ਼ੈਂਟੇਸ਼ਨ ਵਿੱਚ ਇਕਸਾਰ ਰੱਖੋ ।

**8. ਆਪਣੀ ਪ੍ਰੈਜ਼ੈਂਟੇਸ਼ਨ ਦੀ ਦਿੱਖ ਨੂੰ ਇਕਸਾਰ ਰੱਖਣ ਲਈ ਸਲਾਈਡ ਡਿਜ਼ਾਈਨ ਟੈਂਪਲੇਟ ਨੂੰ ਵਰਤੋ**

ਸਾਰੀਆਂ ਸਲਾਈਡਾਂ ਉੱਤੇ ਇੱਕ ਹੀ ਬੈਕਗ੍ਰਾਊਂਡ ਵਰਤੋ, ਬਹੁਤੀਆਂ ਬੈਕਗ੍ਰਾਊਂਡ ਨੂੰ ਨਾ ਵਰਤੋ । ਸੁਹਾਵਣੇ ਟੈਂਪਲੇਟ ਜਾਂ ਸਟਾਈਲ ਸੈੱਟ ਨੂੰ ਵਰਤੋ । ਵੱਖ-2 ਸਲਾਈਡਾਂ ਲਈ ਵੱਖ-2 ਸਟਾਇਲ ਸੈੱਟਸ ਨੂੰ ਨਾ ਵਰਤੋ ਜਿਵੇਂ ਕਿ ਇਹ ਦਰਸ਼ਕਾਂ ਦਾ ਧਿਆਨ ਭੰਗ ਕਰ ਸਕਦੇ ਹਨ ਅਤੇ ਉਹ ਧਿਆਨ ਗੁਆ ਸਕਦੇ ਹਨ ।

**9. ਐਨੀਮੇਸ਼ਨ ਅਤੇ ਟਰਾਂਜ਼ੀਸ਼ਨ ਨੂੰ ਘੱਟ ਵਰਤੋ ।**

ਤੁਸੀ ਹਰੇਕ ਥਾਂ ਉੱਤੇ ਜਿੱਥੇ ਤੁਸੀ ਕਰ ਸਕਦੇ ਹੋ ਐਨੀਮੇਸ਼ਨ ਅਤੇ ਟਰਾਂਜ਼ੀਸ਼ਨ ਨੂੰ ਅਪਲਾਈ ਕਰਨ ਵਿੱਚ ਅਨੰਦ ਹੋ ਸਕਦਾ ਹੈ ।

ਇਹ ਨਿਸ਼ਚਿਤ ਰੂਪ ਵਿੱਚ ਮਨੋਰੰਜਕ ਹੋਵੇਗਾ, ਪਰ ਉਸੇ ਵੇਲੇ ਬਹੁਤ ਧਿਆਨ ਭੰਗ ਕਰਨ ਵਾਲਾ ਹੋ ਸਕਦਾ ਹੈ।ਇਸ ਲਈ ਇਸ ਵਿਸ਼ੇਸ਼ਤਾ ਨੂੰ ਬਹੁਤ ਹੀ ਸਮਝਦਾਰੀ ਨਾਲ ਵਰਤੋ ।

10. ਹਮੇਸ਼ਾ ਪ੍ਰੈਜ਼ੈਂਟੇਸ਼ਨ ਦੇਣ ਤੋਂ ਪਹਿਲਾਂ 2-3 ਵਾਰੀ ਪ੍ਰੈਜ਼ੈਂਟੇਸ਼ਨ ਦੀ ਸਮੀਖਿਆ ਕਰੋ,ਇਹ ਇਸ ਵਿੱਚ ਗਲਤੀਆਂ ਨੂੰ ਦੂਰ ਕਰਨ ਅਤੇ ਘਟਾਉਣ ਵਿੱਚ ਮਦਦ ਕਰ ਸਕਦਾ ਹੈ । ਰੀਵਿਊ ਸਮੇਂ ਜੋ ਪੁਆਇੰਟਸ ਸਬੰਧਤ ਨਹੀਂ ਹਨ ਉਹਨਾਂ ਨੂੰ ਹਟਾ ਦਿਓ, ਰੀਵਿਊ ਸਮੇਂ ਤਸਵੀਰਾਂ ਨੂੰ ਹਟਾਓ ਜਾਂ ਸ਼ਾਮਲ ਕਰੋ।ਘੱਟ ਦਰਸ਼ਕਾਂ ਨੂੰ ਪੇਸ਼ਕਾਰੀ ਦੇਣ ਦੀ ਕੋਸ਼ਿਸ਼ ਕਰੋ, ਜਿਆਦਾ ਦਰਸ਼ਕਾਂ ਸਾਹਮਣੇ ਪ੍ਰੈਜ਼ੈਂਟੇਸ਼ਨ ਦੇਣ ਤੋਂ ਪਹਿਲਾਂ ਜਰੂਰੀ ਗਲਤੀਆਂ ਨੂੰ ਠੀਕ ਕਰੋ ।

**ਨੋਟ:** ਜਿਆਦਾਤਰ ਪ੍ਰੈਜ਼ੈਂਟੇਸ਼ਨ ਸਾਫਟਵੇਅਰ ਦੇ ਵਿੱਚ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਉਹਨਾਂ ਨੂੰ ਬਹੁਤਾ ਜਿਆਦਾ ਵਰਤਣ ਦੀ ਕੋਸ਼ਿਸ਼ ਨਾ ਕਰੋ ।

ਇੱਕ ਵਾਰ ਜਦੋਂ ਤੁਸੀ ਦਿਸ਼ਾ ਨਿਰਦੇਸ਼ਾਂ ਨੂੰ ਵਰਤ ਕੇ ਆਪਣੀ ਮਰਜੀ ਦੀ ਪ੍ਰੈਜ਼ੈਂਟੇਸ਼ਨ ਬਣਾ ਲਈ ਤਾਂ ਤੁਸੀ ਹੁਣ ਪ੍ਰੈਜ਼ੈਂਟੇਸ਼ਨ ਦੀ ਸਮੀਖਿਆ (review) ਕਰ ਸਕਦੇ ਹੋ । ਹੇਠਾਂ ਦਿੱਤੇ ਹੋਰ ਦਿਸ਼ਾ-ਨਿਰਦੇਸ਼ਾਂ ਨੂੰ ਵਰਤੋ :

- ਸਾਰੀਆਂ ਸਲਾਈਡਾਂ ਵਿੱਚ ਚੰਗੀ ਤਰਾਂ ਸਪੈਲਿੰਗਾਂ ਦੀ ਚੈਕਿੰਗ ਕਰੋ ।
- ਪ੍ਰੈਜ਼ੈਂਟੇਸ਼ਨ ਸਾਫਟਵੇਅਰ ਵਿੱਚ ਸਟੈਂਡਅਰਡ ਸਪੈੱਲ ਚੈਕ ਦੇ ਦੌਰਾਨ ਜੋ ਟਰਮ ਸ਼ਾਮਲ ਨਹੀਂ ਹੈ ਉਸ ਦੀ ਸਪੈਲਿੰਗ ਚੈਕਿੰਗ ਮੈਨੂਅਲੀ ਕਰੋ।ਸਾਰੀਆਂ ਟਰਮ ਨਹੀਂ (ਖਾਸਕਰ ਤਕਨੀਕੀ ਟਰਮਸ ਜਿਵੇਂ biological ਨਾਮ ਆਦਿ।) ਚੈਕ ਹੋਣਗੀਆਂ ।
- ਅਣਲੋੜੀਂਦਾ ਕੰਟੈਂਟ ਜਿਵੇਂ ਤਸਵੀਰਾਂ ਜਾਂ ਕਲਿੱਪ ਆਰਟ, ਟਰਮ ਆਦਿ ਨੂੰ ਹਟਾ ਦਿਓ ਜੇਕਰ ਉਹ ਨਹੀਂ ਚਾਹੀਦੇ ਹਨ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਆਪਣੀ ਇੱਛਾ ਦੇ ਅਨੁਸਾਰ ਜਾਂ ਤੁਹਾਡੇ ਅਧਿਆਪਕ ਵੱਲੋਂ ਦਿੱਤੇ ਗਏ ਟੌਪਿਕ ਉੱਤੇ ਇੱਕ ਪ੍ਰੈਜ਼ੈਂਟੇਸ਼ਨ ਤਿਆਰ ਕਰੋ । ਦਿਸ਼ਾ-ਨਿਰਦੇਸ਼ਾਂ ਨੂੰ ਵਰਤ ਕੇ ਇਸ ਨੂੰ ਰੀਵਿਊ ਕਰੋ ਅਤੇ ਆਪਣੇ ਅਧਿਆਪਕ ਤੋਂ ਵੈਲੀਡੇਟ ਕਰਵਾਓ । |

## ਮੁਲਾਂਕਣ (ASSESSMENT)

**ਖਾਲੀ ਥਾਵਾਂ ਭਰੋ:**

1. ਪ੍ਰੈਜ਼ੈਂਟੇਸ਼ਨ ਸਾਫਟਵੇਅਰ ਪ੍ਰੈਜ਼ੈਂਟੇਸ਼ਨ ਵਿੱਚ ਗਲਤੀਆਂ ਨੂੰ ਠੀਕ ਕਰਨ ਲਈ ਪ੍ਰੈਜ਼ੈਂਟੇਸ਼ਨ ਵਿੱਚ ਆਪਸ਼ਨਾਂ ਮੁਹੱਈਆ ਕਰਵਾਉਂਦਾ ਹੈ ਜਿਵੇਂ ਕਿ __________ ।

2. ਪ੍ਰਭਾਵਸ਼ਾਲੀ ਪ੍ਰੈਜ਼ੈਂਟੇਸ਼ਨ ਬਣਾਉਣ ਦੇ ਸੁਝਾਅ:

   a) ________________________________________________________________

      ________________________________________________________________

   b) ________________________________________________________________

ਡਾਟਾਬੇਸ ਸਰਵਰ ਸਮਰਪਿਤ (dedicated) ਕੰਪਿਊਟਰ ਹਨ ਜੋ ਅਸਲੀ ਡਾਟਾਬੇਸ ਨੂੰ ਰੱਖਦੇ ਹਨ ਅਤੇ ਸਿਰਫ ਡੀ.ਬੀ.ਐਮ.ਐਸ ਅਤੇ ਸਬੰਧਤ ਸਾਫਟਵੇਅਰ ਦੁਆਰਾ ਹੀ ਚਲਾਏ ਜਾਂਦੇ ਹਨ।ਆਮ ਤੌਰ ਉੱਤੇ ਡਾਟਾਬੇਸ ਸਰਵਰ ਵਿੱਚ ਉਪਲੱਬਧ ਡਾਟਾਬੇਸ ਕਮਾਂਡ ਲਾਈਨ ਜਾਂ ਗ੍ਰਾਫਿਕਸ ਯੂਜ਼ਰ ਇੰਟਰਫੇਸ (GUI) ਟੂਲਸ ਜੋ ਕਿ ਫਰੰਟਐਂਡ (Frontend) ਵਜੋਂ ਜਾਣਿਆ ਜਾਂਦਾ ਹੈ, ਦੁਆਰਾ ਵਰਤਿਆ ਜਾਂਦਾ ਹੈ। ਡਾਟਾਬੇਸ ਸਰਵਰ ਨੂੰ ਬੈਕ-ਐਂਡਜ (Back-ends) ਕਿਹਾ ਜਾਂਦਾ ਹੈ। ਇਸ ਤਰਾਂ ਦੀ ਡਾਟਾ ਵਰਤੋਂ ਨੂੰ ਕਲਾਇੰਟ- ਸਰਵਰ (client-server) ਮਾਡਲ ਵਜੋਂ ਜਾਣਿਆ ਜਾਂਦਾ ਹੈ।

## ਆਰ.ਡੀ.ਬੀ.ਐਮ.ਐਸ (RDBMS)

ਰਿਲੇਸ਼ਨਲ ਡਾਟਾਬੇਸ ਮੈਨੈਜਮੈਂਟ ਸਿਸਟਮ ਇੱਕ ਡਾਟਾਬੇਸ ਮੈਨੈਜਮੈਂਟ ਸਿਸਟਮ ਹੈ ਜੋ ਕਿ ਰਿਲੇਸ਼ਨਲ ਮਾਡਲ ਉੱਤੇ ਅਧਾਰਿਤ ਹੈ ਜੋ ਕਿ ਈ.ਐਫ. ਕੋਡਡ (E. F. Codd), ਆਈ.ਬੀ.ਐਮ. ਦੀ ਸੈਨ ਜੋਸ ਰੀਸਰਚ ਲੈਬਾਰਟਰੀ ਦੁਆਰਾ ਪੇਸ਼ ਕੀਤੇ ਗਏ ਹਨ। ਮੌਜੂਦਾ ਵਰਤੋਂ ਵਿੱਚ ਆਉਣ ਵਾਲਾ ਸਭ ਤੋਂ ਮਸ਼ਹੂਰ ਡਾਟਾਬੇਸ, ਰਿਲੇਸ਼ਨਲ ਡਾਟਾਬੇਸ ਮਾਡਲ ਉੱਤੇ ਅਧਾਰਿਤ ਹੈ। ਡਾਟਾਬੇਸ ਮੈਨੈਜਮੈਂਟ ਲਈ ਰਿਲੇਸ਼ਨਲ ਮਾਡਲ ਪਹਿਲੇ ਕ੍ਰਮ ਪ੍ਰੀਡੀਕੇਟ ਲੋਜਿਕ (first-order predicate logic) ਡਾਟਾਬੇਸ ਮਾਡਲ ਉੱਤੇ ਅਧਾਰਿਤ ਹੈ। ਪਹਿਲਾ ਤਿਆਰ ਕੀਤਾ ਅਤੇ ਏਡਗ ਐਫ. ਕੋਡਡ (Edgar F. Codd) ਦੁਆਰਾ 1969 ਵਿੱਚ ਪ੍ਰਸਤਾਵ ਰੱਖਿਆ ਗਿਆ। ਡਾਟਾਬੇਸ ਦੇ ਰਿਲੇਸ਼ਨਲ ਮਾਡਲ ਵਿੱਚ ਸਾਰਾ ਡਾਟਾ ਸਬੰਧਾਂ ਵਿੱਚ ਵੰਡੇ ਗਏ ਟੱਪਲ (tuples) ਦੇ ਰੂਪ ਵਿੱਚ ਦਰਸਾਇਆ ਜਾਂਦਾ ਹੈ। ਡਾਟਾਬੇਸ ਜੋ ਰਿਲੇਸ਼ਨਲ ਮਾਡਲ ਦੇ ਰੂਪ ਵਿੱਚ ਸੰਗਠਿਤ ਹੁੰਦਾ ਹੈ ਉਹ ਰਿਲੇਸ਼ਨਲ ਡਾਟਾਬੇਸ ਹੁੰਦਾ ਹੈ।

ਰਿਲੇਸ਼ਨਲ ਮਾਡਲ ਦਾ ਮਕਸਦ ਡਾਟਾ ਅਤੇ ਕੁਐਰੀਜ਼ (data and queries) ਨੂੰ ਨਿਰਧਾਰਿਤ ਕਰਨ ਲਈ ਘੋਸ਼ਨਾਤਮਕ ਢੰਗ ਮੁਹੱਈਆ ਕਰਵਾਉਣਾ ਹੈ : ਯੂਜ਼ਰ ਸਿੱਧੇ ਹੀ ਇਹ ਕਹਿੰਦੇ ਹਨ ਡਾਟਾਬੇਸ ਵਿੱਚ ਕਿਹੜੀ ਜਾਣਕਾਰੀ ਸ਼ਾਮਲ ਹੈ ਅਤੇ ਉਹ ਇਸ ਵਿੱਚੋਂ ਕਿਹੜੀ ਜਾਣਕਾਰੀ ਚਾਹੁੰਦੇ ਹਨ, ਡਾਟਾਬੇਸ ਮੈਨੈਜਮੈਂਟ ਸਾਫਟਵੇਅਰ ਨੂੰ ਡਾਟਾ ਸਟੋਰ ਕਰਨ ਲਈ ਅਤੇ ਕੁਐਰੀਜ਼ ਦੇ ਜੁਆਬ ਦੇਣ ਲਈ ਪ੍ਰਾਪਤ ਕਰਨ ਦੇ ਤਰੀਕਿਆਂ ਦਾ ਡਾਟਾ ਸਟਰਕਚਰ ਵਰਣਨ ਕਰਨ ਦਾ ਧਿਆਨ ਦੇਣ ਦਿਓ।

## ਡਾਟਾਬੇਸ ਕੰਨਸੈਪਟ (Database Concepts)

ਡਾਟਾਬੇਸ ਦੇ ਵਿੱਚ ਓਬਜੈਕਟਸ ਸ਼ਾਮਲ ਹੁੰਦੀਆਂ ਹਨ ਜੋ ਕਿ ਜਾਣਕਾਰੀ ਨੂੰ ਸਟੋਰ ਕਰਨ ਅਤੇ ਮੈਨੇਜ ਕਰਨ ਲਈ ਵਰਤੀਆਂ ਜਾਂਦੀਆਂ ਹਨ। ਡਾਟਾਬੇਸ ਨੂੰ ਬਹੁਤ ਹੀ ਸਰਲ ਭਾਸ਼ਾ ਵਿੱਚ ਸਮਝਣ ਲਈ ਆਓ ਤੁਹਾਡੀ ਐਡਰੈੱਸ ਬੁੱਕ ਦੀ ਉਦਾਹਰਣ ਲਈਏ। ਤੁਸੀ ਐਡਰੈੱਸ ਬੁੱਕ ਵਿੱਚ ਕੀ ਸਟੋਰ ਕਰਦੇ ਹੋ? ਤੁਹਾਡੇ ਕੋਲ ਲੋਕਾਂ ਦੇ ਨਾਮ, ਲੋਕਾਂ ਦੇ ਪਤੇ, ਲੋਕਾਂ ਦੇ ਫੋਨ ਨੰਬਰ ਅਤੇ ਹੋ ਸਕਦਾ ਹੈ ਕਿ ਲੋਕਾਂ ਦੇ ਜਨਮ ਦਿਨ ਵੀ ਹੋ ਸਕਦੇ ਹਨ। ਇੱਥੇ ਆਮ ਤੱਤ -ਲੋਕ ਹੈ। ਇਸ ਉਦਾਹਰਣ ਵਿੱਚ ਹਰੇਕ ਵਿਅਕਤੀ ਨੂੰ ਇੱਕ "**item**" ਮੰਨਿਆ ਗਿਆ ਹੈ। ਇਸ ਲਈ ਆਈਟਮ ਉਹ ਹੈ ਜਿਸ ਬਾਰੇ ਡਾਟਾਬੇਸ ਜਾਣਕਾਰੀ ਸਟੋਰ ਕਰ ਰਿਹਾ ਹੈ। ਜਦੋਂ ਤੁਸੀ ਆਪਣੀ ਐਡਰੈੱਸ ਬੁੱਕ ਵਿੱਚ ਜਾਣਕਾਰੀ ਸਟੋਰ ਕਰ ਰਹੇ ਸੀ ਤਾਂ ਲੋਕਾਂ ਨੇ ਤੁਹਾਨੂੰ ਕੀ ਪੁਛਿਆ ਸੀ? ਤੁਹਾਡਾ ਐਡਰੈੱਸ ਕੀ ਹੈ? ਤੁਹਾਡਾ ਫੋਨ ਨੰਬਰ ਕੀ ਹੈ? ਆਦਿ। ਹਰੇਕ ਪ੍ਰਸ਼ਨ ਜੋ ਅਸੀਂ ਆਈਟਮ ਬਾਰੇ ਪੁੱਛਦੇ ਹਾਂ ਉਹ ਇੱਕ ਫੀਲਡ "**field**" ਹੁੰਦਾ ਹੈ। ਹੁਣ ਮੰਨ ਲਓ ਤੁਸੀ ਨਵੇਂ ਦੋਸਤ (**Freiends**) ਬਣਾਉਂਦੇ ਹੋ ਅਤੇ ਆਪਣੀ ਐਡਰੈੱਸ ਬੁੱਕ ਵਿੱਚ ਉਹਨਾਂ ਦੀ ਕੀ ਜਾਣਕਾਰੀ ਸ਼ਾਮਿਲ ਕਰਨੀ ਚਾਹੀਦੀ ਹੈ। ਤੁਸੀ ਪ੍ਰਸ਼ਨ ਪੁੱਛੋਗੇ, ਜੁਆਬ ਪ੍ਰਾਪਤ ਕਰੋ ਅਤੇ ਇੱਕ ਨਵਾਂ ਰਿਕਾਰਡ "**record**" ਬਣਾਓ। ਇਸ ਲਈ ਰਿਕਾਰਡ "**record**" ਤੁਹਾਡੇ ਡਾਟਾਬੇਸ ਵਿੱਚ ਸਟੋਰ ਕਿਸੇ ਇੱਕ ਆਈਟਮ ਦੇ ਬਾਰੇ ਇੱਕ ਜਾਣਕਾਰੀ ਦਾ ਇੱਕ ਸੈੱਟ (ਫੀਲਡਾਂ ਦਾ ਬਣਿਆ) ਹੈ। ਇੱਕ ਵੈਲਯੂ "**value**" ਅਸਲੀ ਟੈਕਸਟ ਜਾਂ ਨਿਊਮੈਰਿਕ ਰਾਸ਼ੀ ਜਾਂ ਮਿਤੀ ਹੈ ਜੋ ਤੁਸੀ ਜਾਣਕਾਰੀ ਸ਼ਾਮਲ ਕਰਨ ਵੇਲੇ ਆਪਣੇ ਡਾਟਾਬੇਸ ਵਿੱਚ ਪਾਉਂਦੇ ਹੋ।ਜਦੋਂ ਤੁਸੀ ਸਾਰੀ ਜਾਣਕਾਰੀ ਇਕੱਠੀ ਗਰਿੱਡ ਦੇ ਵਿੱਚ (ਜਿਵੇਂ ਤੁਸੀ ਸਪ੍ਰੈੱਡਸ਼ੀਟ ਕਰਦੇ ਹੋ) ਪਾਉਂਦੇ ਹੋ, ਸਮਾਨ ਰਿਕਾਰਡਜ਼ ਦਾ ਸਮੂਹ ਇੱਕ ਟੇਬਲ ਬਣਾਉਂਦਾ ਹੈ।

ਇੱਕ ਡਾਟਾਬੇਸ ਦੇ ਕੋਲ ਇੱਕ ਜਾਂ ਕਈ ਟੇਬਲ ਹੋ ਸਕਦੇ ਹਨ।ਇੱਕ ਐਡਰੈੱਸ ਬੁੱਕ ਇਸ ਦੀ ਇੱਕ ਬਹੁਤ ਹੀ ਸਰਲ ਉਦਾਹਰਣ ਹੈ, ਅਸਲ ਜ਼ਿੰਦਗੀ ਦੇ ਵਿੱਚ ਕਈ ਹੋਰ ਜਾਣਕਾਰੀਆਂ ਸ਼ਾਮਲ ਹਨ।ਇੱਕ ਵੱਡੀ ਕੰਪਨੀ ਦੇ ਕੋਲ ਆਪਣਾ ਡਾਟਾਬੇਸ ਹੋਵੇਗਾ, ਇੱਕ ਟੇਬਲ ਵਸਤੂ ਲਈ, ਇੱਕ ਟੇਬਲ ਇਸ ਦੇ ਸਪਲਾਈ ਕਰਨ ਵਾਲਿਆਂ ਲਈ, ਇੱਕ ਟੇਬਲ ਇਸਦੇ ਗਾਹਕ ਜਾਣਕਾਰੀ ਲਈ, ਇੱਕ ਆਰਡਰ ਪ੍ਰਾਪਤ ਕਰਨ ਲਈ ਅਤੇ ਹੋਰ ਕਈ ਹੋ ਸਕਦੇ ਹਨ। ਅਸਲ ਰੂਪ ਵਿੱਚ ਇੱਕ ਡਾਟਾਬੇਸ ਦੇ ਵਿੱਚ ਹਰੇਕ ਟੇਬਲ ਦੇ ਵਿੱਚ ਇੱਕ ਆਈਟਮ ਦੇ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ। ਇਸ ਲਈ ਡਾਟਾਬੇਸ ਅਸਲ ਰੂਪ ਵਿੱਚ ਇੱਕ ਕੰਟੇਨਰ ਹੈ ਜੋ ਟੇਬਲਾਂ ਅਤੇ ਦੂਜੀਆਂ ਓਬਜੈਕਟਸ ਨੂੰ ਰੱਖਦਾ ਹੈ ਅਤੇ ਇਹ ਮੈਨੇਜ ਕਰਦਾ ਹੈ ਕਿ ਇਹ ਕਿਵੇਂ ਵਰਤੀਆਂ ਜਾਣ।

ਦੂਜੀ ਬਹੁਤ ਹੀ ਮਹੱਤਵਪੂਰਨ ਯਾਦ ਰੱਖਣ ਵਾਲੀ ਚੀਜ ਇਹ ਹੈ ਕਿ ਜਦੋ ਅਸੀਂ ਜਾਣਕਾਰੀ ਪਾਉਂਦੇ ਹਾਂ, ਤਾਂ ਸਾਡੇ ਕੋਲ ਇੱਕ ਨਾਮ ਦੇ ਲੋਕ ਹੋ ਸਕਦੇ ਹਨ (ਇੱਕ ਤੋਂ ਵੱਧ ਜਸਰੀਤ ਕੌਰ ਹੋ ਸਕਦੀਆਂ ਹਨ) ਜਾਂ ਇੱਕੋ ਐਡਰੈੱਸ ਦੇ (ਪਰਿਵਾਰ ਦੇ ਮੈਂਬਰ)। ਪਰ ਜਦੋਂ ਡਾਟਾਬੇਸ ਬਣਾਉਂਦੇ ਹਾਂ ਤਾਂ ਟੇਬਲ ਵਿੱਚ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਰਿਕਾਰਡ ਦੀ ਵਿਲੱਖਣਤ "**record uniqueness**" ਹੁੰਦੀ ਹੈ। ਡੁਪਲੀਕੇਟ ਕੀਮਤਾਂ ਦੇ ਨਾਲ ਅਲੱਗ-2 ਆਈਟਮਾਂ ਦੇ ਵਿਚਕਾਰ ਪਛਾਣ ਕਰਨ ਦੇ ਯੋਗ ਹੋਣਾ ਬਹੁਤ ਮਹੱਤਵਪੂਰਨ ਹੈ। ਵਿਲੱਖਣਤਾ ਯੂਜ਼ਰ ਜਾਂ ਕੰਪਿਊਟਰ ਦੀ ਗਲਤੀ ਦੇ ਕਾਰਣ ਅਚਨਚੇਤ ਰਿਕਾਰਡ ਦੀ ਡੁਪਲੀਕੇਸੀ ਤੋਂ ਬਚਣ ਲਈ ਮਦਦ ਕਰਦੀ ਹੈ। ਇਸ ਨੂੰ ਕੁਝ ਨੰਬਰ ਜਾਂ ਕੀਮਤਾਂ ਜੋ ਵੱਖਰੇ ਰਿਕਾਰਡ ਵਜੋਂ ਪਹਿਚਾਣੀਆਂ ਜਾਂਦੀਆਂ ਹਨ ਦੀ ਵਰਤੋਂ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

ਜੇਕਰ ਇਹੋ ਜਿਹੀ ਵਿਲੱਖਣ ਕੀਮਤ ਤੁਹਾਡੇ ਫੀਲਡਾਂ ਵਿੱਚ ਨਹੀਂ ਹੁੰਦੀ ਤਾਂ ਤੁਸੀ ਇੱਥੇ ਇੱਕ ਡਾਟਾਬੇਸ ਡਿਜ਼ਾਇਨਰ ਵਜੋਂ ਖਾਸ ਟੇਬਲ ਵਿੱਚ ਵਾਧੂ ਫੀਲਡ ਬਣਾ ਸਕਦੇ ਹੋ, ਜਿੱਥੇ ਕਿ ਵਿਲੱਖਣ ਨੰਬਰ ਜਾਂ ਕੀਮਤ ਹਰੇਕ ਨਵੀਂ ਐਂਟਰੀ ਲਈ ਅਸਾਈਨ ਕੀਤਾ ਜਾ ਸਕੇ। ਇਸ ਲਈ ਹਰੇਕ ਟੇਬਲ ਕੋਲ ਕੀਅ ਫੀਲਡ ਹੁੰਦਾ ਹੈ ਜੋ ਕਿ ਇਹ ਸੁਨਿਸ਼ਚਿਤ ਕਰਦਾ ਹੈ ਕਿ ਇੱਥੇ ਪੂਰੇ ਡਾਟਾਬੇਸ ਦੇ ਵਿੱਚ 100% ਇੱਕ ਵਿਲੱਖਣ ਕੀਮਤ ਹੈ।

ਹਰੇਕ ਡਾਟਾਬੇਸ ਟੇਬਲ ਕੋਲ ਇੱਕ ਜਾਂ ਜਿਆਦਾ ਫੀਲਡ ਇੱਕ ਕੀਅ ਦੇ ਵਾਂਗੂ ਬਣਾਏ ਹੋਏ ਹੋਣੇ ਚਾਹੀਦੇ ਹਨ। ਜਿਹਨਾਂ ਰਿਕਾਰਡਾਂ ਦਾ ਇੱਕੋ ਨਾਮ ਜਾਂ ਪਤਾ ਹੋਵੇ ਦੇ ਵਿੱਚ ਅੰਤਰ ਰੱਖਣ ਲਈ ਤੁਸੀ ਇਸ ਕੀਅ ਨੂੰ ਇੱਕ ਵਿਲੱਖਣ ਕੀਮਤ ਅਸਾਈਨ ਕਰ ਸਕਦੇ ਹੋ। ਹੇਠਾਂ ਵਿਦਿਆਰਥੀ ਡਾਟਾਬੇਸ ਦੀ ਉਦਾਹਰਣ ਵੱਲ ਵੇਖੋ :

| Name | Standard | Section |
|---|---|---|
| Ram | X | A |
| Ravi | X | A |
| Ravi | X | A |
| Sanjay | X | B |

ਇਸ ਟੇਬਲ ਵਿੱਚ ਵਿਦਿਆਰਥੀਆਂ ਦੇ ਰਿਕਾਰਡਾਂ ਵਿੱਚ ਅੰਤਰ ਪਤਾ ਕਰਨਾ ਬਹੁਤ ਹੀ ਮੁਸ਼ਕਿਲ ਹੋਵੇਗਾ ਕਿਉਂਕਿ ਇਹਨਾਂ ਕੋਲ ਇੱਕੋ ਹੀ ਨਾਮ ਹਨ।

ਅੰਤਰ ਪਤਾ ਕਰਨ ਲਈ, ਵਾਧੂ ਫੀਲਡ -ਰੋਲ ਨੰਬਰ, ਸ਼ਾਮਲ ਕਰ ਸਕਦੇ ਹੋ ਜੋ ਕਿ ਹਰੇਕ ਰਿਕਾਰਡ ਲਈ ਵਿਲੱਖਣ (unique) ਹੋਵੇਗਾ। ਉਦਾਹਰਣ ਹੇਠਾਂ ਹੈ:

| Roll No | Name | Standard | Section |
|---|---|---|---|
| 19 | Ram | X | A |
| 20 | Ravi | X | A |
| 21 | Ravi | X | A |
| 22 | Sanjay | X | B |

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਇੱਕ ਰਿਟੇਲ ਸ਼ਾਪ ਲਈ ਡਾਟਾਬੇਸ ਜਰੂਰਤਾਂ ਦਾ ਵਿਸ਼ਲੇਸ਼ਨ ਕਰੋ।ਵਪਾਰਕ ਜਰੂਰਤਾਂ ਅਤੇ ਡਾਕੂਮੈਂਟ ਨੂੰ ਰਿਕਾਰਡ ਕਰੋ। (ਇਸ ਵਪਾਰਕ ਜਰੂਰਤਾਂ ਦੇ ਅਨੁਸਾਰ ਤੁਸੀ ਇਹ ਜਾਣਕਾਰੀ ਡਾਟਾਬੇਸ ਬਣਾਉਣ ਲਈ ਵਰਤ ਸਕਦੇ ਹੋ)। |
| 2. | ਆਪਣੇ ਸਕੂਲ ਲਈ ਡਾਟਾਬੇਸ ਜਰੂਰਤਾਂ ਨੂੰ ਐਨਾਲਾਈਜ਼ ਕਰੋ, ਜਾਣਕਾਰੀ ਇਕੱਠੀ ਕਰਨ ਲਈ ਵੱਖ-2 ਵਿਭਾਗ ਜਿਵੇਂ ਕਿ ਲਾਇਬ੍ਰੇਰੀ, ਵਿਦਿਆਰਥੀ ਦਾਖਲਾ ਕੇਂਦਰ ਨੂੰ ਵਿਜ਼ਿਟ ਕਰੋ। ਵਪਾਰਕ ਜਰੂਰਤਾਂ ਦੇ ਡਾਕੂਮੈਂਟ ਬਣਾਓ। (ਤੁਸੀ ਇਸ ਜਰੂਰਤ ਦੇ ਲਈ ਇਸ ਜਾਣਕਾਰੀ ਨੂੰ ਡਾਟਾਬੇਸ ਬਣਾਉਣ ਵਾਸਤੇ ਵਰਤ ਸਕਦੇ ਹੋ)। |

## ਮੁਲਾਂਕਣ (ASSESSMENT)

ਛੋਟੇ ਉੱਤਰਾਂ ਵਾਲੇ ਪ੍ਰਸ਼ਨ:

1. ਡੀ.ਬੀ.ਐਮ.ਐੱਸ ਦਾ ਪੂਰਾ ਨਾਮ ਕੀ ਹੈ ?
2. ਆਰ.ਡੀ.ਬੀ.ਐਮ.ਐੱਸ ਦਾ ਪੂਰਾ ਨਾਮ ਕੀ ਹੈ ?
3. ਆਰ.ਡੀ.ਬੀ.ਐਮ.ਐੱਸ ਵਿਚ ਡਾਟਾ ਕਿਵੇਂ ਆਰਗੇਨਾਈਜ਼ ਹੁੰਦਾ ਹੈ ?

**ਖਾਲੀ ਥਾਵਾਂ ਭਰੋ:**

1. _________ਇੱਕ ਸੰਗਠਿਤ ਡਾਟੇ ਦਾ ਸਮੂਹ ਹੈ।
2. _________ਇੱਕ ਸਾਫਟਵੇਅਰ ਪੈਕੇਜ ਹੈ ਜੋ ਕਿ ਡਾਟਾਬੇਸ ਨੂੰ ਬਣਾਉਣ ਅਤੇ ਮੈਨੇਜ ਕਰਨ ਲਈ ਵਰਤਿਆ ਜਾ ਸਕਦਾ ਹੈ।
3. _________ਇੱਕ ਡਾਟਾਬੇਸ ਮੈਨੇਜਮੈਂਟ ਸਿਸਟਮ ਹੈ ਜੋ ਕਿ ਰਿਲੇਸ਼ਨਲ ਮੋਡਲ ਉੱਤੇ ਅਧਾਰਿਤ ਹੈ ।
4. ਤਿੰਨ ਮਸ਼ਹੂਰ ਡੀ.ਬੀ.ਐਮ.ਐਸ ਸਾਫਟਵੇਅਰ _________, ___________ਅਤੇ _________ਹਨ ।

## ਸੈਸ਼ਨ 2: ਡਾਟਾ ਸਟੋਰੇਜ (DATA STORAGE)

### ਸਬੰਧਤ ਜਾਣਕਾਰੀ

ਰਿਲੇਸ਼ਨਲ ਡਾਟਾਬੇਸ ਮੈਨੇਜਮੈਂਟ ਸਿਸਟਮ ਵਿੱਚ ਡਾਟਾ ਟੇਬਲਾਂ ਦੇ ਰੂਪ ਵਿੱਚ ਸੰਗਠਿਤ ਹੁੰਦਾ ਹੈ। ਹੁਣ ਤੁਹਾਨੂੰ ਤੇਜੀ ਨਾਲ ਯਾਦ ਆਵੇਗਾ ਕਿ ਤੁਸੀ ਪਿਛਲੇ ਸੈਕਸ਼ਨ ਵਿੱਚ ਕੀ ਸਿੱਖਿਆ ਸੀ ਅਤੇ ਹੋਰ ਧਾਰਨਾਵਾਂ ਵਿਚ ਲੀਨ ਹੋ ਜਾਓਗੇ।

**ਟੇਬਲ (Tables):**

ਇੱਕ ਟੇਬਲ ਡਾਟਾ ਐਲੀਮੈਂਟਸ (ਕੀਮਤਾਂ) ਦਾ ਸੈੱਟ ਹੈ ਜੋ ਕਿ ਵਰਟੀਕਲ ਕਾਲਮ (ਜੋ ਕਿ ਆਪਣੇ ਨਾਮ ਨਾਲ ਪਹਿਚਾਣੇ ਜਾਂਦੇ ਹਨ) ਅਤੇ ਹੋਰੀਜ਼ੌਂਟਲ ਰੋਅ ਦੀ ਵਰਤੋਂ ਕਰਕੇ ਆਰਗੇਨਾਈਜ਼ਡ ਕੀਤਾ ਜਾਂਦਾ ਹੈ। ਇਸ ਦੇ ਕੋਲ ਪ੍ਰਭਾਸ਼ਿਤ ਕੀਤੇ ਕਾਲਮਾਂ ਦੀ ਗਿਣਤੀ ਹੁੰਦੀ ਹੈ ਪਰ ਅਣਗਿਣਤ ਰੋਅ ਹੋ ਸਕਦੀਆਂ ਹਨ।ਹਰੇਕ ਰੋਅ ਕਿਸੇ ਖਾਸ ਕਾਲਮ ਵਿੱਚ ਦਿਸ ਰਹੀ ਕੀਮਤ ਦੁਆਰਾ ਪਹਿਚਾਣੀ ਜਾਂਦੀ ਹੈ ਜੋ ਕਿ ਵਿਲੱਖਣ ਕੀਅ (unique key ) ਇੰਡੈਕਸ ਜਾਂ ਕੀਅ ਫੀਲਡ ਦੇ ਤੌਰ ਉੱਤੇ ਜਾਣੀ ਜਾਂਦੀ ਹੈ।

**ਕਾਲਮ (Tables) ਜਾਂ ਫੀਲਡ (Fields):**

ਇਕ ਕਾਲਮ, ਟੇਬਲ ਦੀ ਹਰੇਕ ਰੋਅ ਲਈ ਇੱਕ ਖਾਸ ਸਾਧਾਰਨ ਕਿਸਮ ਦੀ ਡਾਟਾ ਕੀਮਤਾਂ ਦਾ ਸੈੱਟ ਹੈ। ਜਿਸ ਅਨੁਸਾਰ ਰੋਅ ਕਮਪੋਜ਼ ਕੀਤੀ ਜਾਂਦੀ ਹੈ ਉਸੇ ਮੁਤਾਬਿਕ ਕਾਲਮ ਸਟਰਕਚਰ ਮੁਹੱਈਆ ਕਰਵਾਉਂਦਾ ਹੈ। ਉਦਾਹਰਣ ਲਈ cFirstName, ਜਾਂ cLastName, ਰੋਅ ਵਿੱਚ ਫੀਲਡ ਹਨ।

**ਰੋਅ ਜਾਂ ਰਿਕਾਰਡ ਜਾਂ ਟੱਪਲ (Rows or Records or Tuples):**

ਇੱਕ ਰੋਅ ਨੂੰ ਇੱਕ ਰਿਕਾਰਡ ਜਾਂ ਟੱਪਲ ਵੀ ਕਿਹਾ ਜਾਂਦਾ ਹੈ ਜੋ ਕਿ ਟੇਬਲ ਵਿੱਚ ਇਕ ਸਿੰਗਲ ਡਾਟਾ ਆਈਟਮ ਨੂੰ ਦਰਸਾਉਂਦੀ ਹੈ। ਆਮ ਸ਼ਬਦਾਂ ਵਿੱਚ ਇੱਕ ਡਾਟਾਬੇਸ ਟੇਬਲ ਦੀ ਕਲਪਨਾ ਰੋਅ ਅਤੇ ਕਾਲਮਾਂ ਜਾਂ ਫੀਲਡਸ ਦੀ ਸ਼ਮੂਲੀਅਤ ਦੀ ਤਰਾਂ ਕਰ ਸਕਦੇ ਹਾਂ।ਟੇਬਲ ਵਿੱਚ ਹਰੇਕ ਰੋਅ ਇੱਕ ਸਬੰਧਤ ਡਾਟਾ ਸੈੱਟ ਨੂੰ ਦਰਸਾਉਂਦੀ ਹੈ, ਅਤੇ ਟੇਬਲ ਵਿੱ ਹਰੇਕ ਰੋਅ ਉਹੀ ਸਟਰਕਚਰ ਹੁੰਦਾ ਹੈ।

**ਡਾਟਾ ਟਾਈਪਸ (Data types) :**

ਡਾਟਾ ਟਾਈਪ ਦੀ ਵਰਤੋਂ ਇਹ ਪਹਿਚਾਣਨ ਲਈ ਕੀਤੀ ਜਾਂਦੀ ਹੈ ਕਿ ਅਸੀਂ ਕਿਸ ਕਿਸਮ ਦਾ ਡਾਟਾ ਡਾਟਾਬੇਸ ਵਿੱਚ ਸਟੋਰ ਕਰਨ ਜਾ ਰਹੇ ਹਾਂ।ਜੋ ਡਾਟਾ ਉਹਨਾ ਦੇ ਵਿੱਚ ਭਰਿਆ ਹੈ ਉੱਤੇ ਅਧਾਰਿਤ ਫੀਲਡਸ ਆਪਣੇ ਆਪ ਵਿੱਚ ਅਲੱਗ-2 ਕਿਸਮਾਂ ਦੇ ਹੋ ਸਕਦੇ ਹਨ। ਓਪਨ ਆਫਿਸ ਬੇਸ (Open Office base) ਵਿੱਚ ਡਾਟਾ ਟਾਈਪ ਮੁੱਖ ਰੂਪ ਵਿੱਚ ਹੇਠਾਂ ਦਿਖਾਏ ਅਨੁਸਾਰ ਪੰਜ ਕਿਸਮਾਂ ਵਿੱਚ ਵੰਡਿਆ ਜਾਂਦਾ :

- ਨਿਊਮੈਰਿਕ ਕਿਸਮਾਂ (Numeric Types)
- ਅਲਫਾਨਿਊਮੈਰਿਕ ਕਿਸਮਾਂ (Alphanumeric Types)
- ਬਾਈਨਰੀ ਕਿਸਮਾਂ (Binary Types)
- ਮਿਤੀ ਅਤੇ ਸਮਾਂ (Date time)
- ਦੂਜੀਆਂ ਵੇਰੀਏਬਲ ਕਿਸਮਾਂ (Other Variable types)

**ਨਿਊਮੈਰਿਕ ਕਿਸਮਾਂ (Numeric Types)**

ਨਿਊਮੈਰਿਕ ਡਾਟਾ ਟਾਈਪ ਦੀ ਵਰਤੋਂ ਡਾਟਾਬੇਸ ਦੇ ਟੇਬਲ ਲਈ ਫੀਲਡ ਲਈ ਵਰਤੀ ਗਈ ਕੀਮਤ ਨੂੰ ਪ੍ਰਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ। ਨਿਊਮੈਰਿਕ ਡਾਟਾ ਟਾਈਪ ਦੀ ਵਰਤੋਂ ਡਾਟਾਬੇਸ ਦੇ ਵਿੱਚ ਮੋਬਾਇਲ ਨੰਬਰ, ਰੋਲ ਨੰਬਰ, ਸਕੂਲ ਵਿੱਚ ਦਾਖਲੇ ਦਾ ਸਾਲ, ਸਹੀ ਜਾਂ ਗਲਤ ਸਟੇਟਮੈਂਟ, ਸਟੈਟੀਸਟੀਕਲ ਕੀਮਤਾਂ ਆਦਿ ਦੀ ਜਾਣਕਾਰੀ ਨੂੰ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਵੱਖ-2 ਕਿਸਮਾਂ ਦੀਆਂ ਉਪਲੱਬਧ ਨਿਊਮੈਰਿਕ ਡਾਟਾ ਟਾਈਪਸ ਦੀ ਸੂਚੀ ਇੱਥੇ ਹੇਠਾਂ ਦਿੱਤੀ ਗਈ ਹੈ :

| Name | Data type | Description |
|---|---|---|
| Boolean | yes/ no | Values as 0 or 1, Example: True or l False, Yes or No |
| TINYINT | tiny integer | Store integer range between 0 to 255 |
| SMALLINT | small integer | Store integer range between - $2^{15}$ to + $2^{15}$ -1 |
| INTEGER | Integer | Store integer range between - $2^{31}$ to +$2^{31}$-1 |
| BIGINT | big integer | Range between -$2^{63}$ to +$2^{63}$-1 |
| NUMERIC | Number | Maximum precision of $e^{(+/-)231}$ |
| DECIMAL | Decimal | Maximum precision of e $^{(+/-)231}$ $2^{-1074}$ to $(2-2^{-52})*$ $2^{1023}$ |
| REALL | real | $2^{-1074}$ to $(2-2^{-52})*$ $2^{1023}$ |
| FLOAT | float | $2^{-1074}$ to $(2-2^{-52})*$ $2^{1023}$ |
| DOUBLE | double | $2^{-1074}$ to $(2-2^{-52})*$ $2^{1023}$ |

**ਅਲਫਨਿਊਮੈਰਿਕ ਡਾਟਾ ਟਾਈਪ(Alphanumeric Types:):**

| Name | Data type | Description |
|---|---|---|
| LONGVARCHAR | memo | Stores up to the max length or number indicated by user. It accepts any UTF 8 Character |

| Name | Data type | Description |
|---|---|---|
| CHAR | text (fix) | Stores exactly the length specified by user.Pads with trailing spaces for shorter strings.Accepts any UTF 8 Character. |
| VARCHAR | text | Stores up to the specified length. Nopadding (Same as long var char) |
| VARCHAR_IGNORE CASE | text | Stores up the specified length. Comparisons are not case sensitive but stores capitals as you type them. |

## ਬਾਈਨਰੀ ਕਿਸਮਾਂ (Binary Types):

ਬਾਇਨਰੀ ਡਾਟਾ ਟਾਈਪਸ ਦੀ ਵਰਤੋਂ ਬਾਇਨਰੀ ਡਾਟਾ ਫਾਰਮੈਟ ਨੂੰ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਡਾਟਾਬੇਸ ਵਿੱਚ ਬਾਇਨਰੀ ਡਾਟਾਬੇਸ ਦੀ ਵਰਤੋਂ ਤਸਵੀਰਾਂ, ਸੰਗੀਤ ਫਾਈਲ ਆਦਿ ਨੂੰ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਵੱਖ-2 ਕਿਸਮਾਂ ਦੇ ਉਪਲੱਬਧ ਬਾਇਨਰੀ ਡਾਟਾ ਟਾਈਪ ਦੀ ਲਿਸਟ ਹੇਠਾਂ ਦਿੱਤੀ ਗਈ ਹੈ :

| Name | Data type | Description |
|---|---|---|
| LONGVARBINARY | image | Stores any array of bytes (images, sounds, etc.). No validation required. |
| BINARY | binary (fix) | Stores any array of bytes. No validation required. |
| VARBINARY | Binary | Stores any array of bytes. No validation required. |

## ਡੇਟ ਟਾਈਮ (Date time):

ਡੇਟ ਟਾਈਮ ਡਾਟਾ ਟਾਈਪਸ ਦੀ ਵਰਤੋਂ ਡਾਟਾਬੇਸ ਦੇ ਟੇਬਲ ਵਿੱਚ ਵਰਤੇ ਜਾਂਦੇ ਫੀਲਡ ਡੇਟ ਅਤੇ ਟਾਈਮ ਦੀ ਕੀਮਤ ਪ੍ਰਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ। ਡਾਟਾਬੇਸ ਵਿੱਚ ਡੇਟ ਟਾਈਮ ਡਾਟਾ ਟਾਈਪ ਦੀ ਵਰਤੋ ਜਾਣਕਾਰੀ ਜਿਵੇਂ ਕਿ ਜਨਮ ਮਿਤੀ, ਦਾਖਲੇ ਦੀ ਮਿਤੀ, ਉਤਪਾਦ ਵੇਚਣ ਦੀ ਮਿਤੀ ਆਦਿ ਨੂੰ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਵੱਖ-2 ਕਿਸਮਾਂ ਦੇ ਉਪਲੱਬਧ ਡੇਟ ਟਾਈਮ ਫਾਰਮੈਟ ਦੀ ਲਿਸਟ ਹੇਠਾਂ ਦਿੱਤੀ ਗਈ ਹੈ:

| Name | Description | Format |
|---|---|---|
| Date | Stores month, day and year information | 1/1/99 to 1/1/9999 |
| Time | Stores hour, minute and second info | Seconds since 1/1/1970 |
| Timestamp | Stores date and time information | |

## ਦੂਜੀਆਂ ਡਾਟਾ ਟਾਈਪਸ (Other datatypes):

| Name | Description |
|---|---|
| Other/Object | Stores serialized Java objects . User application must supply serialization routines |

ਪਿਛਲੇ ਸੈਸ਼ਨ ਵਿੱਚ ਤੁਸੀ ਇੱਕ ਐਡਰੈੱਸ ਬੁੱਕ ਦੀ ਉਦਾਹਰਣ ਦੀ ਵਰਤੋਂ ਕੀਤੀ ਸੀ। ਇੱਕ ਐਡਰੈੱਸ ਬੁੱਕ ਸਿਰਫ ਇੱਕ ਹੀ ਟੇਬਲ ਨੂੰ ਵਰਤਦੀ ਹੈ। ਪਰ ਅਲੱਗ-2 ਹਲਾਤਾਂ ਵਿੱਚ ਦਿਸਦੀ ਹੈ। ਜੇਕਰ ਤੁਸੀ ਇੱਕ ਡੀਲਰ ਹੋ ਅਤੇ ਇੱਕ ਸਿੰਗਲ ਟਾਈਪ ਵਸਤੂ ਨੂੰ ਵੇਚ ਰਹੇ ਹੋ ਅਤੇ ਤੁਸੀ ਪਿਛਲੇ ਮਹੀਨੇ ਵਿੱਚ ਕੀਤੀ ਸੇਲ ਰਿਕਾਰਡ ਦੀ ਜਾਣਕਾਰੀ ਚਾਹੁੰਦੇ ਹੋ ਅਤੇ ਇਹ ਜਾਣਕਾਰੀ ਵੀ ਚਾਹੁੰਦੇ ਹੋ ਕਿ ਵਸਤੂ ਕਿਸ ਗਾਹਕ ਨੇ ਖਰੀਦੀ ਸੀ। (ਨਾਮ,ਐਡਰੈੱਸ, ਫੋਨ, ਖਰੀਦ ਮਿਤੀ, ਖਰੀਦੀਆਂ ਗਈਆਂ ਵਸਤੂਆਂ ਦੀ ਗਿਣਤੀ ਆਦਿ) ਤਾਂ ਤੁਸੀ ਕੀ ਕਰੋਗੇ ? ਤੁਸੀ ਸਾਰੀ ਜਾਣਕਾਰੀ ਨਾਲ ਇੱਕ ਸੇਲਸ (Sales) ਟੇਬਲ ਬਣਾਉਂਦੇ ਹੋ :

| OrderID | CustomerName | CustomerAddress | Phone | SaleDate | #ItemsBought |
|---|---|---|---|---|---|
| 000789 | Sheela Arora | xxxxxxNoida | 2444490 | 01/11/12 | 03 |
| 000790 | Vaibhav Mittal | xxxxGhaziabad | 2443358 | 01/11/12 | 04 |
| 000791 | Saurabh Tayal | xxxxNew Delhi | 2678945 | 02/11/12 | 12 |
| 000792 | Vaibhav Mitttal | xxxxGhaziabad | 2443258 | 02/11/12 | 23 |
| 000793 | Prashant singh | xxxxRohtak | 6784534 | 02/11/12 | 04 |
| 000794 | Shila Arora | xxxxxxNoida | 2444490 | 03/11/12 | 18 |
| 000795 | Vaibhav Mittal | xxxxGhazibad | 2443258 | 03/11/12 | 45 |

ਕੀ ਤੁਸੀ ਇੱਥੇ ਕੋਈ ਮੁਸ਼ਕਿਲ ਵੇਖਦੇ ਹੋ ? ਹਰ ਵਾਰੀ ਜਦੋਂ ਤੁਸੀ ਸ਼ੀਲਾ ਜਾਂ ਵੈਭਵ ਜਾਂ ਕਿਸੇ ਦੂਜੇ ਗਾਹਕ (client) ਨੂੰ ਵਸਤੂ ਵੇਚਦੇ ਹੋ ਤਾਂ ਤੁਹਾਨੂੰ ਜਾਣਕਾਰੀ ਦੁਬਾਰਾ ਸਟੋਰ ਕਰਨ ਦੀ ਜਰੂਰਤ ਹੈ। ਇਸ ਲਈ ਇਸਦਾ ਹੱਲ ਕੀ ਹੈ ? ਇੱਕ ਟੇਬਲ ਕਲਾਇੰਟ ਦੀ ਜਾਣਕਾਰੀ ਲਈ ਅਤੇ ਦੂਜਾ ਸੇਲ ਦੀ ਜਾਣਕਾਰੀ ਲਈ ਬਣਾਓ। ਕਿਉਂਕਿ ਹਰੇਕ ਰਿਕਾਰਡ ਵਿਲੱਖਣ ਹੋਣਾ ਚਾਹੀਦਾ ਹੈ ਇਸ ਲਈ ਤੁਸੀ ਹਰੇਕ ਕਲਾਇੰਟ ਨੂੰ ਅਲੱਗ ਪਹਿਚਾਣਨ ਲਈ ਕਲਾਇੰਟ ਟੇਬਲ ਵਿੱਚ ClientID ਫੀਲਡ ਦਾਖਲ ਕਰ ਸਕਦੇ ਹੋ। ਸੇਲ ਟੇਬਲ ਵਿੱਚ ਤੁਸੀ ਇੱਕ ਪੁਆਇੰਟ ਰੈਫਰੈਂਸ ਦਿਓਗੇ ਜਿਹੜਾ ਕਲਾਇੰਟ ਟੇਬਲ ਵਿੱਚ ਇੱਕ ਖਾਸ ਰਿਕਾਰਡ ਨੂੰ “points” ਕਰਦਾ ਹੈ।

**Client Table**

| ClientID | Name | Address | Phone |
|---|---|---|---|
| 0000001 | Sheela Arora | xxxxxxNoida | 2444490 |
| 0000002 | Vaibhav Mittal | xxxxGhaziabad | 2443358 |
| 0000003 | Saurabh Tayal | xxxxNew Delhi | 2678945 |
| 0000004 | Prashant Singh | xxxxRohtak | 6784534 |
| Primary Key | | | |

One client, three orders for that client.

**Sales Table**

| OrderID | ClientID | SaleDate | #ItemsBought |
|---|---|---|---|
| 000789 | 0000001 | 01/11/12 | 3 |
| 000790 | 0000002 | 01/11/12 | 4 |
| 000791 | 0000003 | 02/11/12 | 12 |
| 000792 | 0000002 | 02/11/12 | 23 |
| 000793 | 0000004 | 02/11/12 | 4 |
| 000794 | 0000001 | 03/11/12 | 18 |
| 000795 | 0000002 | 03/11/12 | 45 |
| Primary Key | | | |

ਇੱਥੇ ਇਸ ਉਦਾਹਰਣ ਵਿੱਚ ਫੀਲਡ **ClientID** ਕਲਾਇੰਟ ਟੇਬਲ (Client table) ਵਿੱਚ ਇੱਕ ਵਾਰ ਵਾਪਰਦਾ ਹੈ। ਪਰ ਕਿਉਂਕਿ ਇੱਕ ਕਲਾਇੰਟ ਕਈ ਆਰਡਰ ਦੇ ਸਕਦਾ ਹੈ, ਇਹ ਸੇਲਸ ਟੇਬਲ (Sales table. .) ਦੇ ਵਿੱਚ ਕਈ ਵਾਰ ਹੁੰਦਾ ਹੈ ਕਿਉਂਕਿ ਗਾਹਕ ਤੋਂ ਬਿਨਾਂ ਸਾਡੇ ਕੋਲ ਆਰਡਰ ਨਹੀਂ ਹੋ ਸਕਦਾ। ਅਸੀ ਪੈਂਰੇਟ ਨੂੰ ਕਲਾਇੰਟ ਅਤੇ **child**table ਨੂੰ ਸੇਲਸ(Sales) ਕਹਿੰਦੇ ਹਾਂ। ਇਹਨਾਂ ਦੀ ਤਰਾਂ ਸਬੰਧਤ ਟੇਬਲ ਇੱਕ ਆਮ ਫੀਲਡ ਨੂੰ ਸਾਂਝਾ ਕਰਦੇ ਹਨ। ਤੁਸੀ ਲੋਕਾਂ ਬਾਰੇ ਡਾਟਾ ਇੱਕ ਵਾਰ ਸਟੋਰ ਕਰਦੇ ਹੋ, ਪਰ ਡਾਟਾਬੇਸ ਵਿੱਚ ਉਹਨਾਂ ਲੋਕਾਂ ਦਾ ਹਵਾਲਾ ਕਈ ਵਾਰ ਦਿੰਦੇ ਹੋ।

ਇਸ ਵਿਲੱਖਣ ਫੀਲਡ (unique field) ਨੂੰ ਪ੍ਰਾਇਮਰੀ ਕੀਅ "**primary key (PK)**" ਕਹਿੰਦੇ ਹਨ।ਇੱਕ ਪ੍ਰਾਇਮਰੀ ਕੀਅ ਇੱਕ ਵਿਲੱਖਣ ਕੀਮਤ ਹੁੰਦੀ ਹੈ ਜੋ ਟੇਬਲ ਵਿੱਚ ਰੋਅ ਨੂੰ ਪਹਿਚਾਣਦੀ ਹੈ।ਸਾਡੀ ਉਦਾਹਰਣ ਦੇ ਵਿੱਚ ਕਲਾਇੰਟ ਟੇਬਲ ਵਿੱਚ **ClientID** ਪ੍ਰਾਇਮਰੀ ਕੀਅ ਹੈ। ਪ੍ਰਾਇਮਰੀ ਕੀਅ ਡਾਟਾਬੇਸ ਵਿੱਚ ਤਤਕਰਾ (indexed) ਵੀ ਬਣਾਉਂਦੀ ਹੈ, ਡਾਟਾਬੇਸ ਵਿੱਚ ਇੱਕ ਰਿਕਾਰਡ ਨੂੰ ਲੱਭਣ ਵਾਸਤੇ ਇਹਨੂੰ ਤੇਜ ਬਣਾਉਂਦੀ ਹੈ।

ClientID ਫੀਲਡ ਜਿਸਦਾ ਜਿਕਰ ਕੀਤਾ ਹੈ, ਜੋ ਸੇਲਸ (Sales) ਟੇਬਲ ਵਿੱਚ ਹੁੰਦਾ ਹੈ ਨੂੰ ਫੋਰਨ ਕੀਅ "**foreign key (FK)**" ਕਹਿੰਦੇ ਹਨ।ਇਸ ਕਰਕੇ ਫੋਰਨ ਕੀਅ ਇੱਕ ਕਾਲਮ ਨੂੰ ਪਹਿਚਾਣਦੀ ਹੈ ਜਾਂ ਇੱਕ ਟੇਬਲ ਵਿੱਚ ਕਾਲਮਾਂ ਦੇ ਸੈੱਟ ਨੂੰ ਜੋ ਇੱਕ ਕਾਲਮ ਦਾ ਜਾਂ ਦੂਜੇ ਟੇਬਲ ਵਿੱਚ ਕਾਲਮਾਂ ਦੇ ਸੈੱਟ ਦਾ ਹਵਾਲਾ ਦਿੰਦਾ ਹੈ। " ਇੱਕ " ਪਾਸੇ ਦਾ ਸਬੰਧ ਹਮੇਸ਼ਾ ਪੇਰੈਂਟ (parent) ਹੁੰਦਾ ਹੈ ਅਤੇ ਪ੍ਰਾਇਮਰੀ ਕੀਅ ਵਿਸ਼ੇਸ਼ਤਾਵਾਂ (**primary key attributes**) ਨੂੰ ਕਾਪੀ ਕਰਨ ਲਈ ਮੁਹੱਈਆ ਕਰਵਾਉਂਦਾ ਹੈ। "ਕਈ " ਪਾਸਿਆਂ ਦਾ ਸਬੰਧ ਹਮੇਸ਼ਾ ਚਾਈਲਡ (**Child** ) ਹੁੰਦਾ ਹੈ, ਜਿਸ ਵਿੱਚ ਫੋਰਨ ਕੀਅ ਵਿਸ਼ੇਸ਼ਤਾਵਾਂ (**foreign key attributes**) ਨੂੰ ਕਾਪੀ ਕੀਤੀਆਂ ਜਾਂਦੀਆਂ ਹਨ। ਇਸ ਨੂੰ ਯਾਦ ਰੱਖੋ : *one, parent, PK; many, child, FK* ।

ਇਸ ਨੂੰ ਯਾਦ ਰੱਖਣ ਦਾ ਦੂਜਾ ਪੁਆਇੰਟ ਇਹ ਹੈ ਕਿ ਆਖਰੀ ਯੂਜ਼ਰ ਕੋਲ ਕਦੇ ਵੀ ਡਾਟਾਬੇਸ ਵਰਤਣ ਲਈ ਸਿੱਧੀ ਪਹੁੰਚ ਨਹੀਂ ਹੁੰਦੀ /ਹੋਵੇਗੀ। ਉਹ ਸਿਰਫ ਓਹੀ ਵੇਖ ਸਕਦੇ ਹਨ ਜਿਸ ਦੀ ਤੁਸੀ ਵੇਖਣ ਦੀ ਆਗਿਆ ਦਿੰਦੇ ਹੋ ਅਤੇ ਸਿਰਫ ਉਹੀ ਆਪਸ਼ਨ ਨੂੰ ਚੁਣ ਸਕਦੇ ਹਨ ਜੋ ਤੁਸੀ ਉਹਨਾਂ ਨੂੰ ਦਿੰਦੇ ਹੋ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਸਟੇਸ਼ਨਰੀ ਸ਼ਾਪ ਲਈ ਇੱਕ ਡਾਟਾਬੇਸ ਬਣਾਓ। ਸੰਕੇਤ: items, price, color, vendor ਆਦਿ ਲਈ ਫੀਲਡ ਬਣਾਓ । |

## ਮੁਲਾਂਕਣ (ASSESSMENT)

### ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. DBMS /RDBMS ਵਿੱਚ ਵਰਤੀਆਂ ਗਈਆਂ ਡਾਟੇ ਟਾਈਪਸ ਦੀ ਸੂਚੀ ਬਣਾਓ ।
2. ਪ੍ਰਾਇਮਰੀ ਕੀਅ ਅਤੇ ਫੋਰਨ ਕੀਅ ਵਿੱਚ ਅੰਤਰ ਸਪਸ਼ਟ ਕਰੋ ।
3. ਨਿਊਮੈਰਿਕ ਡਾਟਾ ਟਾਈਪ ਵਿੱਚ ਉਪਲੱਬਧ ਡਾਟੇ ਦੀਆਂ ਕਿਸਮਾਂ ਦੀ ਸੂਚੀ ਬਣਾਓ ।
4. ਅਲਫਾ ਨਿਊਮੈਰਿਕ ਡਾਟਾ ਟਾਈਪ ਵਿੱਚ ਉਪਲੱਬਧ ਡਾਟੇ ਦੀਆਂ ਕਿਸਮਾਂ ਦੀ ਸੂਚੀ ਬਣਾਓ।
5. ਡਾਟਾ ਟਾਈਪ ਵਿੱਚ ਉਪਲੱਬਧ ਡਾਟੇ ਦੀਆਂ ਕਿਸਮਾਂ ਦੀ ਸੂਚੀ ਬਣਾਓ ।

### ਖਾਲੀ ਥਾਵਾਂ ਭਰੋ:

1. ਇੱਕ ________ਡਾਟਾ ਐਲੀਮੈਂਟਸ (ਕੀਮਤਾਂ) ਦਾ ਸੈੱਟ ਹੈ ਜੋ ਕਿ ਵਰਟੀਕਲ ਕਾਲਮ ਅਤੇ ਹੋਰੀਜ਼ੋਂਟਲ ਰੋਅ ਦੇ ਮਾਡਲ ਵਰਤੋਂ ਕਰਕੇ ਆਰਗੇਨਾਈਜ਼ਡ ਕੀਤਾ ਜਾਂਦਾ ਹੈ ।
2. ਇਕ ________, ਟੇਬਲ ਦੀ ਹਰੇਕ ਰੋਅ ਲਈ ਇੱਕ ਖਾਸ ਸਾਧਾਰਨ ਕਿਸਮ ਦੀ ਡਾਟਾ ਕੀਮਤਾਂ ਦਾ ਸੈੱਟ ਹੈ ।
3. ________ਇਕ ਸਿੰਗਲ ਡਾਟਾ ਆਈਟਮ ਨੂੰ ਦਰਸਾਉਂਦੀ ਹੈ ।
4. ________ਵਰਤੋਂ ਇਹ ਇਹ ਪਹਿਚਾਣਨ ਲਈ ਕੀਤੀ ਜਾਂਦੀ ਹੈ ਕਿ ਅਸੀ ਕਿਸ ਕਿਸਮ ਦਾ ਡਾਟਾ ਡਾਟਾਬੇਸ ਵਿੱਚ ਸਟੋਰ ਕਰਨ ਜਾ ਰਹੇ ਹਾਂ ।
5. ________ਇੱਕ ਵਿਲੱਖਣ ਕੀਮਤ ਹੈ ਜੋ ਟੇਬਲ ਵਿੱਚ ਇਕ ਰੋਅ ਨੂੰ ਪਹਿਚਾਣਦੀ ਹੈ ।

## ਸੈਸ਼ਨ 4: ਡਾਟਾ ਮੈਨੀਪੁਲੇਟ ਕਰਨਾ (Manipulating data)।

### ਸਬੰਧਤ ਜਾਣਕਾਰੀ

ਡਾਟਾਬੇਸ ਵਿੱਚ ਤੁਸੀ ਡਾਟੇ ਦਾ ਸਟਰਕਚਰ ਪ੍ਰਭਾਸ਼ਿਤ ਕਰ ਸਕਦੇ ਹੋ ਅਤੇ ਕੁਝ ਕਮਾਂਡਾਂ ਨੂੰ ਵਰਤ ਕੇ ਮੈਨੀਪੁਲੇਟ ਕਰ ਸਕਦੇ ਹੋ । ਇਸ ਕੰਮ ਲਈ ਦੋ ਤਰਾਂ ਦੀਆਂ ਭਾਸ਼ਾਵਾਂ ਹਨ । ਉਹ ਇਹ ਹਨ:

- ਡਾਟਾ ਡੇਫੀਨੇਸ਼ਨ ਲੈਂਗੁਏਜ਼ Data Definition Language (DDL)"
- ਡਾਟਾ ਮੈਨੀਪੁਲੇਸ਼ਨ ਲੈਂਗੁਏਜ਼ "Data Manipulation Language (DML)"

### ਡਾਟਾ ਡੇਫੀਨੇਸ਼ਨ ਲੈਂਗੁਏਜ਼ (DDL)

ਡਾਟਾ ਡੇਫੀਨੇਸ਼ਨ ਲੈਂਗੁਏਜ਼ ਜਾਂ ਡਾਟਾ ਡਿਸਕ੍ਰਿਪਸ਼ਨ ਲੈਂਗੁਏਜ਼ (**DDL**) ਕਮਾਂਡਾਂ ਲਈ ਇੱਕ ਮਿਆਰ (standard) ਹੈ ਜੋ ਡਾਟਾਬੇਸ ਵਿੱਚ ਸਟਰਕਚਰ ਨੂੰ ਪ੍ਰਭਾਸ਼ਿਤ ਕਰਦਾ ਹੈ। ਡੀ.ਡੀ.ਐਲ (**DDL**) ਸਟੇਟਮੈਂਟਾਂ ਡਾਟਾਬੇਸ ਆਬਜੈਕਟ ਜਿਵੇਂ ਕਿ tables, indexes, ਅਤੇ users ਨੂੰ create, modify , ਅਤੇ remove ਕਰਦੀਆਂ ਹਨ।ਆਮ ਡੀ.ਡੀ.ਐਲ (**DDL**) ਸਟੇਟਮੈਂਟਾਂ CREATE, ALTER ਅਤੇ DROP ਹਨ।

### ਡਾਟਾ ਮੈਨੀਪੁਲੇਸ਼ਨ ਲੈਂਗੁਏਜ਼ (DML)

ਡਾਟਾ ਮੈਨੀਪੁਲੇਸ਼ਨ ਲੈਂਗੁਏਜ਼ (DML) ਇੱਕ ਭਾਸ਼ਾ ਹੈ ਜੋ ਕਿ ਯੂਜ਼ਰ ਨੂੰ ਡਾਟਾਬੇਸ ਵਿੱਚ ਡਾਟਾ ਵਰਤਣ ਅਤੇ ਮੈਨੀਪੁਲੇਟ ਕਰਨ ਦੀ ਆਗਿਆ ਦਿੰਦੀ ਹੈ। ਇਸ ਦਾ ਉਦੇਸ਼ ਸਿਸਟਮ ਨਾਲ ਕੁਸ਼ਲ ਮਨੁੱਖੀ ਗੱਲਬਾਤ ਮੁਹੱਈਆ ਕਰਵਾਉਣਾ ਹੈ ।

ਡਾਟਾ ਮੈਨੀਪੁਲੇਸ਼ਨ ਵਿੱਚ ਇਹ ਸ਼ਾਮਲ ਹੁੰਦਾ ਹੈ:

- ਡਾਟਾਬੇਸ ਵਿੱਚੋਂ ਜਾਣਕਾਰੀ ਪ੍ਰਾਪਤ(Retrieve) ਕਰਨ ਲਈ – SELECT ਸਟੇਟਮੈਂਟ
- ਡਾਟਾਬੇਸ ਵਿੱਚ ਜਾਣਕਾਰੀ ਦਾਖਲ (Insert) ਕਰਨ ਲਈ – INSERT ਸਟੇਟਮੈਂਟ
- ਡਾਟਾਬੇਸ ਵਿੱਚ ਜਾਣਕਾਰੀ ਡੀਲੀਟ (Delete) ਕਰਨ ਲਈ – DELETE ਸਟੇਟਮੈਂਟ
- ਡਾਟਾਬੇਸ ਵਿੱਚ ਜਾਣਕਾਰੀ ਨੂੰ ਸੁਧਾਰਨਾ (Modify) ਕਰਨ ਲਈ – UPDATE ਸਟੇਟਮੈਂਟ

ਸਿਰਫ ਜਾਣਕਾਰੀ ਨੂੰ ਪ੍ਰਾਪਤ ਕਰਨ ਲਈ ਸ਼ਾਮਲ DML ਇੱਕ ਕੁਏਰੀ ਲੈਂਗੁਏਜ਼ ਦਾ ਭਾਗ ਹੈ।ਡੀ.ਐਮ.ਐਲ਼ ਅਤੇ ਕੁਏਰੀ ਲੈਂਗੁਏਜ਼ ਆਮਤੌਰ ਉੱਤੇ ਸਮਾਨ ਅਰਥ ਲਈ ਵਰਤੇ ਜਾਂਦੇ ਹਨ। ਇੱਕ ਪ੍ਰਸਿੱਧ ਡਾਟਾ ਮੈਨੀਪੁਲੇਸ਼ਨ ਲੈਂਗੁਏਜ਼ ਸਟਰਕਚਰਡ ਕੁਏਰੀ ਲੈਂਗੁਏਜ "Structured Query Language (SQL)" ਹੈ। ਇਹ ਰਿਲੇਸ਼ਨਲ ਡਾਟਾਬੇਸ ਵਿੱਚੋਂ ਡਾਟਾ ਪ੍ਰਾਪਤ (Retrieve) ਅਤੇ ਮੈਨੀਪੁਲੇਟ (manipulate) ਕਰਨ ਲਈ ਵਰਤੀ ਜਾਂਦੀ ਹੈ।ਡੀ.ਐਮ.ਐਲ਼ ਦੇ ਦੂਜੇ ਰੂਪ ਉਹ ਹਨ ਜੋ IMS/DLI, CODASYL ਡਾਟਾਬੇਸ ਜਿਵੇਂ ਕਿ IDMS ਅਤੇ ਦੂਜਿਆਂ ਦੁਆਰਾ ਵਰਤੇ ਜਾਂਦੇ ਹਨ ।
ਡਾਟਾ ਮੈਨੀਪੁਲੇਸ਼ਨ ਲੈਂਗੁਏਜ਼ ਵਿੱਚ ਐਸ.ਕਿਉ.ਐਲ (SQL) ਡਾਟਾ ਚੇਂਜ ਸਟੇਟਮੈਂਟਸ ਸ਼ਾਮਲ ਹਨ ਜੋ ਸਟੋਰ ਕੀਤੇ ਡਾਟੇ ਨੂੰ ਬਦਲਦੇ ਹਨ ਪਰ ਸਕੀਮਾ (schema) ਜਾਂ ਡਾਟਾਬੇਸ ਓਬਜੈਕਟਸ (database objects) ਨੂੰ ਨਹੀਂ ਬਦਲਦੇ ।

ਡੀ.ਐਮ.ਐਲ (DML) ਦੋ ਤਰਾਂ ਦੀਆਂ ਹੁੰਦੀਆਂ ਹਨ :

- ਪ੍ਰੋਸੀਜ਼ਰਲ (*procedural*) : ਯੂਜ਼ਰ ਇਹ ਨਿਰਧਾਰਿਤ ਕਰਦਾ ਹੈ ਕਿ ਕਿਹੜਾ ਡਾਟਾ ਲੋੜੀਂਦਾ ਹੈ ਅਤੇ ਇਸ ਨੂੰ ਕਿਵੇਂ ਪ੍ਰਾਪਤ ਕਰਨਾ ਹੈ ।
- ਨੋਨਪ੍ਰੋਸੀਜ਼ਰਲ (*nanoprocedural*) : ਯੂਜ਼ਰ ਸਿਰਫ ਇਹ ਨਿਰਧਾਰਿਤ ਕਰਦਾ ਹੈ ਕਿ ਕਿਹੜਾ ਡਾਟਾ ਲੋੜੀਂਦਾ ਹੈ । ਇਹ ਯੂਜ਼ਰ ਲਈ ਅਸਾਨ ਹੈ ਪਰ ਕੋਡ ਨੂੰ ਪ੍ਰੋਸੀਜ਼ਰਲ ਲੈਂਗੁਏਜ ਵਾਂਗ ਕਾਰਗਰ ਨਹੀਂ ਬਣਾਉਂਦਾ ਹੈ ।

## ਮੁਲਾਂਕਣ (ASSESSMENT)

**ਖਾਲੀ ਥਾਵਾਂ ਭਰੋ:**

1. ਡਾਟਾਬੇਸ ਨੂੰ ਬਣਾਉਣ ਅਤੇ ਮੈਨੀਪੁਲੇਟ ਕਰਨ ਲਈ ਵਰਤੀਆਂ ਜਾਂਦੀਆਂ ਭਾਸ਼ਾਵਾਂ ____________ ਅਤੇ ________________ ਹਨ।
2. _______________ ਕਮਾਂਡਾਂ ਲਈ ਇੱਕ ਮਿਆਰ (standard) ਹੈ ਜੋ ਡਾਟਾਬੇਸ ਵਿੱਚ ਸਟਰਕਚਰ ਨੂੰ ਪ੍ਰਭਾਸ਼ਿਤ ਕਰਦਾ ਹੈ।
3. _______________ ਇੱਕ ਭਾਸ਼ਾ ਹੈ ਜੋ ਕਿ ਯੂਜ਼ਰ ਨੂੰ ਡਾਟਾਬੇਸ ਵਿੱਚ ਡਾਟਾ ਵਰਤਣ ਅਤੇ ਮੈਨੀਪੁਲੇਟ ਕਰਨ ਦੀ ਆਗਿਆ ਦਿੰਦੀ ਹੈ।
4. ਸਿਰਫ ਜਾਣਕਾਰੀ ਨੂੰ ਪ੍ਰਾਪਤ ਕਰਨ ਲਈ ਸ਼ਾਮਲ DML _______________ ਦਾ ਭਾਗ ਹੈ।
5. ਇੱਕ ਪ੍ਰਸਿੱਧ ਡਾਟਾ ਮੈਨੀਪੁਲੇਸ਼ਨ ਲੈਂਗੁਏਜ਼ ਸਟਰਕਚਰਡ _______________ ਹੈ।
6. ਆਮ DDL ਸਟੇਟਮੈਂਟਾਂ ______________, _______________ ਅਤੇ ________________ ਹਨ।

## ਸੈਸ਼ਨ 4: ਡਾਟਾਬੇਸ ਆਬਜੈਕਟ ਬਣਾਉਣਾ। (CREATING A DATABASE OBJECT)

## ਸਬੰਧਤ ਜਾਣਕਾਰੀ

ਕਈ ਤਰਾਂ ਦੀਆਂ ਕਿਸਮਾਂ ਡੀ.ਬੀ.ਐਮ.ਐਸ /ਆਰ. ਡੀ.ਬੀ.ਐਮ.ਐਸ (DBMS/RDBMS) ਦੇ ਉਪਲੱਬਧ ਹਨ। ਇਸ ਅਭਿਆਸ ਵਿੱਚ ਤੁਸੀ ਇੱਕ ਓਪਨ ਸੋਰਸ ਆਰ. ਡੀ.ਬੀ.ਐਮ.ਐਸ ਓਪਨ ਆਫਿਸ ਬੇਸ (OpenOffice Base) ਬਾਰੇ ਸਿੱਖੋਗੇ।

### ਓਪਨ ਆਫਿਸ ਬੇਸ ਨੂੰ ਚਲਾਉਣਾ (LaunchingOpenoffice)

- ਓਪਨ ਆਫਿਸ ਬੇਸ ਨੂੰ ਚਲਾਉਣ ਲਈ **Start→ Programs→ OpenOffice.org 3.4.1→OpenOffice.org** ਉੱਤੇ ਕਲਿੱਕ ਕਰੋ । ਇਸ ਤੋਂ ਇਲਾਵਾ ਤੁਸੀ ਜੇਕਰ ਡੈਸਕਟਾਪ ਉੱਤੇ ਓਪਨ ਆਫਿਸ ਬੇਸ ਦਾ ਸ਼ਾਰਟਕਟ ਉਪਲੱਬਧ ਹੈ ਤਾਂ ਉਸ ਉੱਤੇ ਡਬਲ ਕਲਿੱਕ ਕਰਕੇ ਵੀ ਇਸ ਨੂੰ ਚਲਾ ਸਕਦੇ ਹੋ । ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਸਣੀ ਚਾਹੀਦੀ ਹੈ :




ਡਾਟਾਬੇਸ ਆਪਸ਼ਨ ਨੂੰ ਚੁਣੋ ਬੇਸ ਐਪਲੀਕੇਸ਼ਨ ਨੂੰ ਚਲਾਉਣ ਲਈ ।

ਹੇਠਾਂ ਅਨੁਸਾਰ ਕਰਕੇ ਤੁਸੀ ਸਿੱਧੇ ਹੀ OpenOffice Base ਐਪਲੀਕੇਸ਼ਨ ਨੂੰ ਚਲਾ ਸਕਦੇ ਹੋ:

- **Start→ Programs→OpenOffice.org 3.4.1→OpenOffice.org Base** ਉੱਤੇ ਕਲਿੱਕ ਕਰੋ । ਤੁਹਾਨੂੰ ਡਾਟਾਬੇਸ ਵਿਜ਼ਾਰਡ ਰਾਹੀਂ ਡਾਟਾਬੇਸ ਬਣਾਉਣ ਲਈ ਨਿਰਦੇਸ਼ ਦਿੱਤਾ ਜਾਂਦਾ ਹੈ । ਤੁਹਾਨੂੰ ਹੇਠਾਂ ਅਨੁਸਾਰ ਇੱਕ ਡਾਇਆਲਾਗ ਬਾਕਸ ਦਿਖਾਇਆ ਜਾਵੇਗਾ :




**“Create a new database”** ਆਪਸ਼ਨ ਨੂੰ ਚੁਣ ਕੇ ਤੁਸੀ ਇੱਕ ਨਵਾਂ ਡਾਟਾਬੇਸ ਬਣਾ ਸਕਦੇ ਹੋ। ਤੁਸੀ ਇੱਕ ਪਹਿਲਾਂ ਤੋਂ ਮੌਜੂਦ ਡਾਟਾਬੇਸ ਫਾਈਲ ਜਿਸ ਨੂੰ ਤੁਸੀ ਪਹਿਲਾ ਬਣਾ ਚੁੱਕੇ ਹੋ ਨੂੰ **“Open an existing database file”** ਆਪਸ਼ਨ ਵਰਤ ਕੇ ਵੀ ਖੋਲ ਸਕਦੇ ਹੋ ।

**Next** ਉੱਤੇ ਕਲਿੱਕ ਕਰੋ । ਹੇਠਾਂ ਅਨੁਸਾਰ ਇੱਕ ਡਾਇਆਲਾਗ ਬਾਕਸ ਦਿਸਦਾ ਹੈ:




**Finish** ਉੱਤੇ ਕਲਿੱਕ ਕਰੋ । ਹੇਠਾਂ ਅਨੁਸਾਰ **Save As** ਡਾਇਆਲਾਗ ਬਾਕਸ ਦਿਸਦਾ ਹੈ:




ਫੀਲਡ *"File name:"* ਵਿੱਚ ਡਾਟਾਬੇਸ ਦਾ ਨਾਮ ਨਿਰਧਾਰਿਤ ਕਰੋ ਅਤੇ ***Save*** ਉੱਤੇ ਕਲਿੱਕ ਕਰੋ। ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਖਾਈ ਦੇਵੇਗੀ :




ਹੁਣ ਜੋ ਤੁਸੀ ਡਾਟਾਬੇਸ ਬਣਾਇਆ ਹੈ ਅਗਲੇ ਕੁੱਝ ਸੈਸ਼ਨਾਂ ਵਿੱਚ ਦਿੱਤੇ ਅਨੁਸਾਰ ਉਸ ਡਾਟਾਬੇਸ ਨਾਲ ਤੁਸੀ ਨਾਲ ਕੰਮ ਕਰ ਸਕਦੇ ਹੋ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਇੱਕ ਡਾਟਾਬੇਸ ਬਣਾਓ । |

## ਮੁਲਾਂਕਣ (ASSESSMENT)

### ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. OpenOffice.Org Base ਦੀ ਵਰਤੋਂ ਨਾਲ ਬਣਾਏ ਗਏ ਡਾਟਾਬੇਸ ਦੀ ਫਾਈਲ ਐਕਸਟੈਂਸ਼ਨ ਕੀ ਹੈ ?
2. OpenOffice.Org Base ਦੀ ਵਰਤੋਂ ਨਾਲ ਮੈਨੇਜ ਕੀਤੇ ਜਾ ਸਕਣ ਵਾਲੇ ਕਿਸੇ 3 ਫਾਰਮੈਟਸ ਦੀ ਸੂਚੀ ਬਣਾਓ।

## ਸੈਸ਼ਨ 5: ਇੱਕ ਟੇਬਲ ਬਣਾਉਣਾ (Creating a table)

### ਸੰਬੰਧਤ ਜਾਣਕਾਰੀ

ਟੇਬਲ ਇੱਕ ਡਾਟਾਬੇਸ ਦੀ ਮੁੱਢਲੀ ਲੋੜ ਹੈ । ਤੁਸੀ ਡਾਟਾਬੇਸ ਵਿੱਚ ਡਾਟਾ ਟੇਬਲਾਂ ਦੇ ਰੂਪ ਵਿੱਚ ਸਟੋਰ ਕਰਦੇ ਹੋ । ਪਿਛਲੀ ਅਭਿਆਸ ਵਿੱਚ ਤੁਸੀ ਸਿੱਖਿਆਂ ਹੈ ਕਿ ਓਪਨ ਆਫਿਸ ਵਿੱਚ ਡਾਟਾਬੇਸ ਆਬਜੈਕਟ ਕਿਵੇਂ ਬਣਾਈ ਜਾਂਦੀ ਹੈ ।

ਇਸ ਅਭਿਆਸ ਵਿੱਚ ਤੁਸੀ ਸਿੱਖੋਗੇ ਕਿ ਡਾਟਾਬੇਸ ਵਿੱਚ ਟੇਬਲ ਕਿਵੇਂ ਬਣਾਏ ਜਾਂਦੇ ਹਨ ।

ਡਾਟਾਬੇਸ ਬਣਾਉਣ ਤੋਂ ਬਾਅਦ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਖਾਈ ਦਿੰਦੀ ਹੈ :




Tasks ਦੇ ਹੇਠ ਉਪਲੱਬਧ ਆਪਸ਼ਨ ***Create Table in Design View…*** ਉੱਤੇ ਕਲਿੱਕ ਕਰੋ । ਹੇਠਾਂ ਦਿਖਾਏ ਅਨੁਸਾਰ ਇੱਕ ***Table Design*** ਵਿੰਡੋ ਦਿਖਾਈ ਦਿੰਦੀ ਹੈ :




ਫੀਲਡ ਟਾਈਪ (Field type) ਡਰਾਪਡਾਊਨ ਲਿਸਟ ਦੇ ਹੇਠ ਬਣਾਉਣ ਲਈ ਉਪਲੱਬਧ ਢੁੱਕਵੀਂ ਕਿਸਮ ਨੂੰ ਚੁਣ ਕੇ ਫੀਲਡ ਨਾਮ ਅਤੇ ਡਾਟਾ ਟਾਈਪ ਨਿਰਧਾਰਿਤ ਕਰੋ ।

ਹੁਣ ਹੇਠਾਂ ਦਿਖਾਏ ਅਨੁਸਾਰ ਦਿੱਤੇ ਗਏ ਫੀਲਡਾਂ ਨਾਲ ਇੱਕ ਟੇਬਲ ਬਣਾਓ :

ਹਰੇਕ ਫੀਲਡ ਲਈ ਫੀਲਡ ਨਾਮ ਅਤੇ ਡਾਟਾ ਟਾਈਪ ਨਿਰਧਾਰਿਤ ਕਰੋ । ਉਦਾਹਰਣ ਲਈ ਟੇਬਲ ਵਿੱਚ ਨੇਮ (Name) ਫੀਲਡ ਹੈ ਅਤੇ ਨੇਮ (Name) ਦੀ ਡਾਟਾ ਟਾਈਪ TEXT [VARCHAR] ਹੈ। ਤੁਸੀ ਫੀਲਡ ਵੈਲਯੂ ਦੀ ਲੰਬਾਈ ਨਿਰਧਾਰਿਤ ਕਰ ਸਕਦੇ ਹੋ ।

| Field Name | Data type | Length |
| --- | --- | --- |
| Name | VARCHAR | 50 |
| Rollno | TINYINT | 3 |
| DOB | Date | DD/MM/YY |
| Class | Char | 1 |
| Phone | INTEGER | 10 |
| Email | VARCHAR | 75 |
| Color | VARCHAR | 15 |
| Location | VARCHAR | 30 |

ਫੀਲਡ ਵੇਰੀਏਬਲਾਂ ਲਈ ਫੀਲਡ ਨਾਮ ਅਤੇ ਡਾਟਾ ਟਾਈਪ ਨਿਰਧਾਰਿਤ ਕਰਨ ਤੋਂ ਬਾਅਦ ਹੇਠਾਂ ਦਿਖਾਏ ਅਨੁਸਾਰ ਟੇਬਲ ਨੂੰ ***File→Save*** ਉੱਤੇ ਕਲਿੱਕ ਕਰਕੇ ਸੇਵ ਕਰੋ ।




ਟੇਬਲ ਦਾ ਨਾਮ ਦਿਓ । ਡਿਫਾਲਟ ਨਾਮ Table1 ਹੈ। ***OK*** ਉੱਤੇ ਕਲਿੱਕ ਕਰੋ ।




ਹੇਠਾਂ ਅਨੁਸਾਰ ਇੱਕ ਡਾਇਆਲਾਗ ਬਾਕਸ ਦਿਸਦਾ ਹੈ :




ਜੋ ਟੇਬਲ ਤੁਸੀ ਹੁਣੇ ਬਣਾਇਆ ਹੈ ਉਸ ਲਈ ਤੁਹਾਨੂੰ ਪ੍ਰਾਇਮਰੀ ਕੀਅ ਸੈੱਟ ਕਰਨ ਲਈ ਪੁਛਿਆ ਜਾਂਦਾ ਹੈ । ਪ੍ਰਾਇਮਰੀ ਕੀਅ ਸੈੱਟ ਕਰਨ ਲਈ ਤੁਸੀ ਢੁੱਕਵੀਂ ਆਪਸ਼ਨ ਚੁਣ ਸਕਦੇ ਹੋ ਜਾਂ ਟੇਬਲ ਨੂੰ ਪ੍ਰਾਇਮਰੀ ਕੀਅ ਤੋਂ ਬਿਨਾ ਛੱਡ ਦਿਓ ।

ਜੇਕਰ ਤੁਸੀ ***Yes*** ਉੱਤੇ ਕਲਿੱਕ ਕਰਦੇ ਹੋ ਤਾਂ ਐਪਲੀਕੇਸ਼ਨ ਪਹਿਲੇ ਬਣਾਏ ਗਏ ਫੀਲਡ ਲਈ ਆਪਣੇ ਆਪ ਪ੍ਰਾਇਮਰੀ ਕੀਅ ਸੈੱਟ ਕਰੇਗੀ । ਜੇਕਰ ਤੁਸੀ ***no*** ਉੱਤੇ ਕਲਿੱਕ ਕਰਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਸਣੀ ਚਾਹੀਦੀ ਹੈ:




ਟੇਬਲ ਸੈਕਸ਼ਨ ਦੇ ਹੇਠ ਦਿਸਦੇ ਅਤੇ ਬਣਾਏ ਗਏ SDetails ਨਾਮ ਦੇ ਟੇਬਲ ਨੂੰ ਨੋਟ ਕਰੋ ।

ਹੇਠਲੇ ਰਿਕਾਰਡਸ ਬਣਾਓ:

| Name | Rollno | DOB | Class | Phone | Email | Color | Location |
|---|---|---|---|---|---|---|---|
| Ravi Kaul | 23 | 13/08/99 | X | 123456 | ravikaul@gmail.com | Blue | Delhi |
| Bijendar Dalal | 13 | 15/01/99 | X | 567889 | dalal@gmail.com | Green | Mumbai |
| Radha Swami | 7 | 01/02/00 | X | 234353 | radhasw@gmail.com | Orange | Gujarat |
| Vikas Maheswari | 32 | 17/11/98 | X | 233445 | vikawari@gmail.com | Blue | Maharashtra |
| Vimla Rani | 14 | 23/09/99 | X | 242526 | vimla99@gmail.com | Yellow | Orissa |
| Sandhya Reddy | 26 | 19/12/98 | X | 213141 | sandhyared@gmail.com | Blue | Delhi |

ਟੇਬਲ ਵਿੱਚ ਕੀਮਤ ਦਾਖਲ ਕਰਨ ਲਈ, ਸਿਰਫ ਟੇਬਲ ਦੇ ਨਾਮ ਉੱਤੇ ਡਬਲ ਕਲਿੱਕ ਕਰੋ । ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਸਣੀ ਚਾਹੀਦੀ ਹੈ:




ਐਕਸਲ ਸ਼ੀਟ ਵਿੱਚ ਮੁਹੱਈਆ ਕਰਵਾਏ ਗਏ ਡਾਟੇ ਦੇ ਨਾਲ ਟੇਬਲ ਵਿੱਚ ਰਿਕਾਰਡ ਟਾਈਪ ਕਰਨਾ ਸ਼ੁਰੂ ਕਰੋ ਅਤੇ ਟੇਬਲ ਵਿੱਚ ਡਾਟਾ ਸੇਵ ਕਰਨ ਲਈ File→ Savecurrent record ਚੁਣੋ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1. | ਇੱਕ ਟੇਬਲ ਬਣਾਓ ਅਤੇ ਇਸ ਵਿੱਚ ਡਾਟਾ ਭਰੋ। |
| 2. | ਹੇਠਾਂ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਵਰਤੋਂ ਕਰਕੇ ਆਪਣੇ ਅਕੈਡਮਿਕ ਰਿਕਾਰਡ ਸਟੋਰ ਕਰਨ ਲਈ ਇੱਕ ਡਾਟਾਬੇਸ ਬਣਾਓ :<br>• ਆਪਣੇ ਡਾਟਾਬੇਸ ਦੀ ਫਾਈਲ ਦੇ ਨਾਮ ਲਈ ਆਪਣਾ ਰੋਲ ਨੰਬਰ ਵਰਤੋ।<br>• ਫੀਲਡ ਜਿਵੇਂ ਕਿ subject name, required score, passing score ਅਤੇ your percentage ਬਣਾਓ। |

- ਸਬਜੈਕਟ ਨੇਮ ਫੀਲਡ ਨੂੰ ਪ੍ਰਾਇਮਰੀ ਕੀਅ ਵਜੋਂ ਸੈੱਟ ਕਰੋ। ਆਪਣੇ ਡਾਟਾਬੇਸ ਨੂੰ ਹਾਲ ਹੀ ਦੇ ਪ੍ਰੀਖਿਆ ਨਤੀਜੇ ਨਾਲ ਤਿਆਰ ਕਰੋ ।

## ਮੁਲਾਂਕਣ (ASSESSMENT)

### ਖਾਲੀ ਥਾਵਾਂ ਭਰੋ:

1. ___________ ਇੱਕ ਡਾਟਾਬੇਸ ਦੀ ਮੁੱਢਲੀ ਲੋੜ ਹੈ ।
2. ਇੱਕ ਟੇਬਲ ਨੂੰ ਡਿਜ਼ਾਇਨ ਕਰਨ ਲਈ ਤੁਹਾਨੂੰ ਟਾਸਕ ਦੇ ਹੇਠ ___________ ਦੇ ਵਿੱਚ ਉਪਲੱਬਧ ___________ ਆਪਸ਼ਨ ਚੁਣਨ ਦੀ ਜਰੂਰਤ ਹੈ ।

## ਸੈਸ਼ਨ 6: ਫਾਰਮ ਬਣਾਉਣਾ (Building forms)।

## ਸਬੰਧਤ ਜਾਣਕਾਰੀ

ਇੱਕ ਫਾਰਮ ਯੂਜ਼ਰ ਨੂੰ ਡਾਟਾਬੇਸ ਦੇ ਵਿੱਚ ਯੋਜਨਾਬੱਧ ਤਰੀਕੇ ਨਾਲ ਜਾਣਕਾਰੀ ਸਟੋਰ ਕਰਨ ਦੀ ਸੁਵਿਧਾ ਮੁਹੱਈਆ ਕਰਵਾਉਂਦਾ ਹੈ।ਇਹ ਸਿੱਧੇ ਹੀ ਡਾਟਾਬੇਸ ਆਬਜੈਕਟ ਵਿੱਚ ਟੇਬਲਾਂ ਦੀ ਤਰਾਂ ਇੱਕ ਯੂਜ਼ਰ ਦੁਆਰਾ ਨਿਰਧਾਰਿਤ ਲੇਆਉਟ ਇੰਟਰਫੇਸ ਵਿੱਚ ਯੂਜ਼ਰ ਨੂੰ ਡਾਟਾ ਦੇਖਣ, ਭਰਨ ਅਤੇ ਬਦਲਣ ਦੀ ਸੁਵਿਧਾ ਦਿੰਦਾ ਹੈ ।

ਇਸ ਅਭਿਆਸ ਵਿੱਚ ਤੁਸੀ ਇੱਕ ਫਾਰਮ ਬਣਾਉਣਾ ਸਿੱਖੋਗੇ ।

ਇੱਕ ਫਾਰਮ ਬਣਾਉਣ ਲਈ, ਡਾਟਾਬੇਸ ਸੈਕਸ਼ਨ ਦੇ ਹੇਠ ਉਪਲੱਬਧ ***Forms*** ਆਪਸ਼ਨ ਉੱਤੇ ਕਲਿੱਕ ਕਰੋ। (ਤਸਵੀਰ ਹੇਠਾਂ ਹੈ।)




ਟਾਸਕ ਗਰੁੱਪ ਦੇ ਹੇਠ ***Use Wizard to Create Form…*** ਆਪਸ਼ਨ ਉੱਤੇ ਕਲਿੱਕ ਕਰੋ। ਹੇਠਾਂ ਅਨੁਸਾਰ ਇੱਕ ਫਾਰਮ ਵਿਜ਼ਾਰਡ (Form Wizard) ਡਾਇਆਲਾਗ ਬਾਕਸ ਦਿਸਦਾ ਹੈ:




ਤੁਸੀ ਫੀਲਡ ਦਾ ਨਾਮ ਚੁਣ ਕੇ ਅਤੇ ਬਟਨ > ਉੱਤੇ ਕਲਿੱਕ ਕਰਕੇ, ਚੁਣੀਂਦਾ ਫੀਲਡਾਂ ਨੂੰ ਚੁਣ ਸਕਦੇ ਹੋ । ਤੁਸੀ ਡਾਟਾਬੇਸ ਵਿੱਚ ਅਲੱਗ-2 ਫੀਲਡਾਂ ਨੂੰ ਜਾਂ ਸਾਰਿਆਂ ਨੂੰ ਚੁਣ ਸਕਦੇ ਹੋ ।

ਟੇਬਲ ਦੇ ਸਾਰੇ ਫੀਲਡਾਂ ਨੂੰ ਫਾਰਮ ਵਿੱਚ ਵਰਤਣ ਲਈ ਬਟਨ >> ਉੱਤੇ ਕਲਿੱਕ ਕਰੋ ।

**Fields in the forms** ਸੈਕਸ਼ਨ ਹੇਠ ਦਿਖਾਏ ਗਏ ਫੀਲਡਾਂ ਨੋਟ ਕਰੋ (ਤਸਵੀਰ ਅੱਗੇ ਹੈ) ।




***Next*** > ਉੱਤੇ ਕਲਿੱਕ ਕਰੋ । ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ***Set up a sub form*** ਸਟੈਪ ਡਾਇਅਲਾਗ ਬਾਕਸ ਵਿਜ਼ਾਰਡ ਦਿਖਾਈ ਦਿੰਦਾ ਹੈ :




ਜੇਕਰ ਤੁਹਾਨੂੰ ਟੇਬਲ ਵਿੱਚ ਕੰਟੈਂਟ ਦਾਖਲ ਕਰਨ ਦੀ ਲੋੜ ਹੈ ਤਾਂ ਤੁਸੀ ਅਲੱਗ ਫਾਰਮ ਵਿੱਚ ***Add Subform*** ਆਪਸ਼ਨ ਚੁਣ ਸਕਦੇ ਹੋ । ***Next*** > ਉੱਤੇ ਕਲਿੱਕ ਕਰੋ।

ਹੁਣ ਤੁਹਾਨੂੰ ਫਾਰਮ ਵਿੱਚ ਚੁਣੇ ਹੋਏ ਫੀਲਡ ਅਰੇਂਜ ਕਰਨ ਦੀ ਲੋੜ ਹੈ । ਤੁਸੀ ਹੇਠਾਂ ਦਿਖਾਈ ਗਈ ਸੂਚੀ ਵਿੱਚੋਂ ਅਲੱਗ-2 ਸਟਾਈਲਾਂ ਨੂੰ ਵਰਤ ਸਕਦੇ ਹੋ :




ਇੱਕ ਵਾਰੀ ਚੁਣਨ ਤੋਂ ਬਾਅਦ ***Next*** > ਉੱਤੇ ਕਲਿੱਕ ਕਰੋ।

ਇੱਕ ਡਾਇਆਲਾਗ ਬਾਕਸ ਦਿਖਾਈ ਦਿੰਦਾ ਹੈ ਜਿਥੋਂ ਤੁਸੀ ਡਾਟਾ ਐਂਟਰੀ ਮਾਡਲ ਚੁਣ ਸਕਦੇ ਹੋ ।




***Next*** > ਉੱਤੇ ਕਲਿੱਕ ਕਰੋ । ਤੁਹਾਨੂੰ ਇੱਕ ਡਾਇਆਲਾਗ ਬਾਕਸ ਦਿਸਣਾ ਚਾਹੀਦਾ ਹੈ ਜਿਥੋਂ ਤੁਸੀ ਫਾਰਮ ਦੇ ਵਿੱਚ ਵਰਤੇ ਜਾਣ ਵਾਲੇ ਸਟਾਈਲ ਨੂੰ ਨਿਰਧਾਰਿਤ ਕਰ ਸਕਦੇ ਹੋ ।




***Next*** > ਉੱਤੇ ਕਲਿੱਕ ਕਰੋ । ਤੁਹਾਨੂੰ ਇੱਕ ਡਾਇਆਲਾਗ ਬਾਕਸ ਦਿਸਦਾ ਹੈ ਜਿਥੇ ਤੁਸੀ ਫਾਰਮ ਦਾ ਨਾਮ ਦੇ ਸਕਦੇ ਹੋ। ***Finish*** ਉੱਤੇ ਕਲਿੱਕ ਕਰੋ ।




ਇੱਕ ਫਾਰਮ ਵਿੰਡੋ ਦਿਖਾਈ ਦਿੰਦੀ ਹੈ । ਜੋ ਫਾਰਮ ਤੁਸੀ ਹੁਣੇ ਬਣਾਇਆ ਹੈ ਉਸ ਦੇ ਵਿਚ ਨੋਟ ਕਰੋ ਕਿ ਟੇਬਲ ਦੇ ਵਿੱਚ ਰਿਕਾਰਡ ਆਪਣੇ ਆਪ ਦਿਖਾਈ ਦਿੰਦੇ ਹਨ ।




ਜਿਵੇਂ ਕਿ ਹੇਠਾਂ ਦਿਖਾਇਆ ਗਿਆ ਹੈ ਤੁਸੀਂ ਸਭ ਤੋਂ ਹੇਠਾਂ ਸਥਿਤ ਚਿੰਨ੍ਹ  ਉੱਤੇ ਕਲਿੱਕ ਕਰਕੇ ਫਾਰਮ ਦੀ ਵਰਤੋਂ ਨਾਲ ਟੇਬਲ ਵਿੱਚ ਨਵਾਂ ਰਿਕਾਰਡ ਦਾਖਲ ਕਰ ਸਕਦੇ ਹੋ ।




ਇੱਕ ਵਾਰੀ ਜਦੋਂ ਤੁਸੀ ਚਿੰਨ  ਉੱਤੇ ਕਲਿੱਕ ਕਰ ਦਿੰਦੇ ਹੋ ਤਾਂ ਤੁਹਾਡੇ ਸਾਹਮਣੇ ਰਿਕਾਰਡ ਬਣਾਉਣ ਲਈ ਇੱਕ ਵਿੰਡੋ ਦਿਖਾਈ ਜਾਵੇਗੀ (ਤਸਵੀਰ ਹੇਠਾਂ ਹੈ)




ਪਿਛਲੇ ਸੈਸ਼ਨ ਵਿੱਚ ਤੁਸੀ ਡਿਜ਼ਾਇਨ ਵਿਊ ਦੀ ਵਰਤੋਂ ਕਰਕੇ ਰਿਕਾਰਡ ਬਣਾਉਣਾ ਸਿੱਖਿਆ ਹੈ । ਹੇਠਾਂ ਦਿਖਾਏ ਅਨੁਸਾਰ ਤੁਸੀ ਫਾਰਮ ਦੀ ਵਰਤੋਂ ਕਰਕੇ ਰਿਕਾਰਡ ਦਾਖਲ ਕਰ ਸਕਦੇ ਹੋ। ਹੇਠਾਂ ਦਿਖਾਏ ਅਨੁਸਾਰ ਬਾਕਸ ਵਿੱਚ ਦਿੱਤੇ ਹੋਏ ਡਾਟੇ ਨੂੰ ਟੈਕਸਟ ਬਾਕਸ ਵਿੱਚ ਟਾਈਪ ਕਰੋ ।

| | |
|---|---|
| Name | Gautam |
| Rollno | 43 |
| DOB | 10/12/99 |
| Class | X |
| Phone | 325476 |
| Color | Pink |
| Email | gautam43@gmail.com |
| Location | Assam |

ਸੇਵ ਕੀਤੇ ਗਏ ਰਿਕਾਰਡ ਨੂੰ ਵੇਖਣ ਲਈ ਟੇਬਲ ਸੈਕਸ਼ਨ ਦੇ ਹੇਠ SDetails (ਟੇਬਲ ਨਾਮ) ਉੱਤੇ ਡਬਲ ਕਲਿੱਕ ਕਰੋ। ਹੇਠਾਂ ਅਨੁਸਾਰ ਇੱਕ ਵਿੰਡੋ ਦਿਖਾਈ ਦੇਵੇਗੀ। ਨੋਟ ਕਰੋ ਕਿ ਜੋ ਰਿਕਾਰਡ ਤੁਸੀ ਫਾਰਮ ਦੀ ਵਰਤੋ ਕਰਕੇ ਬਣਾਇਆ ਹੈ ਉਹ ਵੀ ਦੂਜੇ ਰਿਕਾਰਡਸ ਦੇ ਨਾਲ ਦਿਖਾਈ ਦਿੰਦਾ ਹੈ (ਤਸਵੀਰ ਹੇਠਾਂ ਹੈ)।


SDetails - Sample - OpenOffice.org Base: Table Data View

File Edit View Insert Tools Window Help

| ID | Name | Rollno | DOB | Class | Phone | Email | Color | Location |
|---|---|---|---|---|---|---|---|---|
| 1 | Ravi Kaul | 23 | 12/08/99 | X | 123456 | ravikaul@gmail.com | Blue | Delhi |
| 2 | Bijendar Dalal | 13 | 12/30/99 | X | 567889 | dalal@gmail.com | Green | Mumbai |
| 3 | Radha Swami | 7 | 01/02/00 | X | 234353 | radhasw@gmail.com | Orange | Gujarat |
| 4 | Vikas maheswari | 32 | 12/30/99 | X | 233445 | vikawari@gmail.com | Blue | Maharashtra |
| 5 | Vimla Rani | 14 | 12/30/99 | X | 242526 | vimla99@gmail.com | Yellow | Orissa |
| 6 | Sandhya Reddy | 26 | 12/30/99 | X | 213141 | sandhyared@gmail.com | Blue | Delhi |
| 7 | Gautam | 43 | 10/12/99 | X | 325476 | Gautam99@gmail.com | Pink | Assam |

Record 7 of 7 (1)

ਹੁਣ ਫਾਰਮ ਦੀ ਵਰਤੋਂ ਕਰਕੇ 3 ਹੋਰ ਰਿਕਾਰਡ ਐਂਟਰ ਕਰੋ ਅਤੇ ਉੱਪਰ ਦੱਸੇ ਢੰਗ ਨਾਲ ਉਹਨਾਂ ਨੂੰ ਵੇਖੋ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਇੱਕ ਫਾਰਮ ਬਣਾਓ। |
| 2 | ਫਾਰਮ ਦੀ ਵਰਤੋਂ ਨਾਲ ਇੱਕ ਟੇਬਲ ਵਿੱਚ ਡਾਟਾ ਐਂਟਰ ਕਰੋ। |
| 3 | ਪਿਛਲੇ ਸੈਸ਼ਨ ਵਿੱਚ ਬਣਾਏ ਅਕੈਡਮਿਕ ਡਾਟਾਬੇਸ ਲਈ ਫਾਰਮ ਬਣਾਓ। ਫਾਰਮ ਦੀ ਵਤਰੋਂ ਕਰਕੇ ਅਕੈਡਮਿਕ ਡਾਟਾਬੇਸ ਨੂੰ ਨਤੀਜੇ ਦੇ ਅੰਕਾਂ ਨਾਲ ਦਿਖਾਓ। |

## ਮੁਲਾਂਕਣ (ASSESSMENT)

ਖਾਲੀ ਥਾਵਾਂ ਭਰੋ:

1. ____________ਯੂਜ਼ਰ ਨੂੰ ਯੋਜਨਾਬੱਧ ਤਰੀਕੇ ਨਾਲ ਡਾਟਾਬੇਸ ਵਿੱਚ ਜਾਣਕਾਰੀ ਸਟੋਰ ਕਰਨ ਦੀ ਆਗਿਆ ਦਿੰਦਾ ਹੈ।
2. ____________ਯੂਜ਼ਰ ਨੂੰ ਡਾਟਾਬੇਸ ਆਬਜੈਕਟਸ ਜਿਵੇਂ ਕਿ ਟੇਬਲ ਵਿੱਚ ਸਿੱਧੇ ਹੀ ਡਾਟਾ ਵੇਖਣ, ਭਰਨ ਅਤੇ ਬਦਲਣ ਦੀ ਸੁਵਿਧਾ ਦਿੰਦਾ ਹੈ।
3. ਇੱਕ ਫਾਰਮ ਬਣਾਉਣ ਲਈ ਤੁਹਾਨੂੰ ਡਾਟਾਬੇਸ ਸੈਕਸ਼ਨ ਵਿੱਚੋਂ ____________ਆਪਸ਼ਨ ਚੁਣਨ ਦੀ ਲੋੜ ਹੈ।

## ਸੈਸ਼ਨ 7 : ਕੁਆਇਰੀ ਬਣਾਉਣਾ ਅਤੇ ਮੈਨੇਜ ਕਰਨਾ। (Create and manage queries)

### ਸਬੰਧਤ ਜਾਣਕਾਰੀ

ਟੇਬਲ ਬਣਾਉਣ ਅਤੇ ਉਹਨਾਂ ਵਿੱਚ ਡਾਟਾ ਐਂਟਰ ਕਰਨ ਤੋਂ ਬਾਅਦ ਹੁਣ ਤੁਸੀ ਕੁਝ ਜਾਣਕਾਰੀ ਕੱਢਣਾ ਚਾਹੁੰਦੇ ਹੋ। ਇਹ ਉਹ ਸਮਾਂ ਹੈ ਜਦੋਂ ਤੁਸੀ ਡਾਟਾਬੇਸ ਨੂੰ ਪ੍ਰਸ਼ਨ ਪੁੱਛਦੇ ਹੋ ਜਾਂ ਕੁਏਰੀ (query ) ਕਰਦੇ ਹੋ। ਜਿਵੇਂ ਕਿ ਨਾਮ ਤੋਂ ਪਤਾ ਚੱਲਦਾ ਹੈ ਕਿ ਕੁਏਰੀ ਕਾਫੀ ਸਾਰੇ ਡਾਟੇ ਵਿੱਚੋਂ ਕੁਝ ਖਾਸ ਜਾਣਕਾਰੀ ਇਕੱਠੀ ਕਰਨ ਲਈ ਹੁੰਦੀ ਹੈ। ਇੱਕ ਕੁਏਰੀ ਵੱਖ ਵੱਖ ਟੇਬਲਾਂ ਵਿੱਚੋਂ ਜਾਣਕਾਰੀ ਨੂੰ ਜੋੜਨ (join) ਦਾ ਕੰਮ ਕਰਦੀ ਹੈ ਅਤੇ ਉਸ ਜਾਣਕਾਰੀ (information) ਨੂੰ ਫਿਲਟਰ ਕਰਦੀ ਹੈ।

ਫਿਲਟਰਿੰਗ ਦਾ ਮਤਲਬ ਹੈ ਕੁਏਰੀ ਇੱਕ ਮਾਪਦੰਡ(criteria) ਨੂੰ ਵਰਤਦੀ ਹੈ ਜੋ ਤੁਸੀ ਇਸ ਨੂੰ ਮੁਹੱਈਆ ਕਰਵਾਉਂਦੇ ਹੋ, ਕੁਝ ਡਾਟੇ ਨੂੰ ਛੁਪਾਉਣ ਲਈ ਅਤੇ ਸਿਰਫ ਉਸ ਡਾਟੇ ਨੂੰ ਦਿਖਾਉਣ ਲਈ ਜੋ ਤੁਸੀ ਵੇਖਣਾ ਚਾਹੁੰਦੇ ਹੋ।

ਕੁਝ ਆਰ.ਡੀ.ਬੀ.ਐਮ.ਐਸ (RDBMS) ਕੁਏਰੀ ਨੂੰ ਬਣਾਉਣ ਲਈ ਗ੍ਰਾਫੀਕਲ ਦਿੱਖ ਮੁਹੱਈਆ ਕਰਵਾਉਂਦੇ ਹਨ, ਜਿਆਦਾਤਰ ਆਰ.ਡੀ.ਬੀ.ਐਮ.ਐਸ ਇਸ ਤਰਾਂ ਨਹੀਂ ਕਰਦੇ। ਫਿਰ ਇੱਥੇ ਤੁਸੀ ਐਸ.ਕਿਉ.ਐਲ "SQL" (ਜਿਸ ਨੂੰ ਕਿ ਸਿੱਕਲ ਕਿਹਾ ਜਾਂਦਾ ਹੈ) ਜਾਂ ਸਟਰਕਚਰਡ ਕਿਊਰੀ ਲੈਂਗੁਏਜ (Structured Query Language) ਦੀ ਵਰਤੋ ਕਰਦੇ ਹੋ। ਕੁਏਰੀ ਲੈਂਗੁਏਜ਼ਸ ਕੰਪਿਊਟਰ ਦੀਆਂ ਭਾਸ਼ਾਵਾਂ ਹਨ ਜਿਹਨਾਂ ਦੀ ਵਰਤੋਂ ਡਾਟਾਬੇਸ ਜਾਂ ਇਨਫਾਰਮੇਸ਼ਨ ਸਿਸਟਮ ਵਿੱਚੋਂ ਪ੍ਰਸ਼ਨ ਪੁੱਛਣ ਲਈ ਕੀਤੀ ਜਾਂਦੀ ਹੈ।ਕੁਏਰੀਆਂ ਉਹ ਕਮਾਂਡਜ਼ ਹਨ ਜਿਹਨਾਂ ਦੀ ਵਰਤੋਂ ਡਾਟਾ ਸਟਰਕਚਰ ਨੂੰ ਪ੍ਰਭਾਸ਼ਿਤ ਕਰਨ ਅਤੇ ਡਾਟਾਬੇਸ ਵਿੱਚ ਡਾਟਾ ਮੈਨੀਪੁਲੇਟ ਕਰਨ ਲਈ ਵੀ ਕੀਤੀ ਜਾਂਦੀ ਹੈ।

ਇੱਕ SELECT ਸਟੇਟਮੈਂਟ ਇੱਕ ਜਾਂ ਜਿਆਦਾ ਡਾਟਬੇਸ ਟੇਬਲ ਜਾਂ ਡਾਟਾਬੇਸ ਵਿਊ ਵਿੱਚੋਂ ਸਿਰਫ ਜਾਂ ਜਿਆਦਾ ਰੋਅ ਪ੍ਰਾਪਤ (retrieves) ਕਰਦੀ ਹੈ।ਜਿਆਦਾਤਰ ਐਪਲੀਕੇਸ਼ਨਾਂ ਵਿੱਚ SELECT ਸਟੇਟਮੈਂਟ ਸਭ ਤੋਂ ਜਿਆਦਾ ਆਮ ਵਰਤੀ ਜਾਣ ਵਾਲੀ ਡਾਟਾ ਮੈਨੀਪੁਲੇਸ਼ਨ ਲੈਂਗੁਏਜ਼ (DML) ਕਮਾਂਡ ਹੈ।

ਸਿਲੈਕਟ ਸਟੇਟਮੈਂਟ ਦੇ ਕੋਲ ਕਈ ਵਿਕਲਪਕ ਮੱਦਾਂ (optional clauses) ਹਨ:

- WHERE: ਇਹ ਨਿਰਧਾਰਿਤ ਕਰਨ ਲਈ ਕਿ ਕਿਹੜੀਆਂ ਰੋਅਜ਼ (rows) ਪ੍ਰਾਪਤ ਕਰਨੀਆਂ ਹੈ।
- ORDER BY: ਉਹ ਕ੍ਰਮ ਨਿਰਧਾਰਿਤ ਕਰਦੀ ਹੈ ਜਿਸ ਵਿੱਚ ਰੋਅਜ਼ (rows) ਰਿਟਰਨ ਹੁੰਦੀਆਂ ਹਨ।

ਟੇਬਲ ਵਿੱਚੋਂ ਸਾਰੇ ਕਾਲਮ ਪ੍ਰਾਪਤ ਕਰਨ ਲਈ ਸਿਨਟੈਕਸ ਇਹ ਹੈ: **SELECT * FROM TABLENAME;**

ਕੁਏਰੀ ਨੂੰ ਚਲਾਉਣ ਲਈ ਡਾਟਾਬੇਸ ਸੈਕਸ਼ਨ ਦੇ ਹੇਠ ਖੱਬੇ ਪਾਸੇ ਉਪਲੱਬਧ **Queries** ਆਪਸ਼ਨ ਉੱਤੇ ਕਲਿੱਕ ਕਰੋ।

ਹੇਠਾਂ ਦਿਖਾਏ ਅਨੁਸਾਰ ***Create Query in SQL View*** ਉੱਤੇ ਕਲਿੱਕ ਕਰੋ।




ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਖਾਈ ਦੇਵੇਗੀ:




ਤੁਸੀ ਉਪਰਲੀ ਵਿੰਡੋ ਵਿੱਚ ਕੁਏਰੀ ਟਾਈਪ ਕਰ ਸਕਦੇ ਹੋ ਅਤੇ ਤੁਸੀ ਫੰਕਸ਼ਨ ਕੀਅ ਦੀ ਵਰਤੋ ਨਾਲ ਜਾਂ ਵਿੰਡੋ ਵਿੱਚ ਆਈਕਨ ਉੱਤੇ ਕਲਿੱਕ ਕਰਕੇ ਇਸ ਨੂੰ ਚਲਾ (execute) ਸਕਦੇ ਹੋ ।

ਉਦਾਹਰਣ ਲਈ ਜੇਕਰ ਤੁਸੀ ਟੇਬਲ ਵਿੱਚ ਸਾਰਾ ਡਾਟਾ ਵੇਖਣਾ ਚਾਹੁੰਦੇ ਹੋ, ਜੋ ਤੁਸੀ ਪਿਛਲੇ ਸੈਸ਼ਨ ਵਿੱਚ ਬਣਾਇਆ ਸੀ ਤਾਂ **"select"** ਸਟੇਟਮੈਂਟ ਇਸ ਤਰਾਂ ਲਿਖੀ ਜਾਵੇਗੀ: ***select * from SDetails;***

ਕੁਏਰੀ ਨੂੰ ਚਲਾਉਣ ਤੋਂ ਬਾਅਦ **"select"** ਕੁਏਰੀ ਦਾ ਨਤੀਜਾ ਹੇਠਾਂ ਅਨੁਸਾਰ ਦਿਖਾਇਆ ਜਾਵੇਗਾ:




| ID | Name | Rollno | DOB | Class | Phone | Email | Color | Location |
|---|---|---|---|---|---|---|---|---|
| 1 | Ravi Kaul | 23 | 13/08/99 | X | 123456 | ravikaul@ | Blue | Delhi |
| 2 | Bijendar D | 13 | 15/01/99 | X | 567889 | dalal@gm | Green | Mumbai |
| 3 | Radha Sw | 7 | 01/02/00 | X | 234353 | radhasw( | Orange | Gujarat |
| 4 | Vikas Mah | 32 | 17/11/98 | X | 233445 | vikawari( | Blue | Maharashtra |
| 5 | Vimla Rani | 14 | 23/09/99 | X | 242526 | vimla99@ | Yellow | Orissa |
| 6 | Sandhya F | 26 | 19/12/99 | X | 213141 | sandhyar | Blue | Delhi |
| 7 | Gautam | 43 | 10/12/99 | X | 325476 | gautam4' | Pink | Assam |

ਉਹਨਾਂ ਵਿਦਿਆਰਥੀਆਂ ਦੀ ਸੂਚੀ ਪ੍ਰਾਪਤ ਕਰਨ ਲਈ ਜਿਹਨਾਂ ਦਾ ਮਨਭਾਉਂਦਾ ਰੰਗ ਨੀਲਾ ਹੈ ਤੁਸੀ ਇਸ ਦੀ ਵਰਤੋਂ ਕਰ ਸਕਦੇ ਹੋ:

***select * from SDetails where Color ='Blue'.***

ਕੁਏਰੀ ਨੂੰ ਚਲਾਉਣ ਤੋਂ ਬਾਅਦ **"select"** ਕੁਏਰੀ ਦਾ ਨਤੀਜਾ ਹੇਠਾਂ ਅਨੁਸਾਰ ਦਿਖਾਇਆ ਜਾਵੇਗਾ:




| ID | Name | Rollno | DOB | Class | Phone | Email | Color | Location |
|---|---|---|---|---|---|---|---|---|
| 1 | Ravi Kaul | 23 | 13/08/99 | X | 123456 | ravikaul@ | Blue | Delhi |
| 4 | Vikas Mah | 32 | 17/11/98 | X | 233445 | vikawari( | Blue | Maharashtra |
| 6 | Sandhya F | 26 | 19/12/99 | X | 213141 | sandhyar | Blue | Delhi |

ਟੇਬਲ ਵਿੱਚੋਂ ਰੋਲ ਨੰਬਰਾਂ ਦਾ ਰਿਕਾਰਡ ਵਧਦੇ ਕ੍ਰਮ ਵਿੱਚ ਵੇਖਣ ਲਈ **"select"** ਸਟੇਟਮੈਂਟ ਇਸ ਤਰਾਂ ਲਿਖੀ ਜਾਵੇਗੀ

select * from “SDetails” order by “Rollno” ASC;




ਤੁਸੀ Insert, Update and Delete ਕਮਾਂਡਾਂ ਦੀ ਵਰਤੋਂ ਕਰਕੇ ਰਿਕਾਰਡ ਨੂੰ ਸ਼ਾਮਲ (add), ਸੋਧ (modify ), ਅਤੇ ਡੀਲੀਟ (Delete) ਕਰ ਸਕਦੇ ਹੋ । ਐਸ.ਕਿਉ.ਐਲ ਕਮਾਂਡ ਨੂੰ ਟਾਈਪ ਕਰਨ ਅਤੇ ਚਲਾਉਣ ਲਈ Tools → SQL ਉੱਤੇ ਕਲਿੱਕ ਕਰੋ । ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਖਾਈ ਦੇਵੇਗੀ:




ਤੁਸੀ “Command to execute” ਥਾਂ ਵਿੱਚ ਐਸ.ਕਿਉ.ਐਲ਼ (SQL) ਕਮਾਂਡਾਂ ਨੂੰ ਟਾਈਪ ਕਰ ਸਕਦੇ ਹੋ ਅਤੇ ”execute” ਉੱਤੇ ਕਲਿੱਕ ਕਰੋ ।

## INSERT ਸਟੇਟਮੈਂਟ

INSERT ਸਟੇਟਮੈਂਟ ਦੀ ਵਰਤੋ ਡਾਟਾਬੇਸ ਵਿੱਚ ਇੱਕ ਜਾਂ ਜਿਆਦਾ ਰਿਕਾਰਡ ਸ਼ਾਮਲ ਕਰਨ ਲਈ ਕੀਤੀ ਜਾਂਦੀ ਹੈ । “INSERT” ਸਟੇਟਮੈਂਟ ਦਾ ਆਮ ਸਿੰਟੈਕਸ ਹੇਠਾ ਦਿਖਾਇਆ ਗਿਆ ਹੈ:

INSERT INTO table (column1, column2, column3 ...) VALUES (value1, value2,value3 ...)
ਪਹਿਲਾਂ ਬਣਾਏ ਗਏ ਡਾਟਾਬੇਸ ਵਿੱਚ ਇੱਕ ਰਿਕਾਰਡ ਸ਼ਾਮਲ ਕਰਨ ਲਈ ਹੇਠਾਂ ਅਨੁਸਾਰ ਟਾਈਪ ਕਰੋ ਅਤੇ Execute ਉੱਤੇ ਕਲਿੱਕ ਕਰੋ।
insert into “SDetails” (“ID”, “Name”, “Rollno”, “DOB”, “Class” , “Phone”, “Email”, “Color”, “Location”) values (‘8’, ‘ Ranjith Singh’,’ 67' , ’12-03-99',’X’ , ‘435363’ , ‘ ranjth99@gmail.com’ , ‘White’, ‘Bihar’);
ਟੇਬਲ ਵਿੱਚ ਡਾਟਾ ਦਾਖਲ ਕਰਨ ਤੋਂ ਬਾਅਦ, ਅਪਡੇਟ ਕੀਤੇ ਹੋਏ ਟੇਬਲ ਨੂੰ ਵੇਖਣ ਲਈ select ਕੁਏਰੀ ਦੀ ਵਰਤੋਂ ਕਰੋ।ਕੁਏਰੀ ਚੱਲਣ ਤੋਂ ਬਾਅਦ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਖਾਈ ਦੇਵੇਗੀ:




## UPDATE ਸਟੇਟਮੈਂਟ

**UPDATE** ਸਟੇਟਮੈਂਟ ਦੀ ਵਰਤੋਂ ਡਾਟਾਬੇਸ ਵਿੱਚ ਰਿਕਾਰਡਸ ਵਿੱਚ ਸੋਧ (modify) ਕਰਨ ਲਈ ਕੀਤੀ ਜਾਂਦੀ ਹੈ ।
**UPDATE** ਸਟੇਟਮੈਂਟ ਦਾ ਆਮ ਸਿੰਟੈਕਸ ਹੇਠਾਂ ਅਨੁਸਾਰ ਹੈ:
**UPDATE table_name SET column_name = value [, column_name = value ...]**
**[WHERE condition]**
**UPDATE** ਸਟੇਟਮੈਂਟ ਦੀ ਵਰਤੋਂ ਨਾਲ ਰਿਕਾਰਡ ਅਪਡੇਟ ਕਰਨ ਲਈ ਹੇਠਾਂ ਅਨੁਸਾਰ ਟਾਈਪ ਕਰੋ ਅਤੇ **Execute** ਉੱਤੇ ਕਲਿੱਕ ਕਰੋ ।
**update "SDetails" set "Location"='Bhubaneswar' where "Rollno"=14;**
ਅਪਡੇਟ ਕੀਤੇ ਗਏ ਟੇਬਲ ਨੂੰ ਵੇਖਣ ਲਈ **select** ਕੁਏਰੀ ਨੂੰ ਚਲਾਓ। ਕੁਏਰੀ ਚਲਾਉਣ ਤੋਂ ਬਾਅਦ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਖਾਈ ਦੇਵੇਗੀ:




## DELETE ਸਟੇਟਮੈਂਟ

**DELETE** ਸਟੇਟਮੈਂਟ ਦੀ ਵਰਤੋਂ ਡਾਟਾਬੇਸ ਵਿੱਚੋਂ ਇੱਕ ਜਾਂ ਇੱਕ ਤੋਂ ਜਿਆਦਾ ਰਿਕਾਰਡਜ਼ ਨੂੰ ਡੀਲੀਟ ਕਰਨ ਲਈ ਕੀਤੀ ਜਾਂਦੀ ਹੈ । **DELETE** ਸਟੇਟਮੈਂਟ ਦਾ ਆਮ ਸਿੰਟੈਕਸ ਹੇਠਾਂ ਅਨੁਸਾਰ ਹੈ:
**DELETE FROM "table_name" [WHERE] condition;**
ਪਹਿਲਾਂ ਬਣਾਏ ਗਏ ਟੇਬਲ ਵਿੱਚੋਂ ਇੱਕ ਰਿਕਾਰਡ ਨੂੰ **DELETE** ਸਟੇਟਮੈਂਟ ਦੀ ਵਰਤੋਂ ਨਾਲ ਡੀਲੀਟ ਕਰਨ ਲਈ ਹੇਠਾਂ ਅਨੁਸਾਰ ਟਾਈਪ ਕਰੋ ਅਤੇ Execute ਉੱਤੇ ਕਲਿੱਕ ਕਰੋ।
**delete from "SDetails" where ID=8;**

ਅਪਡੇਟ ਕੀਤੇ ਗਏ ਟੇਬਲ ਨੂੰ ਵੇਖਣ ਲਈ **select** ਕੁਏਰੀ ਨੂੰ ਚਲਾਓ । ਕੁਏਰੀ ਚਲਾਉਣ ਤੋਂ ਬਾਅਦ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਖਾਈ ਦੇਵੇਗੀ:




| ID | Name | Rollno | DOB | Class | Phone | Email | Color | Location |
|---|---|---|---|---|---|---|---|---|
| 1 | Ravi Kaul | 23 | 12/8/99 | X | 123456 | ravikaul@ | Blue | Delhi |
| 2 | Bijendar Dalal | 13 | 12/30/99 | X | 567889 | dalal@gn | Green | Mumbai |
| 3 | Radha Swami | 7 | 1/2/00 | X | 234353 | radhasw@ | Orange | Gujarat |
| 4 | Vikas maheswari | 32 | 12/30/99 | X | 233445 | vikawari@ | Blue | Maharashtra |
| 5 | Vimla Rani | 14 | 12/30/99 | X | 242526 | vimla99@ | Yellow | Bhubaneswa |
| 6 | Sandhya Reddy | 26 | 12/30/99 | X | 213141 | sandhyar | Blue | Delhi |
| 7 | Gautam | 43 | 10/12/99 | X | 325476 | Gautam9! | Pink | Assam |

Record 1 of 7

```
select * from SDetails;
```

ਨੋਟ ਕਰੋ ਕਿ ਡਾਟਾਬੇਸ ਵਿੱਚੋਂ ਰਿਕਾਰਡ **Roll No 8** ਡੀਲੀਟ ਹੋ ਚੁਕਿਆ ਹੈ ।

**CREATE ਸਟੇਟਮੈਂਟ**

ਕਿਸੇ ਵੀ ਆਰ.ਡੀ.ਬੀ.ਐਮ.ਐਸ ਸਾਫਟਵੇਅਰ ਵਿੱਚ ਡਾਟਾਬੇਸ ਜਾਂ ਟੇਬਲ ਬਣਾਉਣ ਲਈ **CREATE** ਸਟੇਟਮੈਂਟ ਦੀ ਵਰਤੋਂ ਕੀਤੀ ਜਾਂਦੀ ਹੈ । ਆਮ ਵਰਤੀ ਜਾਂਦੀ **CREATE** ਕਮਾਂਡ CREATE TABLE ਕਮਾਂਡ ਹੈ ।

**CREATE** ਸਟੇਟਮੈਂਟ ਦਾ ਆਮ ਸਿੰਟੈਕਸ ਹੇਠਾਂ ਅਨੁਸਾਰ ਹੈ:

**CREATE TABLE TABLENAME ([column definitions]) [table parameters]**

ਕਾਲਮ ਪਰੀਭਾਸ਼ਾ : ਕੌਮੇ ਨਾਲ ਵੱਖ ਕੀਤੀ (comma-separated) ਸੂਚੀ ਵਿੱਚ ਹੇਠਾਂ ਅਨੁਸਾਰ ਕੁਝ ਵੀ ਸ਼ਾਮਲ ਹੋ ਸਕਦਾ ਹੈ

ਕਾਲਮ ਪਰੀਭਾਸ਼ਾ: [column name] [data type] {NULL | NOT NULL} {column options}

ਪ੍ਰਾਇਮਰੀ ਕੀਅ ਪਰੀਭਾਸ਼ਾ: PRIMARY KEY ([comma separated column list])

ਉਦਾਹਰਣ ਲਈ ਜੇਕਰ ਤੁਸੀ ਸਟੇਟਮੈਂਟ ਨੂੰ ਵਰਤ ਕੇ ਟੇਬਲ ਬਣਾਉਣਾ ਚਾਹੁੰਦੇ ਹੋ ਤਾਂ ਹੇਠਾਂ ਅਨੁਸਾਰ ਟਾਈਪ ਕਰੋ ਅਤੇ Execute ਉੱਤੇ ਕਲਿੱਕ ਕਰੋ ।

CREATE TABLE "Employee" ("ID" INTEGER," Name "VARCHAR (50),

"Department" VARCHAR (50),

"Address" VARCHAR (120),

"Contact Number" INTEGER);

ਹੁਣ ਟੇਬਲ ਵਿੱਚ 5 ਰਿਕਾਰਡ ਬਣਾਓ ਅਤੇ ਉਹਨਾਂ ਨੂੰ View, modify ਅਤੇ delete ਕਰਨ ਲਈ ਐਸ.ਕਿਉ.ਐਲ਼ (SQL) ਸਟੇਟਮੈਂਟ ਨੂੰ ਵਰਤੋ

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਪਿਛਲੀ ਅਭਿਆਸ ਵਿੱਚ ਬਣਾਏ ਗਏ ਅਕੇਡਮਿਕ ਡਾਟਾਬੇਸ ਨੂੰ ਖੋਲੋ। |
| 2 | ਪ੍ਰਸ਼ਨ ਪੁੱਛਣ ਲਈ ਸਿਲੈਕਟ (query) ਕੁਏਰੀ ਸਟੇਟਮੈਂਟ ਦੀ ਵਰਤੋ ਕਰੋ ਅਤੇ ਉਹਨਾਂ ਵਿਸ਼ਿਆਂ ਉਤੇ ਸੋਰਟਿੰਗ ਕਰੋ ਜਿਹਨਾਂ ਵਿੱਚੋਂ 50% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ । |
| 3 | ਸਕੂਲ ਲਾਇਬ੍ਰੇਰੀ ਲਈ ਡਾਟਾਬੇਸ ਬਣਾਓ । ਸੰਕੇਤ: book title, cost, provider, availability ਆਦਿ ਦੇ ਲਈ ਫੀਲਡ ਬਣਾਓ । |
| 4 | ਇੱਕ ਗੀਤਾਂ (songs) ਦੇ ਭੰਡਾਰ ਨੂੰ ਬਣਾਈ ਰੱਖਣ ਲਈ ਇੱਕ ਡਾਟਾਬੇਸ ਬਣਾਓ ਸੰਕੇਤ: artist, movie, year released ਆਦਿ ਦੇ ਲਈ ਫੀਲਡ ਬਣਾਓ । |
| 5 | ਜਨਗਣਨਾ ਦਾ ਡਾਟਾ ਇਕੱਠਾ ਕਰਨ ਅਤੇ ਬਣਾਈ ਰੱਖਣ ਲਈ ਡਾਟਾਬੇਸ ਬਣਾਓ।ਸੰਕੇਤ: as First Name, Last Name, DOB, Place of birth, Employment ਆਦਿ ਦੇ ਲਈ ਫੀਲਡ ਬਣਾਓ । |

## ਮੁਲਾਂਕਣ (ASSESSMENT)

**ਖਾਲੀ ਥਾਵਾਂ ਭਰੋ:**

1. ___________ਡਾਟਾਬੇਸ ਵਿੱਚਂ ਡਾਟੇ ਦੇ ਭੰਡਾਰ ਵਿੱਚੋਂ ਖਾਸ ਜਾਣਕਾਰੀ ਇਕੱਠੀ ਕਰਨ ਲਈ ਮਦਦ ਕਰਦੀ ਹੈ ।
2. ___________ਸਟੇਟਮੈਂਟ ਇੱਕ ਜਾਂ ਜਿਆਦਾ ਡਾਟਾਬੇਸ ਟੇਬਲ ਜਾਂ ਡਾਟਾਬੇਸ ਵਿਊ ਵਿੱਚੋਂ ਸਿਫਰ ਜਾਂ ਜਿਆਦਾ ਰੋਅ ਪ੍ਰਾਪਤ (retrieves) ਕਰਦੀ ਹੈ ।
3. ___________ਸਟੇਟਮੈਂਟ ਦੀ ਵਰਤੋ ਡਾਟਾਬੇਸ ਵਿੱਚ ਇੱਕ ਜਾਂ ਜਿਆਦਾ ਰਿਕਾਰਡ ਸ਼ਾਮਲ ਕਰਨ ਲਈ ਕੀਤੀ ਜਾਂਦੀ ਹੈ ।
4. ___________ਸਟੇਟਮੈਂਟ ਦੀ ਵਰਤੋਂ ਡਾਟਾਬੇਸ ਵਿੱਚ ਰਿਕਾਰਡਸ ਵਿੱਚ ਸੋਧ (modify) ਕਰਨ ਲਈ ਕੀਤੀ ਜਾਂਦੀ ਹੈ ।
5. ___________ਸਟੇਟਮੈਂਟ ਦੀ ਵਰਤੋਂ ਡਾਟਾਬੇਸ ਵਿੱਚੋਂ ਇੱਕ ਜਾਂ ਇੱਕ ਤੋਂ ਜਿਆਦਾ ਰਿਕਾਰਡਜ਼ ਨੂੰ ਡੀਲੀਟ ਕਰਨ ਲਈ ਕੀਤੀ ਜਾਂਦੀ ਹੈ ।
6. ਕਿਸੇ ਵੀ ਆਰ.ਡੀ.ਬੀ.ਐਮ.ਐਸ ਸਾਫਟਵੇਅਰ ਵਿੱਚ ਡਾਟਾਬੇਸ ਜਾਂ ਟੇਬਲ ਬਣਾਉਣ ਲਈ ___________ਸਟੇਟਮੈਂਟ ਦੀ ਵਰਤੋਂ ਕੀਤੀ ਜਾਂਦੀ ਹੈ ।

## ਸੈਸ਼ਨ 8: ਰਿਪੋਰਟ ਡਿਜ਼ਾਇਨ ਕਰਨਾ (Design report) ।

## ਸਬੰਧਤ ਜਾਣਕਾਰੀ

ਇਕ ਰਿਪੋਰਟ ਸਾਰੇ ਕੰਮ ਦਾ ਨਤੀਜਾ ਸ਼ਪੱਸ਼ਟ ਰੂਪ ਵਿਚ ਬਣਾਉਣ ਲਈ ਵਰਤੀਂ ਜਾਂਦੀ ਹੈ । ਤੁਸੀ ਡਾਟਾਬੇਸ ਵਿੱਚ ਰਿਪੋਰਟਾਂ ਵੀ ਬਣਾ ਸਕਦੇ ਹੋ ।

ਓਪਨ ਆਫਿਸ ਬੇਸ (OpenOffice base) ਐਪਲੀਕੇਸ਼ਨ ਵਿੱਚ ਡਾਟਾਬੇਸ ਸੈਕਸ਼ਨ ਦੇ ਹੇਠ **Reports** ਉੱਤੇ ਕਲਿੱਕ ਕਰੋ ।

ਜਦੋਂ ਤੁਸੀ ਇੱਕ ਵਾਰੀ ਆਪਸ਼ਨ ਚੁਣ ਲੈਂਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਖਾਈ ਦਿੰਦੀ ਹੈ




ਹੁਣ ਅਸੀਂ ਪਹਿਲਾਂ ਬਣਾਏ ਗਏ ਟੇਬਲ ਲਈ ਰਿਪੋਰਟ ਬਣਾ ਸਕਦੇ ਹਾਂ ।

ਟਾਸਕ ਦੇ ਹੇਠ ਉਪਲੱਬਧ ਆਪਸ਼ਨ ***Use Wizard to Create Report…*** ਉੱਤੇ ਕਲਿੱਕ ਕਰੋ ।

ਇੱਕ ਵਾਰੀ ਜਦੋਂ ਤੁਸੀ **Use Wizard to Create Report…** ਆਪਸ਼ਨ ਚੁਣਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਸਣੀ ਚਾਹੀਦੀ ਹੈ:




ਤੁਹਾਨੂੰ » ਬਟਨ ਨੂੰ ਚੁਣ ਕੇ ਟੇਬਲ ਦੇ ਸਾਰੇ ਫੀਲਡ ਚੁਣਨੇ ਹਨ, ਇੱਕ ਵਾਰੀ ਜਦੋਂ ਤੁਸੀ » ਬਟਨ ਉੱਤੇ ਕਲਿੱਕ ਕਰਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਵਿੰਡੋ ਦਿਸਣੀ ਚਾਹੀਦੀ ਹੈ:




**Next** > ਉੱਤੇ ਕਲਿੱਕ ਕਰੋ ।

ਇਕ ਵਾਰ ਤੁਸੀ **Next** > ਉੱਤੇ ਕਲਿੱਕ ਕਰਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਡਾਇਲਾਗ ਬਾਕਸ ਦਿਖਾਈ ਦੇਵੇਗਾ:




ਤੁਸੀ ਰਿਪੋਰਟ ਵਿਚ ਫੀਲਡ ਦੇ ਲੇਬਲ ਦੀ ਦੁਬਾਰਾ ਪ੍ਰੀਭਾਸ਼ਾ ਦੇ ਸਕਦੇ ਹੋ ਜਾਂ ਤੁਸੀ ਡਿਫਾਲਟ ਨਾਮ ਸੈੱਟ ਕਰ ਸਕਦੇ ਹੋ ।

**Next** > ਉੱਤੇ ਕਲਿੱਕ ਕਰੋ ।

ਇਕ ਵਾਰ ਤੁਸੀ **Next** > ਉੱਤੇ ਕਲਿੱਕ ਕਰਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਡਾਇਲਾਗ ਬਾਕਸ ਦਿਖਾਈ ਦੇਵੇਗਾ:




ਤੁਸੀ ਟੇਬਲ ਦੇ ਫੀਲਡਾਂ ਲਈ ਗਰੁਪਿੰਗ ਦੀ ਪ੍ਰੀਭਾਸ਼ਾ ਦੇ ਸਕਦੇ ਹੋ ।

**Next >** ਉੱਤੇ ਕਲਿੱਕ ਕਰੋ ।

ਇਕ ਵਾਰ ਤੁਸੀ **Next >** ਉੱਤੇ ਕਲਿੱਕ ਕਰਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਡਾਇਲਾਗ ਬਾਕਸ ਦਿਖਾਈ ਦੇਵੇਗਾ:




ਤੁਸੀ ਰਿਪੋਰਟ ਵਿਚ ਵੇਰੀਏਬਲ ਖੇਤਰ ਨੂੰ ਢੁੱਕਵਾਂ ਫੀਲਡ ਅਤੇ ਸੋਰਟਿੰਗ ਦਾ ਤਰੀਕਾ ਚੁਣ ਕੇ ਸੋਰਟ ਕਰ ਸਕਦੇ ਹੋ ।

**Next >** ਉੱਤੇ ਕਲਿੱਕ ਕਰੋ ।

ਇਕ ਵਾਰ ਤੁਸੀ **Next >** ਉੱਤੇ ਕਲਿੱਕ ਕਰਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਡਾਇਲਾਗ ਬਾਕਸ ਦਿਖਾਈ ਦੇਵੇਗਾ:




ਤੁਸੀ ਡਾਟਾ ਡਾਉਨ ਲਿਸਟ ਦੇ ਲੇਅ ਆਉਟ ਹੇਠ ਉਪਲੱਬਧ ਢੁੱਕਵੀਂ ਆਪਸ਼ਨ ਦੀ ਚੋਣ ਕਰਕੇ ਰਿਪੋਰਟ ਦੀ ਲੇਅ ਆਉਟ ਨੂੰ ਚੁਣ ਸਕਦੇ ਹੋ।

**Next >** ਉੱਤੇ ਕਲਿੱਕ ਕਰੋ ।

ਇਕ ਵਾਰ ਤੁਸੀ **Next >** ਉੱਤੇ ਕਲਿੱਕ ਕਰਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਡਾਇਲਾਗ ਬਾਕਸ ਦਿਖਾਈ ਦੇਵੇਗਾ:




ਤੁਸੀ ਰਿਪੋਰਟ ਲਈ ਨਾਮ ਦੀ ਪ੍ਰੀਭਾਸ਼ਾ ਦੇ ਸਕਦੇ ਹੋ ਜਾਂ ਤੁਸੀ ਟੇਬਲ ਦਾ ਆਪਣਾ ਹੀ ਨਾਮ ਰਿਪੋਰਟ ਦੇ ਨਾਮ ਲਈ ਰੱਖ ਸਕਦੇ ਹੋ ।

**Finish** > ਉੱਤੇ ਕਲਿੱਕ ਕਰੋ ।

ਇਕ ਵਾਰ ਤੁਸੀ **Finish** > ਉੱਤੇ ਕਲਿੱਕ ਕਰਦੇ ਹੋ ਤਾਂ ਤੁਹਾਨੂੰ ਹੇਠਾਂ ਦਿਖਾਏ ਅਨੁਸਾਰ ਇੱਕ ਡਾਇਲਾਗ ਬਾਕਸ ਦਿਖਾਈ ਦੇਵੇਗਾ:




ਹੁਣ ਇਕ ਰਿਪੋਰਟ ਬਣਾਉ ਜਿਸ ਵਿਚ ਸਿਰਫ Name, RollNo and Phone details ਸ਼ਾਮਿਲ ਹੋਵੇ । ਰਿਪੋਰਟ ਡਿਜ਼ਾਇਨ ਲਈ ਵੱਖ-2 ਲੇਅ ਆਊਟ ਦੀ ਵਰਤੋਂ ਕਰੋ ।

## ਅਭਿਆਸ

ਹੇਠਲੀਆਂ ਕਿਰਿਆਵਾਂ ਨੂੰ ਕਰੋ

| ਲੜੀ ਨੰ. | ਕਿਰਿਆਵਾਂ |
|---|---|
| 1 | ਟੇਬਲ ਵਿਚੋ ਡਾਟਾ ਦਿਖਾਉਣ ਲਈ ਇਕ ਰਿਪੋਰਟ ਬਣਾਉ । |
| 2 | ਪਹਿਲਾਂ ਬਣਾਇਆ ਅਕੈਡੇਮਿਕ ਡਾਟਾਬੇਸ ਖੋਲੋ । |
| 3 | ਆਪਣੇ ਪੂਰੇ ਅਕੈਡੇਮਿਕ ਸਕੋਰ ਕਾਰਡ ਨੂੰ ਦਿਖਾਉਣ ਲਈ ਡਿਜ਼ਾਈਨ ਕਰੋ । |

## ਮੁਲਾਂਕਣ (ASSESSMENT )

**ਖਾਲੀ ਥਾਵਾਂ ਭਰੋ:**

1. ਇਕ ____________ਸਾਰੇ ਕੰਮ ਦਾ ਨਤੀਜਾ ਸ਼ਪੱਸ਼ਟ ਰੂਪ ਵਿਚ ਬਣਾਉਣ ਲਈ ਵਰਤੀਂ ਜਾਂਦੀ ਹੈ ।
2. ਰਿਪੋਰਟ ਬਣਾਉਣ ਲਈ ਤੁਹਾਨੂੰ ਟਾਸਕ ਹੇਠ ਉਪਲੱਬਧ ____________ਆਪਸ਼ਨ ਨੂੰ ਚੁਣਨ ਦੀ ਜ਼ਰੂਰਤ ਹੈ ।

# ਨੈਸ਼ਨਲ ਵੋਕੇਸ਼ਨਲ ਐਜੂਕੇਸ਼ਨ ਕੁਆਲੀਫਾਈਕੇਸ਼ਨ ਪ੍ਰੋਗਰਾਮ

## ਐੱਨ.ਵੀ.ਈ.ਕਿਊ. ਲੈਵਲ -2

## ਆਈ.ਟੀ. ਸਰਵਿਸ ਡੈਸਕ ਅਟੈਂਡੈਂਟ

## ਸੈਕਟਰ: ਇਨਫਾਰਮੇਸ਼ਨ ਟੈਕਨਾਲੋਜੀ/ ਇਨਫਾਰਮੇਸ਼ਨ ਟੈਕਨਾਲੋਜੀ ਇਨੇਬਲਡ ਸਰਵਿਸਿਜ਼ (IT/TeS)

## ਪੀ.ਐੱਸ.ਐੱਸ. ਸੈਂਟਰਲ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ , ਭੋਪਾਲ

(**NCERT** ਦੇ ਭਾਈਵਾਲ ਦਾ ਇੱਕ ਯੂਨਿਟ ਹੈ, ਮਨੀਸਟਰੀ ਆਫ ਹਿਊਮੈਨ ਰਿਸੋਰਸ ਡਿਵੈਲਪਮੈਂਟ **MHRD** ਦੇ ਹੇਠ ਇਕ ਖੁਦਮੁਖਿਤਆਰ ਸੰਗਠਨ ਹੈ। )

## ਤਤਕਰਾ


| ਲੜੀ ਨੰ. | ਵਿਸ਼ਾ | ਪੇਜ |
|---|---|---|
| 1) | ਜਾਣ ਪਹਿਚਾਣ | 2 |
| 2) | ਸੈਕਟਰ ਬਾਰ | 3 |
| 3) | ਕੋਰਸ ਦਾ ਉਦੇਸ਼ | 4 |
| 4) | ਕੋਰਸ ਦੀ ਬਣਤਰ | 5 |
| 5) | ਸ਼੍ਰੇਣੀ ਦੀ ਕਿਰਿਆਵਾਂ | 5 |
| 6) | ਪ੍ਰਯੋਗੀ ਕਿਰਿਆਵਾਂ | 5 |
| 7) | ਆਨ-ਦਾ-ਜਾਬ-ਟਰੇਨਿੰਗ | 5 |
| 8) | ਸਰਟੀਫਿਕੇਸ਼ਨ | 5 |
| 9) | ਯੋਗਤਾ ਅਧਾਰਿਤ ਇਕਾਈ | 6 |
| IT 201 | ਫੰਕਸ਼ਨਲ ਇੰਗਲਿਸ਼(ਇੰਟਰਮੀਡੀਏਟ) | 6 |
| IT 202 | ਵੈੱਬ ਐਪਲੀਕੇਸ਼ਨ (ਬੇਸਿਕ) | 9 |
| IT 203 | ਵਰਡ ਪ੍ਰੋਸੈਸਿੰਗ( ਇੰਟਰਮੀਡੀਏਟ) | 10 |
| IT 204 | ਸਪਰੈਡਸ਼ੀਟ( ਇੰਟਰਮੀਡੀਏਟ) | 12 |
| IT 205 | ਡਿਜੀਟਲ ਪ੍ਰੈਜੈਂਨਟੇਸ਼ਨ(ਇੰਟਰਮੀਡੀਏਟ) | 15 |
| IT 206 | ਈ-ਮੇਲ ਮੈਸਿਜਿੰਗ (ਇੰਟਰਮੀਡੀਏਟ | 17 |
| IT 207 | ਡਾਟਾਬੇਸ ਡਿਵੈਲਪਮੈਂਟ(ਬੇਸਿਕ) | 18 |
| 10) | ਅਸੈਸਮੈਂਟ ਗਾਇਡ | 19 |
| 11) | ਟੂਲ, ਉਪਕਰਣ ਅਤੇ ਸਟੀਰੀਅਲ ਦੀ ਸੂਚੀ | 20 |
| 12) | ਅਧਿਆਪਕਾਂ ਦੀ ਯੋਗਤਾਵਾਂ | 21 |
| 13) | ਸਹਿਯੋਗ ਦੇਣ ਵਾਲਿਆਂ ਦੀ ਸੂਚੀ | 22 |


## ਜਾਣ ਪਹਿਚਾਣ (Introduction)

ਨੈਸ਼ਨਲ ਵੋਕੇਸ਼ਨਲ ਐਜੂਕੇਸ਼ਨ ਕੁਆਲੀਫਾਈਕੇਸ਼ਨ ਫਰੇਮਵਰਕ (NVEQF) ਮਨੀਸਟਰੀ ਆਫ ਹਿਊਮੈਨ ਰਿਸੋਰਸ ਡਿਵੈਲਪਮੈਂਟ (MHRD) ਦੁਆਰਾ ਵਿਕਸਿਤ ਕੀਤਾ ਗਿਆ ਹੈ। ਭਾਰਤ ਸਰਕਾਰ ਦੀ ਇੱਕ ਵਰਣਾਤਮਕ ਰੂਪਰੇਖਾ ਹੈ ਜੋ ਕਿ ਕਈ ਯੋਗਤਾਵਾਂ ਨੂੰ ਜੋੜਨ ਲਈ ਇੱਕ ਸਾਂਝਾ ਸੰਦਰਭ ਪ੍ਰਦਾਨ ਕਰਦਾ ਹੈ। ਇਹ ਆਮ ਸਿਧਾਂਤਾਂ ਦੀ ਸਥਾਪਨਾ ਲਈ ਵਰਤਿਆ ਜਾਂਦਾ ਹੈ ਅਤੇ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਯੋਗਤਾ ਪ੍ਰਣਾਲੀ ਜਿਸ ਵਿੱਚ ਸਕੂਲ , ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ ਇੰਸਟੀਚਿਊਟਸ, ਟੈਕਨੀਕਲ ਐਜੂਕੇਸ਼ਨ ਇੰਸਟੀਚਿਊਟਸ ਅਤੇ ਕਾਲਜ਼/ ਯੂਨੀਵਰਸਿਟੀਆਂ ਹਨ ਲਈ ਦਿਸ਼ਾ ਨਿਰਦੇਸ਼ ਦਿੰਦਾ ਹੈ।

NVEQF ਯੋਗਤਾਵਾਂ ਨੂੰ ਗਿਆਨ ਅਤੇ ਮੁਹਾਰਤਾਂ ਦੇ ਇਕ ਪੱਧਰਾਂ ਦੀ ਇੱਕ ਲੜਾਈ ਦੇ ਅਨੁਸਾਰ ਯੋਗਤਾਵਾਂ ਨੂੰ ਸਗਠੰਤ ਕਰਦੀ ਹੈ। ਇਹਨਾਂ ਪੱਧਰਾਂ (levels) ਨੂੰ ਸਿੱਖਣ ਦੇ ਪਰੀਣਾਮਾਂ ਅਨੁਸਾਰ ਪਰਭਾਸ਼ਿਤ ਕੀਤਾ ਜਾਂਦਾ ਹੈ ਮਤਲਵ ਸਮਰੱਥਾਵਾਂ (ਗਿਆਨ, ਕੁਸ਼ਲਤਾ ਅਤੇ ਰਵੱਈਆ) ਜੋ ਕਿ ਸਿੱਖਿਆਰਥੀਆਂ ਵਿੱਚ ਹੋਣੀ ਚਾਹੀਦੀਆਂ ਹਨ ਇਹ ਧਿਆਨ ਦਿੱਤੇ ਬਿਨਾ ਕਿ ਭਾਂਵੇਂ ਕਿ ਇਹ ਰਸਮੀ, ਗੈਰ-ਰਸਮੀ ਜਾਂ ਰਸਮੀ ਸਿੱਖਿਆ ਅਤੇ ਟਰੇਨਿੰਗ ਪ੍ਰਣਾਲੀ ਦੁਆਰਾ ਗ੍ਰਹਿਣ ਕੀਤੇ ਗਏ ਹੋਣ।ਯੋਗਤਾਵਾਂ ਸਿੱਖਣ ਦੀਆਂ ਇਕਾਈਆਂ ਜਾਂ ਨਿਪੁਨੰਤਾ ਦੀ ਇਕਾਈ ਦੇ ਖਾਸ ਖੇਤਰ ਲਈ ਕਿੱਤਾ ਮੁਖੀ ਮਿਆਰ ਦੀਆਂ ਬਣੀਆਂ ਹਨ।ਯੋਗਤਾ ਦੀ ਇਕਾਈ ਗਿਆਨ ਅਤੇ ਹੁਨਰ ਦੇ ਨਿਰਧਾਰਕ ਹਨ ਅਤੇ ਕੰਮ ਦੇ ਸਥਾਨ ਵਿਚ ਹੋਣ ਦੀ ਉਮੀਦ ਦੀ ਕਾਰਗੁਜ਼ਾਰੀ ਦੇ ਮਿਆਰ ਨੂੰ ਕਰਨ ਲਈ ਹੈ, ਜੋ ਕਿ ਉਸ ਗਿਆਨ ਅਤੇ ਹੁਨਰ ਦੇ ਕਾਰਜ ਹਨ।ਯੋਗਤਾ ਦੇ ਇਕਾਈ ਜਾਂ ਰਾਸ਼ਟਰੀ ਕਿੱਤਾ ਮਿਆਰ(National Occupation Standards) ਦੇ ਵਿੱਚ ਸਧਾਰਨ ਅਤੇ ਤਕਨੀਕੀ ਕੁਸ਼ਲਤਾ ਸ਼ਾਮਲ ਹੈ,ਜੋ ਕਿ ਕਿਸੇ ਕਰਮਚਾਰੀ ਕੋਲ ਹੋਣੀ ਚਾਹੀਦੀਆਂ ਹਨ, ਸਬੰਧਤ ਆਰਥਕ ਜਾਂ ਸਮਾਜਕ ਖੇਤਰ ਦੀ ਮਹਾਰਤ ਪਰਿਸ਼ਦ ਵੱਲੋ ਤੈਅ ਕੀਤੀ ਗਈਆਂ ਹਨ।

ਯੋਗਤਾ ਨੂੰ ਇਸ ਤਰਾਂ ਪਰਿਭਾਸ਼ਿਤ ਕੀਤਾ ਗਿਆ ਹੈ ਇੱਕ ਵਿਅਕਤੀ ਨੂੰ ਕੀ ਕਰਨ ਦੀ ਲੋੜ ਹੈ, ਇਹ ਕਿਸ ਹਾਲਾਤ ਅਧੀਨ ਕੀਤਾ ਗਿਆ ਹੈ ਅਤੇ ਇਹ ਕਿੰਨਾ ਵਧੀਆ (ਮਿਆਰ) ਕੀਤਾ ਜਾਣਾ ਹੈ।ਇਹ ਮੁੱਖ ਰੂਪ ਵਿੱਚ ਬੁਨਿਆਦੀ(foundational ), ਅਮਲੀ (practical)ਅਤੇ ਰਿਫਲੈਕਸਿਵ(reflexive) ਕੁਸ਼ਲਤਾ ਵਿੱਚ ਵੰਡਿਆ ਜਾ ਸਕਦਾ ਹੈ।

ਇੱਕ ਵਿਅਕਤੀ ਲਈ ਆਮ ਕੁਸ਼ਲਤਾ ਨੂੰ ਕਾਰਜ ਬਲ ਵਿੱਚ ਅਸਰਦਾਰ ਤਰੀਕੇ ਨਾਲ ਹਿੱਸਾ ਲੈਣ ਲਈ ਜ਼ਰੂਰੀ ਮੰਨਿਆ ਗਿਆ ਹੈ, ਜਦ ਕਿ ਤਕਨੀਕੀ ਕੁਸ਼ਲਤਾ ਇੱਕ ਵਿਅਕਤੀ ਦੀ ਕਿਸੇ ਖਾਸ ਗਰੁੱਪ ਦੇ ਕੰਮਾਂ ਵਿੱਚ ਗਿਆਨ ਅਤੇ ਮੁਹਾਰਤ ਹੈ ਅਤੇ ਇਹ ਇਸ ਦੇ ਨਿਯਮਾਂ ਅਤੇ ਰੈਗੂਲੇਸ਼ਨਾਂ ਨੂੰ ਪ੍ਰੋਸੈਸ ਕਰਦਾ ਹੈ। NVEQF ਦੇ ਵੱਖ ਵੱਖ ਪਹਿਲੂਆਂ ਉਤੇ ਇੱਕ ਕਾਰਜਕਾਰੀ ਆਦੇਸ਼ ਐਫ. ਨੰ. (F.No.)14 / 2011 VE ਮਿਤੀ 3 ਸਤੰਬਰ, 2012 ਨੂੰ ਮਾਨਵ ਸਰੋਤ ਵਿਕਾਸ ਮੰਤਰਾਲੇ (MHRD) ਦੁਆਰਾ ਜਾਰੀ ਕੀਤਾ ਗਿਆ ਹੈ। NVEQF ਦੇ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਮਾਨਵ ਸਰੋਤ ਵਿਕਾਸ ਮੰਤਰਾਲੇ (MHRD) ਦੀ ਵੈਬਸਾਈਟ mhrd.gov.in. 'ਤੇ ਜਾਓ।

ਇਹ ਸ਼ਬਦ ਪਾਠ–ਪ੍ਰਣਾਲੀ ਅੰਗਰੇਜ਼ੀ ਭਾਸ਼ਾ ਦੇ ਸ਼ਬਦ "curriculam" (ਬਹੁਬਚਨ: curriculam ਜਾਂ curriculams ) ਦਾ ਪੰਜਾਬੀ ਅਨੁਵਾਦ ਹੈ। ਇਹ ਸ਼ਬਦ "curriculam" ਲਾਤੀਨੀ ਸ਼ਬਦ "*race course*" ਤੋਂ ਬਣਾਇਆ ਗਿਆ ਹੈ, ਜੋ ਕਿ ਕੰਮਾਂ ਦੇ ਕੋਰਸ ਅਤੇ ਤਜਰਬਿਆ ਦਾ ਜ਼ਿਕਰ ਹੈ , ਤਾਂ ਜੋ ਬੱਚੇ ਪ੍ਰੋੜ ਇਨਸਾਨ ਬਣਨ ਲਈ ਵਧਣ, ਇੱਕ ਯੋਗਤਾ ਅਧਾਰਿਤ ਪਾਠਕ੍ਰਮ ਇਹ ਦੱਸਦਾ ਹੈ ਕਿ ਸਿੱਖਿਆਥੀ ਨੂੰ ਪੜ੍ਹਾਈ ਅਤੇ ਪ੍ਰੋਗਰਾਮ ਤੋਂ ਬਾਅਦ ਲਾਜ਼ਮੀ ਤੌਰ 'ਤੇ ਕੀ ਜਾਣਨਾ ਚਾਹੀਦਾ ਹੈ ਅਤੇ ਸਿੱਖਿਆਥੀ ਕੀ ਕਰਨ ਦੇ ਕਾਬਿਲ ਹੋਣਾ ਚਾਹੀਦਾ ਹੈ।ਇਹ ਉਹਨਾ ਨਿਪੁਨੰਤਾ ਅਤੇ ਉਪ–ਨਿਪੁੰਨਤਾ ਦੀ ਪਛਾਣ ਕਰਦੀ ਹੈ ਜਿਹਨਾਂ ਬਾਰੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਸਿਖਿਆਰਥੀ ਉਹਨਾ ਦਾ ਮਾਹਰ ਹੋਵੇ ।ਇਹ ਮਾਪਦੰਡ ਅਤੇ ਸ਼ਰਤਾਂ ਨੂੰ ਸ਼ਪੱਸ਼ਟ ਰੂਪ ਵਿਚ ਬਿਆਨ ਕਰਦਾ ਹੈ ਜਿਹਨਾਂ ਦੇ ਆਧਾਰ 'ਤੇ ਕਾਰਗੁਜ਼ਾਰੀ ਦਾ ਪਰੀਖਣ ਕੀਤਾ ਜਾਵੇਗਾ। ਇਹ ਸਿੱਖਣ ਦੇ ਕੰਮਾਂ ਨੂੰ ਵੀ ਪ੍ਰਭਾਸ਼ਿਤ ਕਰਦਾ ਹੈ ਜੋ ਕਿ ਸਿੱਖਿਆਰਥੀ ਨੂੰ ਸਿੱਖਣ ਦੇ ਨਤੀਜੇ ਵਿੱਚ ਉਹਨਾਂ ਮੁਹਾਰਤ ਵੱਲ ਲੈ ਜਾਵੇਗੀ ਜਿਹਨਾਂ ਦਾ ਟੀਚਾ ਰੱਖਿਆ ਗਿਆ ਹੈ। ਯੋਗਤਾ ਅਧਾਰਿਤ ਪਾਠਕ੍ਰਮ ਠੋਸ ਭਾਗਾਂ ਵਿੱਚ ਵੰਡਿਆ ਹੋਇਆ ਹੈ ਜਿਸਨੂੰ ਕਿ ਇਕਾਈ ਦੇ ਤੌਰ ਤੇ ਜਾਣਿਆ ਜਾਂਦਾ ਹੈ।ਹਰ ਯੂਨਿਟ ਨੂੰ ਇਸ ਆਧਾਰ 'ਤੇ ਹੋਰ ਗਿਆਨ ਅਤੇ ਹੁਨਰ ਵਿੱਚ ਵੰਡਿਆ ਹੋਇਆ ਹੈ ਕਿ ਸਿੱਖਣ ਵਾਲੇ ਨੇ ਸਬੂਤ ਦੇਣਾ ਹੈ ਅਤੇ ਅਧਿਆਪਕ ਜਾਂ ਸਿਖਲਾਈਦਾਰ ਨੇ ਮੁਲਾਂਕਣ ਕਰਨਾ ਹੈ।

## ਸੈਕਟਰ ਬਾਰੇ (**About the Sector**)

ਸੂਚਨਾ ਤਕਨੀਕ ਅਤੇ ਸੂਚਨਾ ਇਨੇਬਲਡ ਸਰਵਿਸਜ਼ (Information Technology (IT) and Information Technology enabled Services (ITeS)) ਭਾਰਤੀ ਅਰਥ ਵਿਵਸਥਾ ਦੇ ਵਾਧੇ ਲਈ ਇੱਕ ਸਭ ਤੋਂ ਮਹੱਤਵਪੂਰਨ ਉਤਪਰੇਰਕ ਹੈ।ਆਈ.ਟੀ. ਇੰਡਸਟਰੀ ਨੂੰ ਸਿਰਫ ਰੁਜਗਾਰ ਦੇ ਹੀ ਪੱਖ ਤੋਂ ਨਹੀਂ ਬਲਕਿ ਨੈਟਵਰਕਿੰਗ ਅਤੇ ਸੋਸ਼ਲ ਵੈਬਸਾਈਟਸ ਦੁਆਰਾ ਵੀ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਆਈ.ਟੀ. ਇੰਡਸਟਰੀ ਦੇ ਮੁੱਖ ਭਾਗ ਹਨ : ਆਈ.ਟੀ. ਸੇਵਾਵਾਂ, ਬਿਜਨਸ ਪ੍ਰੋਸੈਸ ਆਉਟਸੋਰਸਿੰਗ (**BPO**), ਇੰਜੀਨਿਅਰਿੰਗ ਸਰਵਿਸਜ਼, ਰੀਸਰਚ ਅਤੇ ਡਿਵੈਲਪਮੈਂਟ ਅਤੇ ਉਤਪਾਦ ਹਨ।

ਭਾਰਤ ਵਿੱਚ ਬਣਾਏ ਜਾਣ ਵਾਲੇ ਆਈ.ਟੀ. ਉਤਪਾਦ ਸਰਵਰ, ਵਰਕਸਟੇਸ਼ਨ, ਸੁਪਰ ਕੰਪਿਊਟਰ, ਡਾਟਾ ਪ੍ਰੋਸੈਸਿੰਗ ਯੰਤਰ, ਪ੍ਰਿੰਟਰ, ਡਿਜ਼ੀਟਾਈਜ਼ਰ, ਨੈਟਵਰਕਿੰਗ ਉਤਪਾਦ ਆਦਿ ਹਨ। ਜਿਆਦਾਤਰ ਆਈ.ਟੀ. ਨਾਲ ਸਬੰਧਤ ਐਕਟੀਵਿਟੀਜ ਬੈਂਕਿੰਗ, ਫਾਈਨੈਂਸਿੰਗ ਸਰਵਿਸ਼ਜ ਅਤੇ ਇਨਸ਼ੋਰੈਂਸ (BFSI), ਟੈਲੀਕਮਿਊਨੀਕੇਸ਼ਨ, ਮੈਨੂਫੈਕਚਰਿੰਗ ਅਤੇ ਰਿਟੇਲ ਦੇ ਉੱਤੇ ਕੇਂਦਰਿਤ ਹਨ।

ਭਾਰਤੀ ਆਈ.ਟੀ. ਇੰਡਸਟਰੀ ਭਾਰਤ ਦੀ (GDP),ਨਿਰਯਾਤ ਅਤੇ ਰੋਜ਼ਗਾਰ ਦੇ ਵਿੱਚ ਕਾਫੀ ਯੋਗਦਾਨ ਪਾ ਰਹੀ ਹੈ। **Information Technology** ਸੈਕਟਰ ਹੋਰ ਜੁੜੇ ਹੋਏ ਖੇਤਰਾਂ ਦੇ ਵਿੱਚ 8.9 ਮਿਲੀਅਨ ਲੋਕਾਂ ਨੂੰ ਰੁਜਗਾਰ ਦਿਵਾਉਣ ਲਈ ਜਿੰਮੇਦਾਰ ਹੈ। ਜਿਵੇਂ ਕਿ ਇਹ ਖੇਤਰ ਹਨ ਕੇਟਰਿੰਗ, ਸੁੱਰਖਿਆ, ਆਵਾਜਾਈ, ਹਾਊਸਕੀਪਿੰਗ ਆਦਿ। ਜਿਹਨਾਂ ਵਿੱਚੋਂ ਜਿਆਦਾਤਰ ਭਾਰਤ ਦੇ ਰੂਰਲ ਖੇਤਰ/ਛੋਟੇ ਸ਼ਹਿਰਾਂ ਨਾਲ ਸਬੰਧਤ ਹਨ।ਇਹ ਖੇਤਰ ਪਿਛਲੇ 15 ਸਾਲਾਂ ਦੇ ਵਿੱਚ ਕਾਫੀ ਵਧਿਆ ਹੈ।ਇਸ ਇੰਡਸਟਰੀ ਦੇ ਕੋਲ 1993 ਦੇ ਵਿੱਚ 150,000 ਕਰਮਚਾਰੀ ਅਤੇ 1999 ਦੇ ਵਿੱਚ ਲੱਗਭਗ 500000 ਕਰਮਚਾਰੀ ਸਨ, ਪਰ ਅੱਜ ਇਸ ਇੰਡਸਟਰੀ ਦੇ ਵਿੱਚ 2.2 ਮਿਲੀਅਨ ਕਰਮਚਾਰੀ ਹਨ।

